**Restaurant Supply** (Wholesaler)
ਉੱਚ ਕੁਆਲਿਟੀ ਦੇ ਭਾਂਡਿਆਂ, ਪਤੀਲੇ, ਕੁੱਕਵੇਅਰ, ਸਰਵਵੇਅਰ, ਕਮਰਸ਼ੀਅਲ ਜੂਸਰ, ਐਸਪਰੈਸੋ ਮਸ਼ੀਨਾਂ ਅਤੇ ਰੈਸਟੋਰੈਂਟ ਸਪਲਾਈ ਲਈ ਹਰ ਤਰ੍ਹਾਂ ਦੇ ਸਾਮਾਨ ਲਈ ਸਾਡੇ ਨਾਲ ਸੰਪਰਕ ਕਰੋ:
1125 Howard Street. Elk Grove Village. IL 60007
Ph: 847-979-5970. 847-979-5990.
847-228-0150, pragint@aol.com
Prag International
Ravi Kapoor (CEO)

Regal Jewels
773-262-4377 www.RegalJewels.c
BUY SILVER, GET A VOUCHER!
22KT 24KT
773-262-4377 2625 W. Devon Ave. Chicago, IL 60659 773-517-0574

Mortgage Loans
Residential & Commercial Mortgages
Licensed Mortgage Loan Originator (NMLS #232904)
Contact Amrik Singh Today!
Proudly Serving the Community for Over 14 Years
312-608-0006
Call Today for a Free Mortgage Consultation!
asingh@gosfmc.com www.gosfmc.com
2700 Patriot Blvd., Suite 110 Glenview IL 60026
NMLS ID #232904
Solutions Financial



Twenty-Sixth Year of Publication
ਮਿਡਵੈਸਟ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 27, Issue 31; August 1, 2026 20451 N. Plum Grove Rd., Palatine, IL 60074 Ph:847-359-0746, Fax:847-705-9388

## ਐਂਟੀ ਪੇਪਰ-ਲੀਕ ਬਿੱਲ ਉੱਤੇ ਲੋਕ ਸਭਾ ਵਿਚ ਤਾਬੜਤੋੜ ਬਹਿਸ

### ਪ੍ਰਧਾਨ ਮੰਤਰੀ ਕੈਮਰਾ ਐਂਗਲ ਦੀ ਥਾਂ ਦਿਲ ਦਾ ਐਂਗਲ ਬਦਲਣ: ਪ੍ਰਿਯੰਕਾ



**ਨਵੀਂ ਦਿੱਲੀ:** ਕੇਂਦਰ ਸਰਕਾਰ ਵਲੋਂ ਲੋਕ ਭਾ ਵਿੱਚ ਪੇਪਰ ਲੀਕ ਵਿਰੁੱਧ ਸਖ਼ਤ ਕਾਨੂੰਨ ਬਣਾਉਣ ਲਈ ਲਿਆਂਦੇ ਗਏ ਬਿੱਲ ਉਤੇ ਵਿਰੋਧੀ ਧਿਰ ਦੇ ਮੈਂਬਰਾਂ ਵਲੋਂ ਤਾਬੜਤੋੜ ਬਹਿਸ ਕੀਤੀ ਗਈ। ਮੈਂਬਰਾਂ ਨੇ ਸਰਕਾਰ ਉਤੇ ਸੰਵੇਦਨਹੀਣਤਾ ਦੇ ਦੋਸ਼ ਲਾਉਂਦੇ ਹੋਏ ਸਰਕਾਰ ਨੂੰ ਸੌੜੀ ਸੋਚ ਵਾਲੀ ਸਰਕਾਰ ਤੱਕ ਕਿਹਾ। ਕਿਹਾ ਗਿਆ ਕਿ ਇਹ ਸਰਕਾਰ ਨੌਜਵਾਨਾਂ ਦੇ ਭਵਿੱਖ ਨਾਲ ਜਾਣ ਬੁੱਝ ਕੇ ਖਿਲਵਾੜ ਕਰ ਰਹੀ ਹੈ। ਬਿੱਲ ਉਤੇ ਬਹਿਸ ਲਈ ਛੇ ਘੰਟੇ ਦਾ ਸਮਾਂ ਰੱਖਿਆ ਗਿਆ ਪਰ ਇਹ ਬਹਿਸ ਮੰਗਲਵਾਰ ਦੇਰ ਰਾਤ ਤੱਕ ਵੀ ਪੂਰੀ ਨਾ ਹੋ ਸਕੀ ਅਤੇ ਲੋਕ ਸਭਾ ਬੁਧਵਾਰ ਤੱਕ ਉਠਾਉਣੀ ਪਈ।

ਲੋਕ ਸਭਾ ਵਿੱਚ ਪ੍ਰਿਅੰਕਾ ਗਾਂਧੀ ਨੇ ਕੇਂਦਰ ਸਰਕਾਰ 'ਤੇ ਸਖ਼ਤ ਨਿਸ਼ਾਨੇ ਸਾਧੇ ਅਤੇ ਪੇਪਰ ਲੀਕ ਅੰਦੋਲਨ ਅਤੇ ਵਿਦਿਆਰਥੀਆਂ 'ਤੇ ਤਸ਼ੱਦਦ ਕਰਨ ਦੇ ਮਾਮਲੇ 'ਤੇ ਸਰਕਾਰ ਨੂੰ ਘੇਰਿਆ। ਵਿਦਿਆਰਥੀਆਂ 'ਤੇ ਅੱਥਰੂ ਗੈਸ, ਲਾਠੀਚਾਰਜ ਅਤੇ ਹਥਿਆਰਾਂ ਦੀ ਵਰਤੋਂ 'ਤੇ ਕੀਤੇ ਸਵਾਲ ਉਠਾਏ। ਪ੍ਰਿਯੰਕਾ ਗਾਂਧੀ ਨੇ ਲੋਕ ਸਭਾ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਸਵਾਲ ਕੀਤਾ ਕਿ ਵਿਦਿਆਰਥੀਆਂ ਉੱਤੇ ਅੱਥਰੂ ਗੈਸ, ਲਾਠੀਚਾਰਜ, ਪੈਲੇਟ ਗੰਨ ਆਦਿ ਵਰਗੇ ਹਥਿਆਰ ਵਰਤਣ ਦੀ ਕੀ ਲੋੜ ਸੀ?

ਉਨ੍ਹਾਂ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਜਵਾਬ ਮੰਗਿਆ ਕਿ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ 'ਤੇ ਪੈਲੇਟ ਗੰਨ ਦੀ ਵਰਤ ਕਰਨ ਦੀ ਇਜਾਜ਼ਤ ਕਿਸ ਨੇ ਦਿੱਤੀ ਸੀ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੇ ਆਪਣੇ ਦੁੱਖ ਨੂੰ ਪ੍ਰਦਰਸ਼ਨਾਂ ਜ਼ਰੀਏ ਜ਼ਾਹਰ ਕੀਤਾ ਸੀ ਅਤੇ ਉਹ ਸਿੱਖਿਆ ਮੰਤਰੀ ਦਾ ਅਸਤੀਫਾ ਅਤੇ ਉਨ੍ਹਾਂ ਲੋਕਾਂ ਖ਼ਿਲਾਫ਼ ਸਖ਼ਤ ਕਾਰਵਾਈ ਚਾਹੁੰਦੇ ਸਨ ਜਿਨ੍ਹਾਂ ਕਾਰਨ ਉਨ੍ਹਾਂ ਦਾ ਭਵਿੱਖ ਖਤਰੇ ਵਿਚ ਸੀ।ਪ੍ਰਿਯੰਕਾ ਗਾਂਧੀ ਨੇ ਪ੍ਰਧਾਨ ਮੰਤਰੀ ਉੱਤੇ ਤੰਨਜ਼ ਕੱਸਦਿਆਂ ਇਹ ਵੀ ਕਿਹਾ ਕਿ ਜੇਕਰ ਤੁਸੀਂ ਨੌਜਵਾਨ ਪੀੜ੍ਹੀ ਦਾ ਭਰੋਸਾ ਜਿੱਤਣਾ ਚਾਹੁੰਦੇ ਹੋ, ਤਾਂ ਵੱਖ-ਵੱਖ ਕੈਮਰੇ ਦੇ ਐਂਗਲਾਂ ਤੋਂ ਵੀਡੀਓ ਬਣਾਉਣ ਨਾਲ ਕੋਈ ਫ਼ਰਕ ਨਹੀਂ ਪਵੇਗਾ। ਉਨ੍ਹਾਂ ਕਿਹਾ ਕਿ ਸ੍ਰੀ ਮੋਦੀ ਨੂੰ ਕੈਮਰੇ ਦੀ ਥਾਂ ਆਪਣੇ ਦਿਲ ਦਾ ਐਂਗਲ ਬਦਲਣ ਦੀ ਲੋੜ ਹੈ।

ਦੇਸ਼ ਦੀ ਸਿੱਖਿਆ ਅਤੇ ਪ੍ਰੀਖਿਆ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਫੇਲ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਪਿਛਲੇ 10 ਸਾਲਾਂ ਵਿੱਚ 152 ਪੇਪਰ ਲੀਕ ਹੋ ਚੁੱਕੇ ਹਨ ਪਰ ਇੱਕ ਵੀ ਮਾਫ਼ੀਆ ਨੂੰ ਸਜ਼ਾ ਨਹੀਂ ਦਿੱਤੀ ਗਈ।ਉਨ੍ਹਾਂ ਦੱਸਿਆ ਕਿ ਸਾਲ 2024 ਵਿੱਚ ਐਂਟੀ-ਪੇਪਰ ਲੀਕ ਬਿੱਲ ਪਾਸ ਹੋਣ ਤੋਂ ਬਾਅਦ ਵੀ ਹੁਣ ਤੱਕ ਇੱਕ ਵੀ ਦੋਸ਼ੀ ਨੂੰ ਸਜ਼ਾ ਨਹੀਂ ਮਿਲੀ ਹੈ। ਇਸ ਤੋਂ ਇਲਾਵਾ ਉਨ੍ਹਾਂ ਫਾਸਟ-ਟਰੈਕ ਕੋਰਟਾਂ ਦੇ ਰਿਕਾਰਡ ਉੱਤੇ ਸਵਾਲ ਉਠਾਉਂਦਿਆਂ ਕਿਹਾ ਕਿ ਇਨ੍ਹਾਂ ਦਾ ਰਿਕਾਰਡ ਬਹੁਤ ਮਾੜਾ ਹੈ ਅਤੇ ਇਸ ਮਾਮਲੇ ਵਿੱਚ ਤਾਂ ਪਹਿਲੀ ਸੁਣਵਾਈ 'ਤੇ ਸੀ.ਬੀ.ਆਈ. ਦਾ ਵਕੀਲ ਹੀ ਪੇਸ਼ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਅੱਜ ਦੀ ਜਨਰੇਸ਼ਨ ਨੂੰ ਸਭ ਪਤਾ ਹੈ ਕਿ ਕੌਣ ਝੂਠ ਬੋਲ ਰਿਹਾ ਹੈ ਤੇ ਕੌਣ ਉਨ੍ਹਾਂ ਨੂੰ ਗੁਮਰਾਹ ਕਰ ਰਿਹਾ ਹੈ।

ਸਰਕਾਰ ਨੇ ਸੋਮਵਾਰ ਨੂੰ ਭਾਰੀ ਹੰਗਾਮੇ ਦਰਮਿਆਨ ਪੇਪਰ ਲੀਕ ਸਮੇਤ ਪ੍ਰੀਖਿਆਵਾਂ ਨਾਲ ਜੁੜੀਆਂ ਗੜਬੜੀਆਂ ਨੂੰ ਸਖ਼ਤੀ ਨਾਲ ਰੋਕਣ ਲਈ ਜਨਤਕ ਪ੍ਰੀਖਿਆਵਾਂ (ਨਾਵਾਜਬ ਸਾਧਨਾਂ ਦੀ ਰੋਕਥਾਮ) ਸੋਧ ਬਿੱਲ-2026 ਲੋਕ ਸਭਾ 'ਚ ਪੇਸ਼ ਕੀਤਾ ਸੀ। ਹੰਗਾਮੇ ਕਾਰਨ ਬਿੱਲ 'ਤੇ ਚਰਚਾ ਨਹੀਂ ਸੀ ਹੋ ਸਕੀ। ਬਾਅਦ 'ਚ ਸਪੀਕਰ ਓਮ ਬਿਰਲਾ ਦੀ ਪਹਿਲ 'ਤੇ ਸਾਰੇ ਦਲਾਂ ਦੇ ਸਿਖਰਲੇ ਆਗੂਆਂ ਨਾਲ ਗੱਲਬਾਤ ਤੋਂ ਬਾਅਦ ਬਿੱਲ 'ਤੇ ਚਰਚਾ ਲਈ ਸਹਿਮਤੀ ਬਣ ਗਈ। ਇਸ ਨਾਲ ਲਗਾਤਾਰ ਹੰਗਾਮੇ ਤੇ ਠੱਪ ਪਏ ਕੰਮਕਾਜ ਤੋਂ

*(ਬਾਕੀ ਸਫ਼ਾ 4 'ਤੇ)*

## ਸ਼ਾਂਤਮਈ ਵਿਰੋਧ ਨਾਗਰਿਕਾਂ ਦਾ ਹੱਕ: ਸੁਪਰੀਮ ਕੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕਿਹਾ ਕਿ ਨਾਗਰਿਕਾਂ ਨੂੰ ਸ਼ਾਂਤੀਪੂਰਬਕ ਪ੍ਰਦਰਸ਼ਨ ਕਰਨ ਦਾ ਹੱਕ ਸੰਵਿਧਾਨ ਵੱਲੋਂ ਦਿੱਤਾ ਗਿਆ ਹੈ। ਕਿਸੇ ਜਾਂ ਅੰਦੋਲਨ ਦਾ ਹਵਾਲਾ ਦੇ ਕੇ ਪੁਲਿਸ ਦੀਆਂ ਜ਼ਿਆਦਤੀਆਂ ਲਾਠੀਚਾਰਜ ਨੂੰ ਠੀਕ ਨਹੀਂ ਠਹਿਰਾਇਆ ਜਾ ਸਕਦਾ। ਚੀਫ ਜਸਟਿਸ ਸੂਰਿਆਕਾਂਤ, ਜਸਟਿਸ ਜੋਇਮਾਲਿਆ ਬਾਗਚੀ ਅਤੇ ਜਸਟਿਸ ਵੀ. ਮੋਹਨਾ ਦੇ ਬੈਂਚ ਨੇ ਕਿਹਾ ਕਿ ਉਹ ਮੰਗਲਵਾਰ ਨੂੰ ਉਨ੍ਹਾਂ ਪਟੀਸ਼ਨਾਂ 'ਤੇ ਸੁਣਵਾਈ ਕਰੇਗਾ, ਜਿਨ੍ਹਾਂ ਵਿਚ ਕਾਕਰੋਚ ਜਨਤਾ ਪਾਰਟੀ (ਸੀਜੇਪੀ) ਦੀ ਅਗਵਾਈ ਵਿਚ ਹੋਏ ਵਿਰੋਧ ਪ੍ਰਦਰਸ਼ਨ ਦੌਰਾਨ ਵਿਦਿਆਰਥੀਆਂ ਖ਼ਿਲਾਫ਼ ਪੁਲਿਸ ਦੀਆਂ ਜ਼ਿਆਦਤੀਆਂ ਦਾ ਦੋਸ਼ ਲਗਾਇਆ ਗਿਆ ਹੈ। ਨੀਟ ਪੇਪਰ ਲੀਕ ਅਤੇ ਪ੍ਰੀਖਿਆ ਵਿਚ ਹੋਰ ਬੇਨਿਯਮੀਆਂ ਖ਼ਿਲਾਫ਼ ਇਹ ਅੰਦੋਲਨ ਹੋਇਆ ਸੀ। ਸੁਪਰੀਮ ਕੋਰਟ ਨੇ ਪੁਲਿਸ 'ਤੇ ਹਮਲੇ 'ਤੇ ਵੀ ਚਿੰਤਾ ਪ੍ਰਗਟਾਈ ਅਤੇ ਕਿਹਾ ਕਿ ਪੂਰੇ ਦੇਸ਼ ਲਈ ਬਰਾਬਰ ਪ੍ਰੋਟੋਕਾਲ ਹੋਣਾ ਚਾਹੀਦਾ ਹੈ। ਸੁਪਰੀਮ ਕੋਰਟ ਉਨ੍ਹਾਂ ਪੁਲਿਸ ਮੁਲਾਜ਼ਮਾਂ 'ਤੇ ਹਮਲੇ ਦੇ ਦੋਸ਼ਾਂ 'ਤੇ ਵੀ ਸੁਣਵਾਈ ਕਰਨ ਲਈ ਤਿਆਰ ਹੋ ਗਿਆ, ਜਿਨ੍ਹਾਂ ਦੇ ਪਰਿਵਾਰਾਂ ਨੇ ਇਕ ਹੋਰ ਪਟੀਸ਼ਨ ਦਾਇਰ ਕੀਤੀ ਸੀ। ਸ਼ ਸੀਜੇਪੀ ਨੇ 20 ਜੁਲਾਈ ਨੂੰ 'ਸੰਸਦ ਚਲੋ ਮਾਰਚ ਕੱਢਿਆ ਸੀ। ਸੰਸਦ ਵੱਲ ਵਧਦੇ ਸਮੇਂ ਮੁਜ਼ਾਹਰਕਾਰੀਆਂ ਦੀ ਸੁਰੱਖਿਆ ਮੁਲਾਜ਼ਮਾਂ ਨਾਲ ਝੜਪ ਹੋ ਗਈ ਸੀ। ਭੀੜ ਨੂੰ ਤਿਤਰ- ਬਿਤਰ ਕਰਨ ਲਈ ਸੁਰੱਖਿਆ ਮੁਲਾਜ਼ਮਾਂ ਵੱਲੋਂ ਲਾਠੀਚਾਰਜ ਕੀਤਾ ਗਿਆ ਸੀ ਅਤੇ ਅੱਥਰੂ ਗੈਸ ਦੇ ਗੋਲੇ ਛੱਡੇ ਗਏ ਸਨ।



ਸੁਪਰੀਮ ਕੋਰਟ ਨੇ ਪ੍ਰਦਰਸ਼ਨਾਂ ਦੌਰਾਨ ਪੁਲਿਸ ਮੁਲਾਜ਼ਮਾਂ 'ਤੇ ਹਮਲੇ ਦੇ ਦੋਸ਼ਾਂ 'ਤੇ ਵੀ ਚਿੰਤਾ ਪ੍ਰਗਟ ਕੀਤੀ। ਇਸ ਨੇ ਦੇਸ਼ ਭਰ ਵਿਚ ਸ਼ਾਂਤੀਪੂਰਬਕ ਪ੍ਰਦਰਸ਼ਨਾਂ ਨੂੰ ਆਸਾਨ ਬਣਾਉਣ ਅਤੇ ਗ਼ੈਰ-ਸਮਾਜਿਕ ਤੱਤਾਂ ਖ਼ਿਲਾਫ਼ ਕਾਰਵਾਈ ਲਈ ਇਕ ਬਰਾਬਰ ਪ੍ਰੋਟੋਕਾਲ ਦੀ ਲੋੜ ਦੱਸੀ। ਚੀਫ ਜਸਟਿਸ ਨੇ ਕਿਹਾ, ''ਸ਼ਾਂਤੀਪੂਰਬਕ ਪ੍ਰਦਰਸ਼ਨ ਕਰਨਾ ਸੰਵਿਧਾਨ ਵੱਲੋਂ ਦਿੱਤਾ ਗਿਆ ਹੱਕ ਹੈ। ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਸਿਰਫ਼ ਇਹ ਕਹਿਣਾ ਕਿ ਅੰਦੋਲਨ ਚੱਲ ਰਿਹਾ ਹੈ, ਪੁਲਿਸ ਦੀਆਂ ਜ਼ਿਆਦਤੀਆਂ ਨੂੰ ਠੀਕ ਨਹੀਂ ਠਹਿਰਾਇਆ ਜਾ ਸਕਦਾ।'' ਬੈਂਚ ਨੇ ਕਿਹਾ, ''ਜੇ ਕੋਈ ਜ਼ਿਆਦਤੀ ਹੋਈ ਹੈ, ਤਾਂ ਉਸ ਦੀ ਸੁਤੰਤਰਤਾ ਨਾਲ ਜਾਂਚ ਹੋਣੀ ਚਾਹੀਦੀ ਹੈ। ਇਹ ਸਿਰਫ਼ ਦਿੱਲੀ ਦਾ ਮਾਮਲਾ ਨਹੀਂ ਹੈ।

ਪ੍ਰੋਟੋਕਾਲ ਵਿਚ ਇਕਰੂਪਤਾ ਜ਼ਰੂਰੀ ਹੈ। ਜਮਹੂਰੀ ਪ੍ਰਕਿਰਿਆ ਲਈ ਅਨੁਸ਼ਾਸਨ


*(ਬਾਕੀ ਸਫ਼ਾ 4 'ਤੇ)*

**India Palace Restaurant**
And Banquet Hall
Best Price Wholesale
Ph: 630-400-0996
Lakhvir S. Johal
Ph: 317-709-7800
Restaurant-Fine Indian Cuisine
(Ph: 317-298-0773)
Banquet Hall Available Up to 550 People
Amber Carmel Ph: 317-580-0828
Amber Indianapolis Ph: 317-578-4400
Royal, Indianapolis, 317-893-2633
Desi Bazar Grocery Store Restaurant, Ph: 317-888-2040
Desi Bazar Indianapolis, Ph: 317-709-7800

**Singh Auto Group**
3983 ST RD 38E
Lafayette, IN 47905
Ph: 765-607-1300
www.singhautosgroup.com
University Motors
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

**Bhaura Transport LLC**
Noblesville, IN
ਡਰਾਈਵਰਾਂ ਦੀ ਲੋੜ ਹੈ
*ਵੈਲਿਡ ਸੀ ਡੀ ਐਲ ਏ ਲਾਈਸੈਂਸ
*ਘੱਟੋ ਘੱਟ 2 ਸਾਲ ਦਾ ਤਜਰਬਾ
*ਖਾਲੀ ਅਤੇ ਲੋਡ ਸਮੇਤ ਮੀਲ .60 ਸੈਂਟ
*ਸਾਈਨ ਔਨ ਬੋਨਸ
*ਹਰ ਵੀਕਐਂਡ 'ਤੇ ਪੱਕਾ ਘਰ
*ਡਾਇਰੈਕਟ ਡਿਪਾਜ਼ਿਟ ਵੀ ਹੋ ਸਕਦਾ ਹੈ
*ਹਫਤਾਵਾਰ ਮੀਲ 3000 ਤੋਂ 4000
*ਪ੍ਰੀ-ਪਾਸ, ਈ ਜ਼ੀ ਪਾਸ ਅਤੇ ਫਿਊਲ ਕਾਰਡ ਦਿੱਤਾ ਜਾਵੇਗਾ
*ਇੰਡੀਆਨਾ, ਨਿਊ ਜਰਸੀ, ਨਿਊ ਯਾਰਕ ਅਤੇ ਪੈਨਸਿਲਵੇਨੀਆ ਦੇ ਪੱਕੇ ਲੋਡ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਅਵਤਾਰ ਸਿੰਘ
ਫੋਨ: 317-403-0493

**DHILLON**
IMMIGRATION LAW FIRM, PC
101 Avenue of the Americas, 9th Floor, New York, NY 10013
Amandeep Singh Dhillon
Immigration Attorney
Asylum • Deportation Defense • VAWA Cases
Detention Cases • Green Cards
Citizenship & Naturalization
Family Immigration • Employment Immigration
Call: (516) 253-5490 | (516) 440-4570
Serving Clients Nationwide
Email: info@dhillonimmigrationlawfirm.com
www.dhillonimmigrationlawfirm.com
Admitted in California Only • Practice Limited to U.S. Federal Immigration Law






# ਫੇਫੜਿਆਂ ਦਾ ਕੈਂਸਰ ਸਿਰਫ਼ ਸਿਗਰਟਨੋਸ਼ੀ ਕਰਨ ਵਾਲਿਆਂ ਦੀ ਬਿਮਾਰੀ ਨਹੀਂ ਹੈ:

## ਏਸ਼ਿਆਈ ਅਮਰੀਕੀਆਂ ਨੂੰ ਕੀ ਪਤਾ ਹੋਣਾ ਚਾਹੀਦਾ ਹੈ:

ਬਹੁਤ ਸਾਰੇ ਲੋਕ ਸੋਚਦੇ ਹਨ ਕਿ ਫੇਫੜਿਆਂ ਦਾ ਕੈਂਸਰ ਸਿਰਫ਼ ਉਨ੍ਹਾਂ ਲੋਕਾਂ ਨੂੰ ਹੁੰਦਾ ਹੈ ਜੋ ਸਿਗਰਟ ਪੀਂਦੇ ਹਨ। ਪਰ ਫੇਫੜਿਆਂ ਦਾ ਕੈਂਸਰ ਕਿਸੇ ਨੂੰ ਵੀ ਹੋ ਸਕਦਾ ਹੈ, ਇੱਥੋਂ ਤੱਕ ਕਿ ਉਹ ਲੋਕ ਵੀ ਜਿਨ੍ਹਾਂ ਨੇ ਕਦੇ ਸਿਗਰਟ ਨਹੀਂ ਪੀਤੀ। ਫੇਫੜਿਆਂ ਦੇ ਕੈਂਸਰ ਬਾਰੇ ਜਾਣਨਾ ਤੁਹਾਨੂੰ ਆਪਣੇ ਆਪ ਨੂੰ ਅਤੇ ਆਪਣੇ ਪਰਿਵਾਰ ਨੂੰ ਬਚਾਉਣ ਵਿਚ ਮਦਦ ਕਰ ਸਕਦਾ ਹੈ।

ਫੇਫੜਿਆਂ ਦਾ ਕੈਂਸਰ ਸੰਯੁਕਤ ਰਾਜ ਅਮਰੀਕਾ ਵਿਚ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਦਾ ਮੁੱਖ ਕਾਰਨ ਹੈ। ਚੰਗੀ ਖ਼ਬਰ ਇਹ ਹੈ ਕਿ ਜਦੋਂ ਫੇਫੜਿਆਂ ਦੇ ਕੈਂਸਰ ਦਾ ਪਤਾ ਜਲਦੀ ਲੱਗ ਜਾਂਦਾ ਹੈ, ਤਾਂ ਇਹ ਫੈਲਣ ਤੋਂ ਪਹਿਲਾਂ, ਇਸਦਾ ਇਲਾਜ ਕਰਨਾ ਆਸਾਨ ਹੋ ਜਾਂਦਾ ਹੈ। ਸ਼ੁਰੂਆਤੀ ਪੜਾਅ ਦੇ ਫੇਫੜਿਆਂ ਦੇ ਕੈਂਸਰ ਵਾਲੇ ਬਹੁਤ ਸਾਰੇ ਲੋਕਾਂ ਲਈ, ਸਰਜਰੀ ਵਰਗੇ ਇਲਾਜ ਕੈਂਸਰ ਨੂੰ ਪੂਰੀ ਤਰ੍ਹਾਂ ਹਟਾ ਸਕਦੇ ਹਨ। ਇਸੇ ਕਰਕੇ ਫੇਫੜਿਆਂ ਦੇ ਕੈਂਸਰ ਦਾ ਜਲਦੀ ਪਤਾ ਲਗਾਉਣ ਨਾਲ ਜਾਨਾਂ ਬਚਾਈਆਂ ਜਾ ਸਕਦੀਆਂ ਹਨ।

ਏਸ਼ਿਆਈ ਅਮਰੀਕੀਆਂ ਲਈ, ਇਹ ਜਾਣਨਾ ਮਹੱਤਵਪੂਰਨ ਹੈ ਕਿ ਫੇਫੜਿਆਂ ਦੇ ਕੈਂਸਰ ਦਾ ਸਬੰਧ ਹਮੇਸ਼ਾ ਸਿਗਰਟਨੋਸ਼ੀ ਨਾਲ ਨਹੀਂ ਹੁੰਦਾ। ਕੁਝ ਏਸ਼ਿਆਈ ਅਮਰੀਕੀਆਂ, ਖਾਸ ਕਰਕੇ ਔਰਤਾਂ, ਨੂੰ ਫੇਫੜਿਆਂ ਦਾ ਕੈਂਸਰ ਹੋ ਸਕਦਾ ਹੈ ਭਾਵੇਂ ਉਨ੍ਹਾਂ ਨੇ ਕਦੇ ਸਿਗਰਟ ਨਹੀਂ ਪੀਤੀ। ਡਾਕਟਰ ਅਜੇ ਵੀ ਇਸ ਗੱਲ ਦਾ ਅਧਿਐਨ ਕਰ ਰਹੇ ਹਨ ਕਿ ਅਜਿਹਾ ਕਿਉਂ ਹੁੰਦਾ ਹੈ। ਕੁਝ ਸੰਭਾਵਿਤ ਕਾਰਨਾਂ ਵਿਚ ਘਰ ਵਿਚ ਰੇਡੋਨ, ਪਰਿਵਾਰਕ ਇਤਿਹਾਸ, ਦੂਜੇ ਹੱਥ ਦਾ ਧੂੰਆਂ ਸਾਹ ਲੈਣਾ, ਹਵਾ ਪ੍ਰਦੂਸ਼ਣ ਅਤੇ ਕੁਝ ਖਾਸ ਜੀਨ ਸ਼ਾਮਲ ਹਨ। ਰੇਡਨ ਇੱਕ ਕੁਦਰਤੀ ਤੌਰ 'ਤੇ ਹੋਣ ਵਾਲੀ, ਰੇਡੀਓਐਕਟਿਵ ਗੈਸ ਹੈ ਜੋ ਜ਼ਮੀਨ ਤੋਂ ਆਉਂਦੀ ਹੈ। ਤੁਸੀਂ ਇਸਨੂੰ ਦੇਖ, ਸੁੰਘ ਜਾਂ ਸੁਆਦ ਨਹੀਂ ਲੈ ਸਕਦੇ। ਪਰ ਇਹ ਘਰਾਂ ਦੇ ਅੰਦਰ ਇਕੱਠਾ ਹੋ ਸਕਦਾ ਹੈ ਅਤੇ ਫੇਫੜਿਆਂ ਦੇ ਕੈਂਸਰ ਦਾ ਖ਼ਤਰਾ ਵਧਾ ਸਕਦਾ ਹੈ। ਚੰਗੀ ਹਵਾ ਦੇ ਪ੍ਰਵਾਹ ਤੋਂ ਬਿਨਾਂ ਰਸੋਈਆਂ ਵਿਚ ਖਾਣਾ ਪਕਾਉਣ ਤੋਂ ਨਿਕਲਣ ਵਾਲਾ ਧੂੰਆਂ ਜਾਂ ਧੂੰਏਂ ਵਿਚ ਸਾਹ ਲੈਣ ਨਾਲ ਵੀ ਜੋਖਮ ਵਧ ਸਕਦਾ ਹੈ। ਇਹ ਗੱਲਾਂ ਦਰਸਾਉਂਦੀਆਂ ਹਨ ਕਿ ਸਾਰਿਆਂ ਨੂੰ ਫੇਫੜਿਆਂ ਦੀ ਸਿਹਤ ਵੱਲ ਧਿਆਨ ਦੇਣਾ ਚਾਹੀਦਾ ਹੈ।

ਫੇਫੜਿਆਂ ਦੇ ਕੈਂਸਰ ਬਾਰੇ ਵੀ ਮਿੱਥਾਂ ਹਨ। ਇੱਕ ਮਿੱਥ ਹੈ, 'ਮੈਂ ਕਦੇ ਸਿਗਰਟ ਨਹੀਂ ਪੀਤੀ, ਇਸ ਲਈ ਮੈਨੂੰ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ।' ਸੱਚਾਈ ਇਹ ਹੈ ਕਿ ਫੇਫੜਿਆਂ ਦਾ ਕੈਂਸਰ ਉਨ੍ਹਾਂ ਲੋਕਾਂ ਨੂੰ ਹੋ ਸਕਦਾ ਹੈ ਜਿਨ੍ਹਾਂ ਨੇ ਕਦੇ ਸਿਗਰਟ ਨਹੀਂ ਪੀਤੀ। ਇੱਕ ਹੋਰ ਮਿੱਥ ਇਹ ਹੈ, 'ਮੈਨੂੰ ਕੋਈ ਲੱਛਣ ਨਹੀਂ ਹਨ, ਇਸ ਲਈ ਮੈਂ ਠੀਕ ਹੋਵਾਂਗਾ।' ਸ਼ੁਰੂਆਤੀ ਫੇਫੜਿਆਂ ਦੇ ਕੈਂਸਰ ਦੇ ਆਮ ਤੌਰ 'ਤੇ ਕੋਈ ਲੱਛਣ ਨਹੀਂ ਹੁੰਦੇ। ਆਪਣੇ ਜੋਖਮਾਂ ਨੂੰ ਜਾਣਨਾ ਅਤੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰਨਾ ਮਹੱਤਵਪੂਰਨ ਹੈ।

***ਜੇਕਰ ਹੇਠ ਲਿਖੇ ਲੱਛਣ ਹਨ ਤਾਂ ਕਿਸੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ:***

- ਖੰਘ ਜੋ ਦੂਰ ਨਹੀਂ ਹੁੰਦੀ
- ਇੱਕ ਕੜਕਵੀਂ ਆਵਾਜ਼
- ਛਾਤੀ ਵਿਚ ਦਰਦ – ਲਗਾਤਾਰ, ਮੱਧਮ ਦਰਦ ਜਾਂ ਦਬਾਅ ਦੀ ਭਾਵਨਾ
- ਖੰਘ ਨਾਲ ਖ਼ੂਨ ਆਉਣਾ
- ਸਾਹ ਚੜ੍ਹਨਾ
- ਬਿਨਾਂ ਵਜ੍ਹਾ ਭਾਰ ਘਟਣਾ

ਫੇਫੜਿਆਂ ਦੇ ਕੈਂਸਰ ਦੀ ਜਾਂਚ ਨਾਲ ਲੱਛਣ ਦਿਖਾਈ ਦੇਣ ਤੋਂ ਪਹਿਲਾਂ ਹੀ ਕੈਂਸਰ ਦਾ ਪਤਾ ਲੱਗ ਸਕਦਾ ਹੈ। ਅਮਰੀਕਾ ਪ੍ਰੀਵੈਂਟਿਵ ਸਰਵਿਸਿਜ਼ ਟਾਸਕ ਫੋਰਸ **(U.S. Preventive Services Task Force)** ਉਨ੍ਹਾਂ ਬਾਲਗਾਂ ਲਈ ਘੱਟ-ਡੋਜ਼ **CT (LDCT)** ਸਕੈਨ ਨਾਲ ਸਾਲਾਨਾ ਸਕ੍ਰੀਨਿੰਗ ਦੀ ਸਿਫ਼ਾਰਸ਼ ਕਰਦੀ ਹੈ ਜੋ:

- 50 ਤੋਂ 80 ਸਾਲ ਦੀ ਉਮਰ ਹੈ, ਅਤੇ
  20 ਪੈਕ-ਸਾਲ* ਜਾਂ ਇਸ ਤੋਂ ਵੱਧ ਹੋਵੇ ਜਾਂ
  ਵਰਤਮਾਨ ਵਿਚ ਪਿਛਲੇ 15 ਸਾਲਾਂ ਵਿਚ ਸਿਗਰਟ ਪੀਂਦੇ ਹੋ ਜਾਂ ਛੱਡਦੇ ਹੋ

ਜੇ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਯੋਗ ਹੋ ਸਕਦੇ ਹੋ, ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਪੁੱਛੋ ਕਿ ਕੀ ਫੇਫੜਿਆਂ ਦੇ ਕੈਂਸਰ ਦੀ ਜਾਂਚ ਤੁਹਾਡੇ ਲਈ ਸਹੀ ਹੈ।

***ਤੁਸੀਂ ਆਪਣੇ ਜੋਖਮ ਨੂੰ ਘਟਾਉਣ ਵਿਚ ਵੀ ਮਦਦ ਕਰ ਸਕਦੇ ਹੋ:***

- ਸਿਗਰਟਨੋਸ਼ੀ ਨਾ ਕਰਨਾ
- ਆਪਣੇ ਘਰ ਵਿਚ ਰੇਡੋਨ ਦੀ ਜਾਂਚ ਕਰਨਾ
- ਦੂਜੇ ਦਰਜੇ ਦੇ ਧੂੰਏਂ ਤੋਂ ਬਚਣਾ
- ਖਾਣਾ ਪਕਾਉਂਦੇ ਸਮੇਂ ਹਵਾਦਾਰੀ ਵਿਚ ਸੁਧਾਰ
- ਨਿਯਮਤ ਡਾਕਟਰੀ ਜਾਂਚਾਂ ਨਾਲ ਅੱਪ ਟੂ ਡੇਟ ਰਹਿਣਾ
- ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਆਪਣੇ ਪਰਿਵਾਰਕ ਇਤਿਹਾਸ ਅਤੇ ਨਿੱਜੀ ਜੋਖਮ ਕਾਰਕਾਂ ਬਾਰੇ ਚਰਚਾ ਕਰਨਾ

ਜੇਕਰ ਅੰਗਰੇਜ਼ੀ ਤੁਹਾਡੀ ਪਸੰਦੀਦਾ ਭਾਸ਼ਾ ਨਹੀਂ ਹੈ, ਤਾਂ ਦੁਭਾਸ਼ੀਏ ਦੀ ਸੇਵਾ ਉਪਲਬਧ ਹੋ ਸਕਦੀ ਹੈ। ਜੇਕਰ ਤੁਹਾਨੂੰ ਦੁਭਾਸ਼ੀਏ ਸੇਵਾਵਾਂ ਦੀ ਲੋੜ ਹੈ ਜਾਂ ਆਪਣੇ ਡਾਕਟਰ ਨਾਲ ਮੁਲਾਕਾਤ ਦਾ ਸਮਾਂ ਤੈਅ ਕਰਦੇ ਸਮੇਂ ਦੁਭਾਸ਼ੀਏ ਦੀ ਮੰਗ ਕਰੋ ਤਾਂ ਏਸ਼ੀਅਨ ਅਮਰੀਕਨ ਹੈਲਥ ਇਨੀਸ਼ੀਏਟਿਵ **(Asian American Health Initiative) (AAHI)** ਮਰੀਜ਼ ਨੈਵੀਗੇਟਰ ਪ੍ਰੋਗਰਾਮ **(Patient Navigator Program)** ਨਾਲ (301) 760-7050 'ਤੇ ਸੰਪਰਕ ਕਰੋ। **AAHI** ਤੁਹਾਨੂੰ ਆਪਣੇ ਫੇਫੜਿਆਂ ਦੀ ਸਿਹਤ ਬਾਰੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰਨ ਲਈ ਉਤਸ਼ਾਹਿਤ ਕਰਦਾ ਹੈ। ਕਮਿਊਨਿਟੀ ਮੈਂਬਰਾਂ ਨੂੰ ਇਹ ਵੀ ਜਾਂਚ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਕੀ ਉਹ ਹੋਲੀ ਕਰਾਸ ਹੈਲਥ ਦਾ ਅਰਲੀ ਫੇਫੜਿਆਂ ਦੇ ਕੈਂਸਰ ਐਕਸ਼ਨ ਪ੍ਰੋਗਰਾਮ **(Holy Cross Health's Early Lung Cancer Action Program)** ਜਾਂ ਮੈਡਸਟਾਰ ਹੈਲਥ ਦੀ ਫੇਫੜਿਆਂ ਦੇ ਕੈਂਸਰ ਦੀ ਜਾਂਚ **(MedStar Health's Lung Cancer Screening)** ਸੇਵਾਵਾਂ ਰਾਹੀਂ ਮੁਫ਼ਤ ਫੇਫੜਿਆਂ ਦੇ ਕੈਂਸਰ ਸਕ੍ਰੀਨਿੰਗ ਲਈ ਯੋਗ ਹਨ ਜਾਂ ਨਹੀਂ।

****ਪੈਕ ਸਾਲ – ਪ੍ਰਤੀ ਦਿਨ ਪੀਤੀ ਗਈ ਸਿਗਰਟ ਦੇ ਪੈਕ ਨੂੰ ਪੀਤੀ ਗਈ ਸਾਲਾਂ ਨਾਲ ਗੁਣਾ ਕੀਤਾ ਜਾਂਦਾ ਹੈ। ਉਦਾਹਰਨ ਲਈ, 1 ਪੈਕ ਪ੍ਰਤੀ ਦਿਨ 30 ਸਾਲਾਂ ਲਈ 1 ਣ 30 = 30 ਪੈਕ ਸਾਲ ਹੈ। 2 ਪੈਕ ਪ੍ਰਤੀ ਦਿਨ 10 ਸਾਲਾਂ ਲਈ 2 ਣ 10 = 20 ਪੈਕ ਸਾਲ***

# ਮੇਰਾ ਪਿੰਡ 360 ਫਾਊਂਡੇਸ਼ਨ ਵੱਲੋਂ ਮੁਫ਼ਤ ਮਿੱਟੀ ਟੈਸਟਿੰਗ ਸੇਵਾਵਾਂ ਦੀ ਨਵੀਂ ਪਹਿਲ



*ਮੇਰਾ ਪਿੰਡ 360 ਫਾਊਂਡੇਸ਼ਨ ਵੱਲੋਂ ਜ਼ਿਮੀਂਦਾਰਾਂ ਲਈ ਮੁਫ਼ਤ ਮਿੱਟੀ ਟੈਸਟਿੰਗ ਸੇਵਾਵਾਂ ਲਈ ਨਵੀਂ ਪਹਿਲ ਕੀਤੀ ਗਈ ਹੈ, ਕੋਟਲੀ ਅਰਾਈਆਂ ਵਲੋਂ 3 ਸਾਲ ਤੱਕ ਕਿਸਾਨਾਂ ਨੂੰ ਸਮਝਾਉਣ ਤੋਂ ਬਾਅਦ ਹੁਣ ਇਸ ਦੇ ਵਧੀਆ ਨਤੀਜੇ ਮਿਲ ਰਹੇ ਹਨ। ਮੇਰਾ ਪਿੰਡ 360 ਫਾਊਂਡੇਸ਼ਨ ਵੱਲੋਂ ਇੱਕ ਅਨੋਖੀ ਪਹਿਲ ਵਿਚ ਕਿਸਾਨਾਂ ਨੂੰ ਮੁਫਤ ਮਿੱਟੀ ਚੈਕ ਅੱਪ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਪਿਛਲੇ ਤਿੰਨ ਸਾਲ ਤੋਂ ਫਾਊਂਡੇਸ਼ਨ ਨੇ ਮਸ਼ੀਨ ਖਰੀਦ ਕੇ ਆਪਣੇ ਕੇਂਦਰ ਵਿਖੇ ਰੱਖੀ ਹੋਈ ਸੀ, ਪਰ ਕਿਸਾਨਾਂ ਦੀ ਰਵਾਇਤੀ ਧਾਰਨਾ ਨੂੰ ਤੋੜਨਾ ਅਸਾਨ ਨਹੀਂ ਸੀ, ਉਨ੍ਹਾਂ ਨੂੰ ਸੈਮੀਨਾਰ ਲਗਾ ਕੇ ਅਤੇ ਨਿੱਜੀ ਮੁਲਾਕਾਤਾਂ ਕਰਕੇ ਪ੍ਰੇਰਿਤ ਕੀਤਾ ਗਿਆ ਅਤੇ ਕੇਂਦਰ ਨੇ ਆਪਣੇ ਮਿੱਟੀ ਤਕਨੀਕੀ ਮਾਹਿਰ ਨੂੰ ਸੈਂਪਲ ਲੈਣ ਭੇਜਿਆ ਅਤੇ ਇਹ ਟੈਸਟ ਕਰਵਾਏ, ਇਹ ਟੈਸਟ ਜ਼ਿਮੀਂਦਾਰਾਂ ਲਈ ਇਸ ਲਈ ਜ਼ਰੂਰੀ ਹਨ ਤਾਂ ਕਿ ਪਤਾ ਲੱਗ ਸਕੇ ਕਿ ਮਿੱਟੀ ਵਿਚ ਕਿਸ ਲੋੜੀਂਦੇ ਤੱਤ ਦੀ ਘਾਟ ਹੈ ਅਤੇ ਉਹ ਤੱਤ ਉਨੀ ਹੀ ਮਾਤਰਾ ਵਿਚ ਖੇਤ ਵਿਚ ਵਰਤਿਆ ਜਾਵੇ ਜਿਸ ਨਾਲ ਭੂਮੀ ਸੁਰੱਖਿਅਤ ਰਹੇ ਅਤੇ ਉਪਜ ਦੇ ਵਾਧੇ ਨੂੰ ਯਕੀਨੀ ਬਣਾਇਆ ਜਾ ਸਕੇ। ਇਸ ਵਾਰ 29 ਕਿਸਾਨਾਂ ਨੇ ਇਸ ਕੰਮ ਲਈ ਪਹਿਲ ਕੀਤੀ ਅਤੇ ਆਪਣੇ ਖੇਤਾਂ ਦੇ ਸੈਂਪਲ ਚੈੱਕ ਕਰਵਾਏ। ਇਸ ਟੈਸਟ ਦੇ ਬਹੁਤ ਹੀ ਵਧੀਆ ਨਤੀਜੇ ਮਿਲ ਰਹੇ ਹਨ।*

*ਮੇਰਾ ਪਿੰਡ 360 ਫਾਊਂਡੇਸ਼ਨ ਦੇ ਸਾਰੇ 8 ਕੇਂਦਰ ਪੇਂਡੂ ਪੰਜਾਬ ਵਿਚ ਪਿੰਡ ਵਾਸੀਆਂ ਨੂੰ 'ਮਨੁੱਖੀ ਵਿਕਾਸ' ਦੇ ਹਰ ਖੇਤਰ ਵਿਚ ਸੇਵਾਵਾਂ ਪ੍ਰਦਾਨ ਕਰ ਰਹੇ ਹਨ। ਸਾਰੀਆਂ ਸੇਵਾਵਾਂ ਬਿਲਕੁਲ ਮੁਫ਼ਤ ਹਨ।*

*ਜ਼ਰੂਰਤਮੰਦਾਂ ਨੂੰ ਵਿੱਤੀ ਮਦਦ, ਉਨ੍ਹਾਂ ਦੇ ਬੱਚਿਆਂ ਦੀ ਉੱਚ ਸਿੱਖਿਆ ਲਈ ਸਹਾਇਤਾ। ਲਾਇਬ੍ਰੇਰੀ, ਇਤਿਹਾਸਕ ਦਿਵਸ ਮੁਕਾਬਲੇ, ਕੰਪਿਊਟਰ ਲੈਬ ਰਾਹੀਂ ਆਈ.ਟੀ. ਟ੍ਰੇਨਿੰਗ, ਹੁਨਰ ਵਿਕਾਸ ਟ੍ਰੇਨਿੰਗ, ਮਿੱਟੀ ਟੈਸਟਿੰਗ, ਕਿਸਾਨਾਂ ਲਈ ਖੇਤੀ ਸਬਸਿਡੀਆਂ ਅਤੇ ਹੋਰ ਸੇਵਾਵਾਂ।*

*ਐਨ.ਆਰ.ਆਈ. ਡਾਕਟਰ ਪਿੰਡ ਵਾਸੀਆਂ ਲਈ ਈ-ਕਲੀਨਿਕ ਚਲਾਉਂਦੇ ਹਨ, ਰਿਮੋਟ ਵੈਬਿਨਾਰ/ਸੈਮੀਨਾਰ ਅਤੇ ਸਾਰੀਆਂ ਸਰਕਾਰੀ ਸੇਵਾਵਾਂ ਪਿੰਡਾਂ ਵਿਚ ਹੀ ਦਿੱਤੀਆਂ ਜਾਂਦੀਆਂ ਹਨ।*

*ਇਹ ਕੇਂਦਰ ਐਨ.ਆਰ.ਆਈ. ਭਰਾਵਾਂ ਵੱਲੋਂ ਆਪਣੇ ਬਜ਼ੁਰਗਾਂ ਦੇ ਖਾਲੀ ਪਏ ਘਰਾਂ ਵਿਚ ਖੋਲ੍ਹੇ ਗਏ ਹਨ। ਸ਼ਿਕਾਗੋ ਦੇ ਭੁਪਿੰਦਰ ਐਸ. ਹੁੰਦਲ (630-802-2179) ਇਸ ਕਾਰਜ ਦੀ ਅਗਵਾਈ ਕਰ ਰਹੇ ਹਨ।*

# ਸਰਕਾਰ ਨੂੰ ਹਟਾਉਣ ਦਾ ਸਮਾਂ ਆ ਗਿਆ: ਰਾਹੁਲ

**ਨਵੀਂ ਦਿੱਲੀ:** ਕਾਂਗਰਸ ਦੇ ਸੀਨੀਅਰ ਆਗੂ ਰਾਹੁਲ ਗਾਂਧੀ ਨੇ ਸਿੱਖਿਆ ਮੰਤਰੀ ਧਰਮੇਂਦਰ ਭੂਯਾਤ ਦੇ ਅਸਤੀਫ਼ੇ 'ਤੇ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਵਧਾਈ ਦਿੱਤੀ ਅਤੇ ਹੋਰ ਸਮੂਹਾਂ ਨੂੰ ਹਿੰਮਤ ਦਿਖਾਉਣ ਅਤੇ ਖੜ੍ਹੇ ਹੋਣ ਦੀ ਅਪੀਲ ਕਰਦਿਆਂ ਕਿਹਾ ਕਿ ਇਸ ਸਰਕਾਰ ਨੂੰ ਹਟਾਉਣ ਦਾ ਸਮਾਂ ਆ ਕ ਗਿਆ ਹੈ। ਵਿਦਿਆਰਥੀਆਂ 'ਤੇ ਕੀਤੇ 'ਜ਼ੁਲਮਾਂ' ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮੁਆਫ਼ੀ ਮੰਗਣੀ ਚਾਹੀਦੀ ਹੈ।



ਪ੍ਰਧਾਨ ਦੇ ਅਸਤੀਫ਼ੇ ਤੋਂ ਬਾਅਦ ਐਕਸ 'ਤੇ ਵੀਡੀਓ ਸੰਦੇਸ਼ 'ਚ ਲੋਕ- ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਨੇ ਕਿਹਾ, ''ਡਰੋ ਨਾ। ਆਓ ਇਸ ਸ਼ਾਸਨ ਤੋਂ ਛੁਟਕਾਰਾ ਪਾਈਏ ਜੋ ਭਾਰਤ 'ਤੇ ਹਮਲਾ ਕਰ ਰਿਹਾ ਹੈ, ਸਾਡੇ ਸੰਵਿਧਾਨ ਨੂੰ ਤਬਾਹ ਕਰ ਰਿਹਾ ਹੈ, ਸਾਡੀਆਂ ਸਾਰੀਆਂ ਸੰਸਥਾਵਾਂ 'ਤੇ ਕਬਜ਼ਾ ਕਰ ਰਿਹਾ ਹੈ।'' ਇਸ ਮਗਰੋਂ ਸੋਨੀਆ ਗਾਂਧੀ ਦੀ 10 ਜਨਪਥ ਸਥਿਤ ਰਿਹਾਇਸ਼ ਦੇ ਬਾਹਰ ਮੀਡੀਆ ਨਾਲ ਗੱਲਬਾਤ ਕਰਦਿਆਂ ਰਾਹੁਲ ਗਾਂਧੀ ਨੇ ਕਿਹਾ ਕਿ ਪੇਪਰ ਲੀਕ ਹੋਣ ਖ਼ਿਲਾਫ਼ ਵਿਦਿਆਰਥੀਆਂ ਦੇ ਅੰਦੋਲਨ ਨੇ ਭਾਜਪਾ-ਆਰ ਐੱਸ ਐੱਸ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਸਰਕਾਰ ਨੂੰ ਆਪਣੀ ਨਿੱਜੀ ਜਾਗੀਰ ਵਾਂਗ ਨਹੀਂ ਚਲਾ ਸਕਦੇ ਅਤੇ ਜੇ ਉਨ੍ਹਾਂ ਅਜਿਹਾ ਕੀਤਾ ਤਾਂ ਉਨ੍ਹਾਂ ਨੂੰ ਇਸ ਤੋਂ ਦੱਸ ਗੁਣਾ ਵੱਡੇ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ। ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਭ੍ਰਿਸ਼ਟਾਚਾਰ ਦਾ ਪ੍ਰਤੀਕ ਸਨ ਅਤੇ 'ਇਹ ਚੰਗੀ ਗੱਲ ਹੈ ਕਿ ਉਹ ਚਲੇ ਗਏ ਹਨ।' ਉਨ੍ਹਾਂ ਵਿਦਿਆਰਥੀਆਂ ਦੇ ਵਿਰੋਧ ਪ੍ਰਦਰਸ਼ਨ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਆਰ ਐੱਸ ਐੱਸ ਦੇ ਦਰਸਾਏ 'ਅਤੀਤ' ਅਤੇ ਭਾਰਤ ਦੇ ਭਵਿੱਖ ਵਿਚਕਾਰ ਲੜਾਈ ਦੱਸਦਿਆਂ ਕਿਹਾ ਕਿ ਉਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ 'ਭਾਰਤ ਦਾ ਭਵਿੱਖ ਅਤੀਤ ਨੂੰ ਹਰਾ ਦੇਵੇਗਾ।'

ਇਸੇ ਦੌਰਾਨ ਰਾਜ ਸਭਾ ਮੈਂਬਰ ਕਪਿਲ ਸਿੱਬਲ, ਸੀ ਪੀ ਆਈ (ਐੱਮ) ਦੇ ਜਨਰਲ ਸਕੱਤਰ ਐੱਮ ਏ ਬੇਬੀ, ਸੀ ਪੀ ਆਈ ਦੇ ਜਨਰਲ ਸਕੱਤਰ ਡੀ. ਰਾਜਾ, ਸੀ ਪੀ ਆਈ (ਐੱਮ ਐੱਲ)-ਲਿਬਰੇਸ਼ਨ ਦੇ ਜਨਰਲ ਸਕੱਤਰ ਦੀਪਾਂਕਰ ਭੱਟਾਚਾਰੀਆ ਅਤੇ ਵੰਚਿਤ ਬਹੁਜਨ ਅਘਾੜੀ ਦੇ ਮੁਖੀ ਪ੍ਰਕਾਸ਼ ਅੰਬੇਡਕਰ ਨੇ ਵਿਦਿਆਰਥੀਆਂ ਤੇ ਨੌਜਵਾਨਾਂ ਨੂੰ ਜਿੱਤ ਦੀ ਵਧਾਈ ਦਿੱਤੀ।

# ਐੱਚ-1ਬੀ ਦੀ ਦੁਰਵਰਤੋਂ ਰੋਕਣ ਸੰਬੰਧੀ ਬਿੱਲ ਪੇਸ਼

## ਤਿੰਨ ਸਾਲ ਲਈ ਨਵੇਂ ਵੀਜ਼ਿਆਂ ’ਤੇ ਰੋਕ ਲਾਉਣ ਦਾ ਸੁਝਾਅ

**ਵਾਸ਼ਿੰਗਟਨ:** ਅਮਰੀਕੀ ਸੈਨੇਟਰ ਨੇ ਸੈਨੇਟ ਵਿੱਚ ਬਿੱਲ ਪੇਸ਼ ਕੀਤਾ ਹੈ ਜਿਸ ਵਿੱਚ ਤਿੰਨ ਸਾਲਾਂ ਲਈ ਨਵੇਂ ਐੱਚ-1ਬੀ ਵੀਜ਼ਿਆਂ ‘ਤੇ ਰੋਕ ਲਾਉਣ ਅਤੇ ਟਰੰਪ ਪ੍ਰਸ਼ਾਸਨ ਵੱਲੋਂ ਲਾਈ




ਇੱਕ ਲੱਖ ਡਾਲਰ ਦੀ ਫੀਸ ਲਾਗੂ ਕਰਨ ਦੀ ਮੰਗ ਕੀਤੀ ਗਈ ਹੈ, ਜਿਸ ਨੂੰ ਫੈਡਰਲ ਅਦਾਲਤ ਨੇ ਰੱਦ ਕਰ ਦਿੱਤਾ ਸੀ।

ਮੋਂਟਾਨਾ ਸੂਬੇ ਤੋਂ ਰਿਪਬਲਿਕਨ ਸੈਨੇਟਰ ਟਿਮ ਸ਼ੀਹੀ ਨੇ ਕਿਹਾ ਕਿ ਅਮਰੀਕਾ ਨੂੰ ਅਜਿਹੇ ਵੀਜ਼ੇ ਜਾਰੀ ਨਹੀਂ ਕਰਨੇ ਚਾਹੀਦੇ ਜੋ ਅਮਰੀਕੀ ਕਾਮਿਆਂ ਦੇ ਹੱਕਾਂ ‘ਤੇ ਡਾਕਾ ਮਾਰਨ ਨੂੰ ਆਸਾਨ ਬਣਾਉਣ। ਐੱਚ-1ਬੀ ਗ਼ੈਰ-ਪਰਵਾਸੀ ਵੀਜ਼ਾ ਹੈ ਜੋ ਅਮਰੀਕੀ ਕੰਪਨੀਆਂ ਨੂੰ ਵਿਸ਼ੇਸ਼ ਕਿੱਤਿਆਂ ਵਿੱਚ ਉੱਚ ਹੁਨਰਮੰਦ ਵਿਦੇਸ਼ੀ ਕਾਮਿਆਂ ਨੂੰ ਨੌਕਰੀ ‘ਤੇ ਰੱਖਣ ਦੀ ਇਜਾਜ਼ਤ ਦਿੰਦਾ ਹੈ। ਅਮਰੀਕੀ ਤਕਨਾਲੋਜੀ ਕੰਪਨੀਆਂ ਭਾਰਤ ਅਤੇ ਚੀਨ ਵਰਗੇ ਦੇਸ਼ਾਂ ਤੋਂ ਹਰ ਸਾਲ ਹਜ਼ਾਰਾਂ ਕਰਮਚਾਰੀਆਂ ਨੂੰ ਭਰਤੀ ਕਰਨ ਲਈ ਇਸ ਉੱਤੇ ਨਿਰਭਰ ਕਰਦੀਆਂ ਹਨ। ਇਸ ਸਬੰਧੀ ਜਾਰੀ ਬਿਆਨ ਵਿੱਚ ਸ਼ੀਹੀ ਨੇ ਕਿਹਾ, ‘‘ਐੱਚ-1ਬੀ ਪ੍ਰੋਗਰਾਮ ਖ਼ਾਸ ਤੌਰ ‘ਤੇ ਮੁਸ਼ਕਿਲ ਨਾਲ ਭਰਨ ਵਾਲੇ ਅਹੁਦਿਆਂ ਲਈ ਕੰਮਕਾਜੀ ਤਾਕਤ ਦੀ ਘਾਟ ਨੂੰ ਪੂਰਾ ਕਰਨ ਲਈ ਬਣਾਇਆ ਗਿਆ ਸੀ ਨਾ ਕਿ ਯੋਗ, ਮਿਹਨਤੀ ਅਮਰੀਕੀਆਂ ਨੂੰ ਸਸਤੇ ਵਿਦੇਸ਼ੀ ਮਜ਼ਦੂਰਾਂ ਨਾਲ ਬਦਲਣ ਲਈ। ਮੇਰਾ ਕਾਨੂੰਨ ਐਂਡ ਐੱਚ-1ਬੀ ਅਬਿਊਜ਼ ਐਕਟ’ (ਐੱਚ-1ਬੀ ਵੀਜ਼ਾ ਦੀ ਦੁਰਵਰਤੋਂ ਖ਼ਤਮ ਕਰਨ ਬਾਰੇ ਕਾਨੂੰਨ) ਇਸ ਪ੍ਰੋਗਰਾਮ ਨੂੰ ਇਸ ਦੇ ਅਸਲ ਮਕਸਦ ਵੱਲ ਵਾਪਸ ਲਿਆਉਂਦਾ ਹੈ ਅਤੇ ਇਸ ਦੀ ਦੁਰਵਰਤੋਂ ਨੂੰ ਉਤਸ਼ਾਹਿਤ ਕਰਨ ਵਾਲੇ ਕਮਜ਼ੋਰ ਪਹਿਲੂਆਂ ਨੂੰ ਬੰਦ ਕਰ ਕੇ, ਸੁਰੱਖਿਆ ਉਪਾਵਾਂ ਨੂੰ ਮਜ਼ਬੂਤ ਕਰ ਕੇ ਅਤੇ ਰਾਸ਼ਟਰੀ ਸੁਰੱਖਿਆ ਹਿੱਤਾਂ ਨੂੰ ਪਹਿਲ ਦੇ ਕੇ ਅਮਰੀਕੀ ਕਾਮਿਆਂ ਨੂੰ ਤਰਜੀਹ ਦਿੰਦਾ ਹੈ।’’ ਇਸ ਤਜਵੀਜ਼ਤ ਕਾਨੂੰਨ ਨੂੰ ਇਮੀਗ੍ਰੇਸ਼ਨ ਅਕਾਊਂਟੇਬਿਲਟੀ ਪ੍ਰਾਜੈਕਟ ਅਤੇ ਫੈਡਰੇਸ਼ਨ ਫਾਰ ਅਮੈਰਿਕਨ ਇਮੀਗ੍ਰੇਸ਼ਨ ਰਿਫਾਰਮ (ਐੱਫ ਏ ਆਈ ਆਰ) ਦੀ ਹਮਾਇਤ ਹਾਸਲ ਹੈ।

### ਐੱਚ-1ਬੀ ਵੀਜ਼ਾ ‘ਤੇ ਇੱਕ ਲੱਖ ਡਾਲਰ ਫੀਸ ਲਾਉਣ ਸਬੰਧੀ ਅਪੀਲ ਖ਼ਾਰਜ

ਸੰਯੁਕਤ ਰਾਜ ਅਮਰੀਕਾ ਦੀ ਫੈਡਰਲ ਅਪੀਲ ਅਦਾਲਤ ਨੇ ਟਰੰਪ ਪ੍ਰਸ਼ਾਸਨ ਦੇ ਉਸ ਫ਼ੈਸਲੇ ਨੂੰ ਰੱਦ ਕਰਨ ਵਾਲੇ ਹੇਠਲੀ ਅਦਾਲਤ ਦੇ ਹੁਕਮਾਂ ‘ਤੇ ਰੋਕ ਲਾਉਣ ਤੋਂ . ਇਨਕਾਰ ਕਰ ਦਿੱਤਾ ਹੈ, ਜਿਸ ਵਿੱਚ ਉੱਚ-ਹੁਨਰਮੰਦ ਵਿਦੇਸ਼ੀ ਕਾਮਿਆਂ ਲਈ ਐੱਚ-1ਬੀ ਵੀਜ਼ਿਆਂ ‘ਤੇ ਇੱਕ ਲੱਖ ਡਾਲਰ ਫੀਸ ਲਾਉਣ ਦਾ ਫ਼ੈਸਲਾ ਕੀਤਾ ਗਿਆ ਸੀ। ਬੋਸਟਨ ਸਥਿਤ ਫਸਟ ਸਰਕਟ ਕੋਰਟ ਆਫ਼ ਅਪੀਲਜ਼ ਦੇ ਤਿੰਨ ਜੱਜਾਂ ਦੇ ਬੈਂਚ ਨੇ ਫੈਡਰਲ ਸਰਕਾਰ ਦੀ ਉਹ ਅਰਜ਼ੀ ਖ਼ਾਰਜ ਕਰ ਦਿੱਤੀ ਜਿਸ ਵਿੱਚ ਜ਼ਿਲ੍ਹਾ ਜੱਜ ਲਿਓ ਟੀ ਸੋਰੋਕਿਨ ਦੇ 8 ਜੂਨ ਦੇ ਉਸ ਫੈਸਲੇ ‘ਤੇ ਰੋਕ ਲਾਉਣ ਦੀ ਮੰਗ ਕੀਤੀ ਗਈ ਸੀ ਜਿਸ ਵਿੱਚ ਇਸ ਫ਼ੀਸ ਨੂੰ ਗ਼ੈਰ-ਕਾਨੂੰਨੀ ਕਰਾਰ ਦਿੰਦਿਆਂ ਰੱਦ ਕਰ ਦਿੱਤਾ ਗਿਆ ਸੀ ਕਿਉਂਕਿ ਇਸ ਨੂੰ ਕਾਂਗਰਸ ਨੇ ਮਨਜ਼ੂਰੀ ਨਹੀਂ ਦਿੱਤੀ ਸੀ।

# ਵਿਧਾਨ ਸਭਾ ਦੇ ਇਜਲਾਸ ਨੂੰ ਰਾਜਪਾਲ ਦੀ ਮਨਜ਼ੂਰੀ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦਾ ਮੌਨਸੂਨ ਇਜਲਾਸ ਤਿੰਨ ਅਗਸਤ (ਸੋਮਵਾਰ) ਨੂੰ ਸਵੇਰੇ 11 ਵਜੇ ਸ਼ੁਰੂ ਹੋਵੇਗਾ। ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਰਸਮੀ ਤੌਰ ‘ਤੇ ਸੈਸ਼ਨ ਬਲਾਉਣ ਦੀ ਮਨਜ਼ੂਰੀ ਦੇ ਦਿੱਤੀਆਂ ਹੈ। ਵਿਧਾਨ ਸਭਾ ਦੇ 13ਵੇਂ ਸੈਸ਼ਨ ਦਾ ਮੁੱਢਲਾ ਪ੍ਰੋਗਰਾਮ ਜਾਰੀ ਕਰ ਦਿੱਤਾ ਹੈ। ਚਾਰ ਤੇ ਪੰਜ ਅਗਸਤ ਨੂੰ ਵਿਧਾਨਕ ਕੰਮਕਾਰ ਹੋਣਗੇ ਅਤੇ ਛੇ ਅਗਸਤ ਵੀਰਵਾਰ ਨੂੰ ਗ਼ੈਰ- ਸਰਕਾਰੀ ਕੰਮਕਾਰ ਹੋਵੇਗਾ। ਅੱਠ



ਤੇ 9 ਅਗਸਤ ਨੂੰ ਹਫ਼ਤਾਵਾਰੀ ਛੁੱਟੀ ਹੋਵੇਗੀ ਤੇ 10 ਅਗਸਤ ਨੂੰ ਵਿਧਾਨਕ ਕੰਮ-ਕਾਜ ਅਤੇ ਸਦਨ ਨੂੰ ਅਣਮਿੱਥੇ ਸਮੇਂ ਲਈ ਮੁਲਤਵੀ ਕਰਨ ਬਾਰੇ ਪ੍ਰਸਤਾਵ ਪੇਸ਼ ਕੀਤਾ ਜਾਵੇਗਾ। ਸਦਨ ‘ਚ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਾਨੂੰਨ ਵਿਚ ਸੋਧ ਕੀਤੀ ਜਾਵੇਗੀ। ਸ੍ਰੀ ਅਕਾਲ ਤਖ਼ਤ ਸਾਹਿਬ ਨੇ ਕਾਨੂੰਨ ਦੀ ਸ਼ਬਦਾਵਲੀ ਤੇ ਕੁਝ ਧਾਰਾਵਾਂ ਹਟਾਉਣ ‘ਲਈ ਕਿਹਾ ਸੀ।


## PUNJAB DJ

**Our company is located in Chicago**

**We do all types of Parties**

***Wedding *Private Parties *Birthdays *Engagements *Retirement Parties *Corporate Parties & much more**

**We provide standard equipments, lighting and digital turntables.**

**Contact: 708-996-7315**

**E-Mail: Punjabdj06@gmail.com**

## SUPER TRAVEL

**847-676-9090, 773-465-5566**

*E-mail: supertravel2003@live.com*

**Lowest Fares With Excellent Service**

*United Airlines*
*British Airways*

For Emergency Call anytime at 847-436-9010



EARLY BIRD SALE!!!!

*Etihad, Air India, KLM, Lufthansa, Delta, Qatar Airlines.*

Domestic fares available


# Matrimonials

## ਲੜਕੇ ਦੀ ਲੋੜ ਹੈ

ਜੱਟ ਸਿੱਖ ਗਰੇਵਾਲ ਪਰਿਵਾਰ ਨੂੰ ਆਪਣੀ ਯੂ.ਐੱਸ. ਸਿਟੀਜ਼ਨ 27 ਸਾਲਾ, ਲੜਕੀ ਲਈ ਪੜ੍ਹੇ-ਲਿਖੇ ਅਤੇ ਇੰਡੀਆ ਵਿਚ 15-20 ਏਕੜ ਜ਼ਮੀਨ ਵਾਲੇ ਲੜਕੇ ਦੀ ਲੋੜ ਹੈ। ਅਮਰੀਕਾ ਵਿਚ ਸਟੂਡੈਂਟ ਵੀਜ਼ੇ ਵਾਲੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।
ਚਾਹਵਾਨ 734-444-5774 ‘ਤੇ ਸੰਪਰਕ ਕਰਨ।

27-31

Khatri Punjabi family looking for a well educated US citizen Hindu/Sikh match for their August 92 born height 5’6, slim and fair complexion daughter. She has done B.tech M.S in C.S. &MBA. Working in Artificial intelligence. Boy Between the age of 31-38 years will be prefered.
Contact us at: 269-830-0980

## ਲੜਕੀ ਦੀ ਲੋੜ ਹੈ

Ramgarhia Family seeks a suitable match for their USA Born and Raised Non-vegetarian 32 year 5’7" Gursikh son. PhD. & working as Chemical Analyst at Pfizer. Girl should be Gursikh and educated. Caste no bar. If you are interested please call us at 224-422-4773.


## Infinity Truck Repair

*ਮੋਬਾਈਲ ਟਰੱਕ ਰਿਪੇਅਰ ਸੇਵਾ- ਜਿੱਥੇ ਟਰੱਕ ਓਥੇ ਸੇਵਾ!*

**Serving Chicagoland and surrounding areas!**

**ਸੇਵਾਵਾਂ/Services**

- Yard PM’s/DOT inspections
- Brakes and wheel seal jobs.
- Check Engine Light issues
- Battery and No start Issue
- Tire swap and replacement
- Air Leaks and brake chambers
- Other General Repairs

* ਇਮਾਨਦਾਰ ਕੰਮ, ਤੇਜ਼ ਸੇਵਾ, ਸਹੀ ਰੇਟ
* ਪੰਜਾਬੀ ਟਰੱਕਰ ਵੀਰਾਂ ਲਈ ਭਰੋਸੇਯੋਗ ਸੇਵਾ

**Contact: Cheema: 224-966-8657**

**Stay onTrack, we have got your back!**

SIGMA Specialty Plastics Group

**ਪੀਕੌਕ ਕਲਰਸ ਕੰਪਨੀ ਵਿਚ ਐਕਸਟਰੂਜ਼ਨ ਪ੍ਰਕਿਰਿਆ ਲਈ ਮਸ਼ੀਨ ਆਪਰੇਟਰਾਂ ਦੀ ਲੋੜ ਹੈ**

**Wanted Machine Operators for Extrusion Process (MOEP)**

ਸ਼ਿਕਾਗੋ, ਇਲੀਨੋਇਸ ਵਿਚ ਪੇਂਟ ਅਤੇ ਸਿਆਹੀ ਕੰਪਨੀ ਨੂੰ ਐਕਸਟਰੂਜ਼ਨ ਪ੍ਰਕਿਰਿਆ ਲਈ ਮਸ਼ੀਨ ਆਪਰੇਟਰਾਂ ਦੀ ਫੌਰੀ ਲੋੜ ਹੈ।

**ਯੋਗਤਾ**

* ਮਕੈਨੀਕਲ, ਪੋਲੀਮਰ, ਜਾਂ ਪਲਾਸਟਿਕ ਇੰਜੀਨੀਅਰਿੰਗ ਜਾਂ ਹੋਰ ਸਬੰਧਤ ਇੰਜੀਨੀਅਰਿੰਗ ਖੇਤਰ ਵਿਚ ਮੁਹਾਰਤ ਹਾਸਲ ਹੋਵੇ
* ਪਲਾਸਟਿਕ ਨਿਰਮਾਣ ਵਾਤਾਵਰਣ ਵਿਚ ਘੱਟੋ-ਘੱਟ 5 ਸਾਲਾਂ ਦਾ ਤਜਰਬਾ, ਪੋਲੀਮਰ ਮਿਸ਼ਰਤ ‘ਚ ਤਜਰਬੇਕਾਰ ਨੂੰ ਤਰਜੀਹ
* ਪਲਾਸਟਿਕ, ਰੈਜ਼ਿਨ ਅਤੇ ਸਮੱਗਰੀ ਸੰਭਾਲਣ ਵਿਚ ਦੀ ਤਕਨੀਕੀ ਜਾਣਕਾਰੀ ਦਾ ਤਜਰਬਾ
* ਸਮੱਸਿਆ-ਹੱਲ ਕਰਨ ਦੀ ਯੋਗਤਾ, ਚੰਗੇ ਦਸਤਾਵੇਜ਼ੀ ਹੁਨਰ, ਅਤੇ ਚੰਗੇ ਨਿਰਮਾਣ ਦਾ ਅਭਿਆਸ
*ਨਵੇਂ ਅਤੇ ਗੈਰ-ਤਜਰਬੇਕਾਰ ਵਰਕਰਾਂ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ
* ਚੰਗੀ ਤਨਖਾਹ ਅਤੇ ਹੋਰ ਸਹੂਲਤਾਂ

**ਚਾਹਵਾਨ ਸੰਪਰਕ ਕਰੋ:**

**Anita Sharma: +1 (630) 302 4725**

**Email: Anita.Sharma@peacockcolors.com**

**Punjab Times**
**Established in 2000**
**26th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 140 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

## ‘ਕਾਲਾ ਹਿਰਨ’ ਦੇ ਟੀਜ਼ਰ ਨੂੰ ਹਟਾਉਣ ਦਾ ਹੁਕਮ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ‘ਕਾਲਾ ਹਿਰਨ:ਦ ਬੈਟਲ ਫਾਰ ਲਿਗੇਸੀ’ ਫਿਲਮ ਦੇ ਟੀਜ਼ਰ ਨੂੰ ਹਟਾਉਣ ਦਾ ਹੁਕਮ ਦਿੱਤਾ ਹੈ। ਅਦਾਲਤ ਨੇ ਫਿਲਮ ਦੇ ਡਾਇਰੈਕਟਰ ‘ਤੇ ਸਵਾਲ ਉਠਾਉਂਦੇ ਹੋਏ ਕਿਹਾ ਕਿ ਇਹ ਕਿਸ ਤਰ੍ਹਾਂ ਦੀ ਸਮੱਗਰੀ ਪੇਸ਼ ਕੀਤੀ ਜਾ ਰਹੀ ਹੈ। ਜਸਟਿਸ ਜੋਤੀ ਸਿੰਘ ਦੇ ਬੈਂਚ ਨੇ ਟਿੱਪਣੀ ਕੀਤੀ ਕਿ ਫਿਲਮ ਨਿਰਮਾਤਾ ਨੂੰ ਲੱਗਦਾ ਹੈ ਕਿ ਉਹ ਕਾਨੂੰਨ ਤੋਂ




ਉੱਪਰ ਹਨ। ਬੈਂਚ ਨੇ ਅੱਗੇ ਕਿਹਾ ਕਿ ਇਹ ਫਿਲਮ ਅਦਾਕਾਰ ਸਲਮਾਨ ਖ਼ਾਨ ਦੇ ਵੱਕਾਰ ਨੂੰ ਨੁਕਸਾਨ ਪਹੁੰਚਾ ਰਹੀ ਹੈ।

## ਐਂਟੀ ਪੇਪਰ-ਲੀਕ....

(ਪਹਿਲੇ ਸਫ਼ੇ ਦਾ ਬਾਕੀ)

ਬਾਅਦ ਮੰਗਲਵਾਰ ਤੋਂ ਮੌਨਸੂਨ ਸੈਸ਼ਨ ਦੇ ਆਮ ਤੌਰ ‘ਤੇ ਚੱਲਣ ਦੀ ਉਮੀਦ ਬਣੀ ਅਤੇ ਰੁਕਿਆ ਹੋਇਆ ਵਿਧਾਨਕ ਕੰਮਕਾਜ ਰਫ਼ਤਾਰ ਫੜ ਸਕਦਾ ਹੈ। ਇਸ ਬਿੱਲ ‘ਤੇ ਛੇ ਘੰਟੇ ਚਰਚਾ ਕਰਨ ਦਾ ਪ੍ਰਸਤਾਵ ਆਇਆ ਸੀ। ਇਸ ‘ਚ ਪੇਪਰ ਲੀਕ ਨਾਲ ਜੁੜੇ ਮਾਮਲਿਆਂ ‘ਚ ਹੁਣ ਵੱਧ ਤੋਂ ਵੱਧ 10 ਸਾਲ ਦੀ ਸਜ਼ਾ ਤੇ 10 ਕਰੋੜ ਰੁਪਏ ਜੁਰਮਾਨੇ ਦਾ ਪ੍ਰਸਤਾਵ ਹੈ। ਇਸ ਦੌਰਾਨ ਜਾਂਚ ਤੇ ਸੁਣਵਾਈ ਦੋਵੇਂ ਇਕੱਠੇ ਚੱਲਣਗੀਆਂ। ਜਾਂਚ ਦੋ ਮਹੀਨਿਆਂ ‘ਚ ਤੇ ਸੁਣਵਾਈ ਤਿੰਨ ਮਹੀਨਿਆਂ ਵਿਚ ਪੂਰੀ ਕਰਕੇ ਸਜ਼ਾ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ। ਲੋਕ ਸਭਾ ‘ਚ ਕੇਂਦਰੀ ਮੰਤਰੀ ਜਿਤੇਂਦਰ ਸਿੰਘ ਨੇ ਬਿੱਲ ਪੇਸ਼ ਕੀਤਾ। ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਅੰਦੋਲਨ ‘ਚ ਸ਼ਾਮਲ ਵਿਦਿਆਰਥੀਆਂ ਖ਼ਿਲਾਫ਼ ਦਰਜ ਮਾਮਲੇ ਵਾਪਸ ਲੈਣ ਦੀ ਮੰਗ ਕੀਤੀ।

## ਦਲ-ਬਦਲੀ ਵਿਰੋਧੀ ਕਾਨੂੰਨ ਦੀ ਵਿਆਖਿਆ ’ਤੇ ਕੇਂਦਰ ਨੂੰ ਸੁਪਰੀਮ ਕੋਰਟ ਦਾ ਨੋਟਿਸ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕਪਿਲ ਸਿੱਬਲ ਵੱਲੋਂ ਦਾਇਰ ਕੀਤੀ ਗਈ ਜਨਹਿੱਤ ਪਟੀਸ਼ਨ ‘ਤੇ ਕੇਂਦਰ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਹੈ, ਜਿਸ ਵਿਚ ਸੰਵਿਧਾਨ ਦੇ ਦਸਵੇਂ ਸ਼ਡਿਊਲ ਦੀ ਵਿਆਖਿਆ ਨੂੰ ਚੁਣੌਤੀ ਦਿੱਤੀ ਗਈ ਹੈ। ਇਸ ਸ਼ਡਿਊਲ ਤਹਿਤ ਕਿਸੇ ਸਿਆਸੀ ਪਾਰਟੀ ਵਿਚ ਰਲੇਵੇਂ ਦੇ ਰਸਤੇ ਨੂੰ ਅਪਣਾਉਂਦੇ ਹੋਏ ਸੰਸਦ ਮੈਂਬਰ ਜਾਂ ਵਿਧਾਇਕ ਦਲ-ਬਦਲੀ ਕਾਨੂੰਨ ਤਹਿਤ ਅਯੋਗਤਾ ਤੋਂ ਬੱਚ ਜਾਂਦੇ ਹਨ।

ਜੱਜ ਪੀਐੱਸ ਨਰਸਿੰਹਾ ਅਤੇ ਆਲੋਕ ਅਰਾਧੇ ਦੇ ਬੈਂਚ ਨੇ ਕੇਂਦਰ ਸਰਕਾਰ ਨੂੰ ਇਸ ‘ ਪਟੀਸ਼ਨ ‘ਤੇ ਨੋਟਿਸ ਜਾਰੀ ਕੀਤਾ। ਭਾਰਤ ਦੇ ਦਲ-ਬਦਲ ਵਿਰੋਧੀ ਕਾਨੂੰਨ, ਜਿਸ ਨੂੰ ਐਂਟੀ-



ਡਿਫੈਕਸ਼ਨ ਲਾਅ ਵੀ ਕਿਹਾ ਜਾਂਦਾ ਹੈ, ਵਿਚ ਵੱਡੀਆਂ ਮੁਸ਼ਕਲਾਂ ਦਾ ਜ਼ਿਕਰ ਕਰਦਿਆਂ ਬੈਂਚ ਨੇ ਕਿਹਾ ਕਿ ਦਸਵਾਂ ਸ਼ਡਿਊਲ ਜੋ ਕਿ ਵਿਧਾਇਕਾਂ ਦੇ ਦਲ-ਬਦਲ ਨੂੰ ਕੰਟਰੋਲ ਵਿਚ ਜਾਧ ਲਵ ਕਰਦਾ ਹੈ, ਸੰਸਦ ਨੇ ਹੀ ਬਣਾਇਆ ਸੀ ਅਤੇ ਇਸ ਲਈ ਸਹੀ ਤਰੀਕਾ ਤੈਅ ਕਰਨਾ ਵਿਧਾਇਕਾ ਦਾ ਕੰਮ ਹੈ।

ਸਿੱਬਲ ਨੇ ਦਲੀਲ ਦਿੱਤੀ ਹੈ ਕਿ ਇਸ ਮਸਲੇ ਦਾ ਸਾਡੀ ਰਾਜਨੀਤੀ ਉੱਤੇ ਅਸਰ ਪੈ ਸਕਦਾ ਹੈ। ਇਸ ਦੀ ਵਿਆਖਿਆ ਦੇ ਕਾਰਨ ਕੋਈ ਅਲਪਸੰਖਿਆਕ ਪਾਰਟੀ ਬਹੁਮਤ ਵਾਲੀ ਪਾਰਟੀ ਬਣ ਸਕਦੀ ਹੈ। ਦਰਅਸਲ, ਇਹ ਪਟੀਸ਼ਨ ਹਾਲ ਹੀ ਵਿਚ ਹੋਈਆਂ ਉਨ੍ਹਾਂ ਘਟਨਾਵਾਂ ਦੇ ਬਾਅਦ ਦਾਇਰ ਕੀਤੀ ਗਈ ਹੈ ਜਿੱਥੇ ਵਿਧਾਇਕਾਂ ਨੇ ਦਲ-ਬਦਲ ਵਿਰੋਧੀ ਕਾਨੂੰਨ ਦੇ ਤਹਿਤ ਵਿਲੀਨ ਹੋਣ ਦੇ ਪ੍ਰਵਿਧਾਨ ਦਾ ਇਸਤੇਮਾਲ ਕਰ ਕੇ ਪਾਰਟੀਆਂ ਬਦਲੀਆਂ ਹਨ।

## ਹਰਸਿਮਰਤ ਕੌਰ ਬਾਦਲ ਨੇ ਫਾਰਮੇਸੀ ਅਫ਼ਸਰ ਪੇਪਰ ਲੀਕ ਮਾਮਲੇ ’ਚ ਐਫ. ਆਈ. ਆਰ. ਕੀਤੀ ਜਨਤਕ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਬ) ਦੇ ਸੀਨੀਅਰ ਆਗੂ ਤੇ ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਫਾਰਮੇਸੀ ਅਫ਼ਸਰਾਂ ਦੀ ਭਰਤੀ ਪ੍ਰੀਖਿਆ ਦਾ ਪੇਪਰ ਲੀਕ ਹੋਣ ਬਾਰੇ ਮੁੱਖ ਮੰਤਰੀ ਦੇ ਝੂਠ ਨੂੰ ਬੇਨਕਾਬ ਕੀਤਾ, ਜਿਨ੍ਹਾਂ ਦਾਅਵਾ ਕੀਤਾ ਸੀ ਕਿ ਸਕੈਨਰ ਪੈੱਨ ਦੀ ਵਰਤੋਂ ਪ੍ਰਸ਼ਨ ਪੱਤਰ ਸੈਂਟਰ ਤੋਂ ਬਾਹਰ ਭੇਜਣ ਵਾਸਤੇ ਕੀਤੀ ਗਈ ਸੀ ਤਾਂ ਜੋ ਨਕਲ ਕਰਵਾਈ ਜਾ ਸਕੇ ਤੇ ਉਨ੍ਹਾਂ ਨੇ ਇਸ ਮਾਮਲੇ ਵਿਚ ਉਸ ਐਫ.ਆਈ.ਆਰ. ਦੀ ਕਾਪੀ ਵੀ ਜਾਰੀ



ਕੀਤੀ ਜਿਸ ਵਿਚ ਅਜਿਹੇ ਕਿਸੇ ਵੀ ਸਕੈਨਰ ਪੈੱਨ ਦਾ ਜ਼ਿਕਰ ਨਹੀਂ ਕੀਤਾ ਗਿਆ। ਹਰਸਿਮਰਤ ਨੇਂ ਜ਼ੋਰ ਦੇ ਕੇ ਕਿਹਾ ਕਿ ਮੁੱਖ ਮੰਤਰੀ ਆਮ ਆਦਮੀ ਪਾਰਟੀ ਦੇ ਨਾਲ ਰਲ ਕੇ ਸਾਰੇ ਮਾਮਲੇ ‘ਤੇ ਪਰਦਾ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਮੌਜੂਦਾ ਜੱਜ ਨੂੰ ਕੇਸ ਦੀ ਜਾਂਚ ਸੌਂਪੀ ਜਾਣੀ ਚਾਹੀਦੀ ਹੈ ਤੇ ਦੋਸ਼ੀਆਂ ਖਿਲਾਫ ਕੇਸ ਦਰਜ ਹੋਣਾ ਚਾਹੀਦਾ ਹੈ।

## ਨੀਟ ਪੇਪਰ ਲੀਕ ਬਾਰੇ ਫਾਸਟ ਟਰੈਕ ਕੋਰਟ ’ਚ ਪਹਿਲੀ ਸੁਣਵਾਈ ਮੁਲਤਵੀ

ਨਵੀਂ ਦਿੱਲੀ:ਪੇਪਰ ਲੀਕ ਨੂੰ ਰੋਕਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਗਾਤਾਰ ਸੁਧਾਰ ਕਰਨ ‘ਤੇ ਜ਼ੋਰ ਦੇ ਰਹੇ ਹਨ, ਪਰ ਜਾਂਚ ਏਜੰਸੀ ਸੀਬੀਆਈ ਆਪਣਾ ਢਿੱਲਾ ਰਵੱਈਆ ਬਦਲਣ ਲਈ ਤਿਆਰ ਨਹੀਂ ਹੈ। ਪੇਪਰ ਲੀਕ ਨਾਲ ਜੁੜੇ ਮਾਮਲਿਆਂ ਵਿਚ ਤੇਜ਼ੀ ਨਾਲ ਸੁਣਵਾਈ ਕਰਕੇ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਦਿੱਲੀ ਹਾਈ ਕੋਰਟ ਦੁਆਰਾ ਗਠਿਤ ਫਾਸਟ ਟਰੈਕ ਕੋਰਟ ਵਿਚ ਸੀਬੀਆਈ ਦੇ ਵਕੀਲ ਦੇ ਨਾ ਪਹੁੰਚਣ ਕਾਰਨ ਪਹਿਲੇ ਦਿਨ ਹੀ ਸੁਣਵਾਈ ਰੱਦ, ਕਰਨੀ ਪਈ। ਨੀਟ ਪੇਪਰ ਲੀਕ ਦੇ ਦੋ ਦੋਸ਼ੀਆਂ ਦੀ ਜਮਾਨਤ ਪਟੀਸ਼ਨ ‘ਤੇ ਸੋਮਵਾਰ ਨੂੰ ਸੁਣਵਾਈ ਦੌਰਾਨ ਵਿਸ਼ੇਸ਼ ਜੱਜ ਅਨੁ ਗਰੋਵਰ ਬਲੀਗਾ ਨੇ ਸੁਣਵਾਈ ਨੂੰ ਤਿੰਨੋ ਅਗਸਤ ਤੱਕ ਲਈ ਮੁਲਤਵੀ ਕਰ ਦਿੱਤਾ। ਦੱਸਣਯੋਗ ਹੈ ਕਿ ਇਸ ਮਸਲੇ ਕਾਰਨ ਦੇਸ਼ ਵਿਚ ਕਾਫ਼ੀ ਚਿਰ ਤੋਂ ਵਿਰੋਧਤਾ ਹੁੰਦੀ ਆ ਰਹੀ ਹੈ ਤੇ ਇਕ ਅੰਦੋਲਨ ਵੀ ਕੀਤਾ ਗਿਆ ਹੈ।

## ਧਰਮ ਬਦਲਣ ’ਤੇ ਐੱਸ.ਸੀ. ਦਾ ਦਰਜਾ ਖ਼ਤਮ: ਅਦਾਲਤ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਉਸ ਫ਼ੈਸਲੇ ‘ਤੇ ਮੁੜ ਵਿਚਾਰ ਦੀ ਮੰਗ ਵਾਲੀ ਪਟੀਸ਼ਨ ਖ਼ਾਰਜ ਕਰ ਦਿੱਤੀ ਹੈ, ਜਿਸ ਵਿਚ ਕਿਹਾ ਗਿਆ ਸੀ ਕਿ ਅਨੁਸੂਚਿਤ ਜਾਤੀ ਵਰਗ ਦਾ ਕੋਈ ਵੀ ਵਿਅਕਤੀ ਜੇ ਹਿੰਦੂ, ਸਿੱਖ ਜਾਂ ਬੋਧ ਧਰਮ ਤੋਂ



ਇਲਾਵਾ ਕੋਈ ਹੋਰ ‘ਧਰਮ ਅਪਣਾਉਂਦਾ ਹੈ ਤਾਂ ਧਰਮ ਤਬਦੀਲ ਸਮੇਂ ਉਸ ਦਾ ਐੱਸਸੀ ਦਾ ਦਰਜਾ ਖ਼ਤਮ ਹੋ ਜਾਵੇਗਾ। ਜਸਟਿਸ ਪ੍ਰਸ਼ਾਂਤ ਕੁਮਾਰ ਮਿਸ਼ਰਾ ਤੇ ਮਨਮੋਹਨ ਦੇ ਬੈਂਚ ਨੇ ਕਿਹਾ ਕਿ 24 ਮਾਰਚ ਨੂੰ ਦਿੱਤੇ ਗਏ. ਫ਼ੈਸਲੇ ਵਿਚ ਕੋਈ ਵੀ ਸਪੱਸ਼ਟ ਗ਼ਲਤੀ ਨਹੀਂ ਸੀ, ਜਿਸ ਦੇ ਆਧਾਰ ‘ਤੇ ਉਸ ਨੂੰ ਬਦਲਿਆ ਜਾਵੇ। ਸਰਬਉੱਚ ਅਦਾਲਤ ਨੇ ਕਿਹਾ ਕਿ ਅਸੀਂ ਮੁੜ ਵਿਚਾਰ ਪਟੀਸ਼ਨ ਦੇਖੀ ਹੈ, ਅਸੀਂ 24 ਮਾਰਚ ਦੇ ਫੈਸਲੇ ਨੂੰ ਵੀ ਪੜ੍ਹਿਆ ਹੈ, ਜਿਸ ਵਿਚ ਮੁੜ ਵਿਚਾਰ ਦੀ ਮੰਗ ਕੀਤੀ ਗਈ ਹੈ। ਫ਼ੈਸਲੇ ਵਿਚ ਕੋਈ ਗ਼ਲਤੀ ਨਹੀਂ ਦਿਸਦੀ।

ਮਹੱਤਵਪੂਰਨ ਹੈ।“ ਜਦੋਂ ਇਕ ਵਕੀਲ ਨੇ ਕਿਹਾ ਕਿ ਪੁਲਿਸ ਮੁਲਾਜ਼ਮਾਂ ਦੀ ਵੀ ਕੁੱਟਮਾਰ ਕੀਤੀ ਗਈ ਸੀ, ਤਾਂ ਬੈਂਚ ਨੇ ਕਿਹਾ ਕਿ ਹਰ ਵਿਅਕਤੀ ਦਾ ਜੀਵਨ ਮਹੱਤਵਪੂਰਨ ਹੈ। ਚਾਹੇ ਉਹ ਕੋਈ ਵੀ ਹੋਵੇ। ਜਸਟਿਸ ਬਾਗਚੀ ਨੇ ਕਿਹਾ, “ਚਾਹੇ ਪੁਲਿਸ ਮੁਲਾਜ਼ਮ ਹੋਣ ਜਾਂ ਵਿਦਿਆਰਥੀ, ਕਿਸੇ ਨੂੰ ਵੀ ਸੱਟ ਪਹੁੰਚਣਾ ਬਰਾਬਰ ਤੌਰ ‘ਤੇ ਚਿੰਤਾ ਦਾ ਵਿਸ਼ਾ ਹੈ। ਅਸੀਂ ਰਾਜ ਸਰਕਾਰ ਤੋਂ ਇਹ ਸਵਾਲ ਕਰ ਸਕਦੇ ਹਾਂ’ ਕਿ ਅਜਹੀਆਂ ਸਥਿਤੀਆਂ ਨਾਲ ਨਜਿੱਠਣ ਲਈ ਪੁਲਿਸ ਨੂੰ ਯੋਗ ਯੰਤਰ ਕਿਉਂ ਨਹੀਂ ‘ ਦਿੱਤੇ ਜਾਂਦੇ? ਉਨ੍ਹਾਂ ਕੋਲ ਹੈਲਮਟ ਹੋਣੇ ਚਾਹੀਦੇ ਹਨ।“ ਇਸ ਤੋਂ ਪਹਿਲਾਂ, ਸੁਪਰੀਮ ਕੋਰਟ ਮੁਜ਼ਾਹਰਾਕਾਰੀ ਵਿਦਿਆਰਥੀਆਂ ਖ਼ਿਲਾਫ਼ ਪੁਲਿਸ ਦੀਆਂ ਜ਼ਿਆਦਤੀਆਂ ਦਾ ਦੋਸ਼ ਲਗਾਉਣ ਵਾਲੀਆਂ ਪਟੀਸ਼ਨਾਂ ਸੁਣਵਾਈ ਕਰਨ ‘ਤੇ ਸਹਿਮਤ ਹੋ ਗਿਆ ਸੀ। ਇਕ ਪਟੀਸ਼ਨ ਵਿਚ ਜਨਤਕ ਪ੍ਰਦਰਸ਼ਨਾਂ ਦੌਰਾਨ ਪੁਲਿਸ ਦੀ ਕਾਰਵਾਈ ਨੂੰ ਕੰਟਰੋਲ ਕਰਨ ਲਈ ਰਾਸ਼ਟਰੀ ਪੱਧਰ ‘ਤੇ ਦਿਸ਼ਾ- ਨਿਰਦੇਸ਼ਾਂ ਦੀ ਮੰਗ ਕੀਤੀ ਗਈ ਹੈ। ਸ਼ੈਲੇਂਦਰ ਮਣੀ ਤ੍ਰਿਪਾਠੀ ਵੱਲੋਂ ਦਾਇਰ ਕੀਤੀ ਗਈ ਇਸ ਪਟੀਸ਼ਨ ਵਿਚ ਕੇਂਦਰ, ਦਿੱਲੀ ਸਰਕਾਰ, ਤੇ ਪੁਲਿਸ ਕਮਿਸ਼ਨਰ ਅਤੇ ਸਾਰੇ ਰਾਜਾਂ ਨੂੰ ਧਿਰ ਬਣਾਇਆ ਗਿਆ ਹੈ। ਇਸ ਦੌਰਾਨ, ਆਰਜੇਡੀ ਸੰਸਦ ਮੈਂਬਰ ਮਨੋਜ ਕੁਮਾਰ ਝਾਅ ਨੇ ਨੀਟ ਪੇਪਰ

## ਸ਼ਾਂਤਮਈ ਵਿਰੋਧ ਨਾਗਰਿਕਾਂ ਦਾ ਹੱਕ-ਸੁਪਰੀਮ ਕੋਰਟ

(ਪਹਿਲੇ ਸਫ਼ੇ ਦਾ ਬਾਕੀ)

ਲੀਕ ਦੇ ਖ਼ਿਲਾਫ਼ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ‘ਤੇ ਪੁਲਿਸ ਦੀ ਜ਼ਿਆਦਤੀ ਦੇ ਮਾਮਲੇ ਵਿਚ ਐੱਫਆਈਆਰ ਦਰਜ ਕਰਨ ਲਈ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਹੈ। ਦੱਸਿਆ ਕਿ ਕੇਂਦਰ ਸਰਕਾਰ ਨੇ ਇਸ ਮਾਮਲੇ ਨੂੰ ਬਹੁਤ ਗੰਭੀਰਤਾ ਨਾਲ ਲਿਆ ਹੈ।

## ਦੇਖਾਂਗੇ ਕਿ ਟਾਸਕ ਫੋਰਸ ਕੀ ਸੁਝਾਅ ਦਿੰਦੀ ਹੈ

ਸੁਪਰੀਮ ਕੋਰਟ ਨੇ ਸੋਮਵਾਰ ਨੂੰ ਕਿਹਾ ਕਿ ਉਹ ਦੇਖੇਗਾ ਕਿ ਸਰਕਾਰ ਵੱਲੋਂ ਨੰਦਨ ਨੀਲੇਕਣੀ ਦੀ ਅਗਵਾਈ ਵਿਚ ਬਣਾਈ ਗਈ ਹਾਈ-ਪਾਵਰ ਟਾਸਕ ਫੋਰਸ ਆਨਲਾਈਨ ਮੈਡੀਕਲ ਪ੍ਰਵੇਸ਼ ਪ੍ਰੀਖਿਆ ਕਰਨ ‘ਤੇ ਕੀ ਸੁਝਾਅ ਦਿੰਦੀ ਹੈ। ਜਸਟਿਸ ਪੀਐੱਸ ਨਰਸਿਮ੍ਹਾ ਅਤੇ ਆਲੋਕ ਅਰਾਧੇ ਦੇ ਬੈਂਚ ਨੇ ਕਿਹਾ ਕਿ ਲੀਕ ਤੋਂ ਹਟ ਕੇ ਸੁਝਾਅ ਦੀ ਲੋੜ ਹੈ। ਖਾਸ ਕਰਕੇ ਜਦੋਂ ਮੈਡੀਕਲ ਪ੍ਰਵੇਸ਼ ਪ੍ਰੀਖਿਆ ਨੂੰ ਫਿਜ਼ੀਕਲ ਮੋਡ ਤੋਂ ਆਨਲਾਈਨ ਮੋਡ ਵਿਚ ਬਦਲਿਆ ਜਾ ਰਿਹਾ ਹੋਵੇ। ਸਾਨੂੰ ਸਾਈਬਰ ਸੁਰੱਖਿਆ ਅਤੇ ਡਾਟਾਬੇਸ ਸੁਰੱਖਿਆ ਦੇ ਸਬੰਧ ਵਿਚ ਕੁਝ ਵਾਧੂ ਉਪਾਅ ਦੀ ਲੋੜ ਹੈ। ਕੇਂਦਰ ਵੱਲੋਂ ਪੇਸ਼ ਹੋਏ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਬੈਂਚ ਨੂੰ

## ਚੜ੍ਹਾਵਾ ਚੋਰੀ ਮਾਮਲਾ- ਐੱਸ.ਆਈ.ਟੀ. ਦੀ ਕਮਾਨ ਕਿਰਨ ਐੱਸ.ਦੇ ਹੱਥ



ਉੱਤਰ ਪ੍ਰਦੇਸ਼ ਸਰਕਾਰ ਨੇ ਸੋਮਵਾਰ ਨੂੰ ਸੁਪਰੀਮ ਕੋਰਟ ਨੂੰ ਦੱਸਿਆ ਕਿ ਉਸ ਨੇ ਅਯੁੱਧਿਆ ਸਥਿਤ ਰਾਮ ਮੰਦਰ ‘ਚ ਕਥਿਤ ਚੜ੍ਹਾਵਾ ਚੋਰੀ ਦੀ ਜਾਂਚ ਲਈ ਆਜੀਪੀ ਕਿਰਨ ਐੱਸ. ਦੀ ਪ੍ਰਧਾਨਗੀ ‘ਚ ਚਾਰ ਮੈਂਬਰਾਂ ਵਾਲੀ ਇਕ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਬਣਾਈ ਹੈ। ਸੁਪਰੀਮ ਕੋਰਟ ਨੇ ਸੂਬਾਈ ਸਰਕਾਰ ਤੋਂ ਐੱਸਆਈਟੀ ‘ਚ ਪੰਜਵੇਂ ਮੈਂਬਰ ਵਜੋਂ ਇਕ ‘ਫੋਰੈਂਸਿਕ ਆਡੀਟਰ’ ਸ਼ਾਮਲ ਕਰਨ ਲਈ ਵੀ ਕਿਹਾ, ਜੋ ਦੋ ਹਫ਼ਤੇ ਦੇ ਅੰਦਰ ਪਹਿਲੀ ਸਥਿਤੀ ਰਿਪੋਰਟ ਸੌਂਪੇਗੀ। ਚੀਫ ਜਸਟਿਸ ਸੂਰਿਆਕਾਂਤ, ਜਸਟਿਸ ਜੋਇਮਾਲਿਆ ਬਾਗਚੀ ਤੇ ਜਸਟਿਸ ਵੀ. ਮੋਹਨਾ ਦੇ ਬੈਂਚ ਨੇ ਸੂਬਾਈ ਸਰਕਾਰ ਵੱਲੋਂ ਪੇਸ਼ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਦੀਆਂ ਦਲੀਲਾਂ ‘ਤੇ ਗ਼ੌਰ ਕੀਤਾ। ਉਨ੍ਹਾਂ ਨੇ ਦੱਸਿਆ ਕਿ ਸੁਪਰੀਮ ਕੋਰਟ ਦੇ ਸੁਝਾਅ ਤੋਂ ਬਾਅਦ 25 ਜੁਲਾਈ ਨੂੰ ਜਾਰੀ ਇਕ ਨੋਟੀਫਿਕੇਸ਼ਨ ਰਾਹੀਂ ਐੱਸਆਈਟੀ ਦਾ ਗਠਨ ਕੀਤਾ ਗਿਆ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਕਪੂਰ ਪਰਿਵਾਰ ਵਲੋਂ ਗੁਰਦੁਆਰਾ ਸਾਹਿਬ ਪੈਲਾਟਾਈਨ ਲਈ 20,000 ਡਾਲਰ ਦੀ ਰਾਸ਼ੀ ਭੇਟ

**ਸ਼ਿਕਾਗੋ:** ਸਿੱਖ ਰਿਲੀਜੀਅਸ ਸੁਸਾਇਟੀ ਗੁਰਦੁਆਰਾ ਸਾਹਿਬ ਪੈਲਾਟਾਈਨ ਵਿਖੇ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ



ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਗੁਰੂਘਰ ਦੇ ਸ਼ਰਧਾਲੂ ਕਪੂਰ ਪਰਿਵਾਰ ਵਲੋਂ ਰਖਵਾਏ ਗਏ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਗੁਰਦੁਆਰਾ ਸਾਹਿਬ ਦੇ ਕੀਰਤਨੀ ਜਥਿਆਂ ਵਲੋਂ ਰਸਭਿੰਨੇ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ ਗਿਆ।

ਸ. ਰਵੀ ਸਿੰਘ ਕਪੂਰ ਅਤੇ ਬੀਬੀ ਪਰਮਜੀਤ ਕੌਰ ਵਲੋਂ ਗੁਰੂਘਰ ਵਿਖੇ ਲਾਏ ਜਾਣ ਵਾਲੇ ਗੁੰਬਦ ਲਈ 20 ਹਜ਼ਾਰ ਡਾਲਰ ਦੀ ਸੇਵਾ ਦਿੱਤੀ ਗਈ ਹੈ। ਕਪੂਰ ਪਰਿਵਾਰ ਵਲੋਂ ਹੀ ਲੰਗਰ ਦੀ ਸੇਵਾ ਵੀ ਕੀਤੀ ਗਈ। ਗੁਰੂਘਰ ਦੇ ਸਕੱਤਰ ਸਤਿੰਦਰ ਸਿੰਘ ਬ੍ਰਹਮ ਨੇ ਦੱਸਿਆ ਕਿ ਕਪੂਰ ਪਰਿਵਾਰ ਗੁਰੂਘਰ ਵਿਚ ਧਨ, ਮਨ, ਧਨ ਨਾਲ ਸੇਵਾ ਕਰਦੇ ਰਹਿੰਦੇ ਹਨ ਅਤੇ ਉਹ ਪਾਲਕੀ ਸਾਹਿਬ ਦੀ ਸੇਵਾ ਲੈਣਾ ਚਾਹੁੰਦੇ ਸਨ, ਪਰ ਪਾਲਕੀ ਸਾਹਿਬ ਨਾਲ ਸੰਗਤ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ, ਇਸ ਕਰਕੇ ਉਨ੍ਹਾਂ ਨੂੰ ਜਦੋਂ ਦੱਸਿਆ ਗਿਆ ਕਿ ਭਾਰਤ ਵਿਚ ਗੁਰਦੁਆਰਾ ਸਾਹਿਬ ਲਈ ਗੁੰਬਦ ਤਿਆਰ ਕੀਤਾ ਜਾ ਰਿਹਾ ਹੈ ਤਾਂ ਉਨ੍ਹਾਂ ਗੁੰਬਦ ਲਈ 20,000 ਡਾਲਰ ਦੀ ਰਾਸ਼ੀ ਭੇਟਾ ਕੀਤੀ ਹੈ। ਉਨ੍ਹਾਂ ਦੀ ਇਸ ਸੇਵਾ ਲਈ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ. ਤਰਲੋਚਨ ਸਿੰਘ ਮੁਲਤਾਨੀ ਅਤੇ ਪ੍ਰਬੰਧਕ ਕਮੇਟੀ ਵਲੋਂ ਉਨ੍ਹਾਂ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਕਪੂਰ ਪਰਿਵਾਰ ਵਲੋਂ ਹਰ ਸਾਲ ਗੁਰੂ ਹਰਿਕ੍ਰਿਸ਼ਨ ਜੀ ਦੇ ਗੁਰਪੁਰਬ ਮੌਕੇ ਸਮਾਗਮ ਕਰਵਾਏ ਜਾਂਦੇ ਹਨ। ਇਹ ਪਰਿਵਾਰ ਗੁਰਬਾਣੀ ਅਤੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ 'ਤੇ ਪਹਿਰਾ ਦਿੰਦਿਆਂ ਧਾਰਮਿਕ ਕਾਰਜਾਂ ਵਿਚ ਵਧ-ਚੜ੍ਹ ਕੇ ਹਿੱਸਾ ਲੈਂਦਾ ਹੈ।




# ਗੁਰਦੁਆਰਾ ਸਾਹਿਬ ਪੈਲਾਟਾਈਨ ਲਾਇਬ੍ਰੇਰੀ ਨੂੰ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਯਾਦ ਨੂੰ ਸਮਰਪਿਤ ਕਰਨ ਦਾ ਫੈਸਲਾ

**ਪੈਲਾਟਾਈਨ:** ਐਸ.ਆਰ.ਐਸ. (SRS) ਗੁਰਦੁਆਰਾ ਕਮੇਟੀ ਪੈਲਾਟਾਈਨ ਵੱਲੋਂ ਸਮੂਹ ਸੰਗਤਾਂ ਨਾਲ਼ ਇਹ ਸੂਚਨਾ ਸਾਂਝੀ ਕੀਤੀ ਜਾਂਦੀ ਹੈ ਕਿ ਲੰਘੀ ਐਤਵਾਰ 19 ਜੁਲਾਈ ਦੀ ਬੋਰਡ ਮੀਟਿੰਗ ਵਿਚ ਮੁੱਖ ਸੇਵਾਦਾਰ ਸ. ਤਰਲੋਚਨ ਸਿੰਘ ਮੁਲਤਾਨੀ ਨੇ ਗੁਰਦੁਆਰਾ ਸਾਹਿਬ ਦੀ ਲਾਇਬ੍ਰੇਰੀ ਕੌਮੀ ਸ਼ਹੀਦ, ਮਨੁੱਖੀ ਹੱਕਾਂ ਦੇ ਰਾਖੇ ਭਾਈ ਜਸਵੰਤ ਸਿੰਘ ਖਾਲੜਾ ਦੇ ਨਾਂ ਸਮਰਪਿਤ ਕਰਨ ਦਾ ਮਤਾ ਲਿਆਂਦਾ, ਜਿਸ ਨੂੰ ਸਾਰੇ ਬੋਰਡ ਮੈਂਬਰਾਂ ਨੇ ਸਿਰ-ਮੱਥੇ ਮੰਨਿਆ ਅਤੇ ਇਸ ਮਤੇ ਦੀ ਪ੍ਰਸ਼ੰਸਾ ਕੀਤੀ। ਇਸ ਇਕੱਤਰਤਾ ਵਿਚ ਸ਼ਾਮਲ ਸੰਗਤ ਨੇ ਵੀ ਇਸ ਉੱਦਮ ਨੂੰ ਸਲਾਹਿਆ।



ਸ਼ਹੀਦ ਭਾਈ ਖਾਲੜਾ ਨੇ ਜਿਸ ਦਲੇਰੀ ਨਾਲ ਮਜ਼ਲੂਮਾਂ ਦੀ ਆਵਾਜ਼ ਬੁਲੰਦ ਕੀਤੀ ਅਤੇ ਇਨਸਾਫ਼ ਲਈ ਸਰਕਾਰੀ ਤੰਤਰ ਖ਼ਿਲਾਫ ਅਣਥੱਕ ਲੜਾਈ ਲੜੀ, ਉਹ ਦੁਨੀਆ ਅੰਦਰ ਮਿਸਾਲ ਬਣੀ। ਉਨ੍ਹਾਂ ਦੀ ਯਾਦ ਸਿੱਖ ਕੌਮ ਦਾ ਅਟੁੱਟ ਹਿੱਸਾ ਹੈ। ਪੂਰੀ ਦੁਨੀਆ ਸ਼ਹੀਦ ਭਾਈ ਖਾਲੜਾ ਦੀ ਇਸ ਘਾਲਣਾ ਨੂੰ ਮੰਨਦੀ ਹੈ ਕਿ ਉਨ੍ਹਾਂ ਨੇ ਕਿਸ ਤਰ੍ਹਾਂ ਸਰਕਾਰੀ ਜਬਰ-ਜ਼ੁਲਮ, ਪੁਲਿਸ ਤਸ਼ੱਦਦ ਅਤੇ ਬੇਲਗਾਮ ਧੱਕੇਸ਼ਾਹੀ ਦਾ ਪਰਦਾਫਾਸ਼ ਕੀਤਾ।

ਇਹ ਸੁਝਾਅ ਸੰਗਤ ਦੇ ਸਤਿਕਾਰਯੋਗ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਹੋਰਾਂ ਵੱਲੋਂ ਪ੍ਰਧਾਨ ਤਰਲੋਚਨ ਸਿੰਘ ਮੁਲਤਾਨੀ ਪਾਸ ਲਿਆਂਦਾ ਗਿਆ ਸੀ, ਜਿਸ ਨੂੰ ਬੋਰਡ ਵੱਲੋਂ ਪ੍ਰਵਾਨ ਕਰਕੇ ਅਮਲੀ ਰੂਪ ਦੇਣ ਦਾ ਫ਼ੈਸਲਾ ਕਰ ਲਿਆ ਗਿਆ ਹੈ। ਇਸ ਤਹਿਤ ਲਾਇਬ੍ਰੇਰੀ ਵਿਚ ਸ਼ਹੀਦ ਭਾਈ ਖਾਲੜਾ ਦੇ ਮਨੁੱਖੀ ਅਧਿਕਾਰਾਂ ਲਈ ਕੀਤੇ ਸੰਘਰਸ਼ ਅਤੇ ਉਪਰਾਲਿਆਂ ਬਾਰੇ ਜਾਣਕਾਰੀ ਸਰੋਤ ਉਪਲੱਬਧ ਕਰਵਾਏ ਜਾਣਗੇ।

***-ਧੰਨਵਾਦ***
***ਸਤਿੰਦਰ ਸਿੰਘ ਬ੍ਰਹਮ***
***ਧਾਰਮਿਕ ਸਕੱਤਰ***
***ਐਸ.ਆਰ.ਐਸ, ਪੈਲਾਟਾਈਨ***









# ਮਿਡਵੈਸਟ ਦੇ ਪੰਜਾਬੀਆਂ ਵਲੋਂ ਪੰਜਾਬੀ ਸਾਹਿਤ ਦੇ ਸਤਿਕਾਰ ਵਿਚ ਸਮਾਗਮ

## ਵਿਦੇਸ਼ਾਂ ਵਿਚ ਮਾਂ ਬੋਲੀ ਨੂੰ ਦਰਪੇਸ਼ ਸਮਸਿਆਵਾਂ ਬਾਰੇ ਹੋਈ ਚਰਚਾ; ਕਵਿਤਾਵਾਂ, ਭਾਸ਼ਣਾਂ ਅਤੇ ਸੱਭਿਆਚਾਰਕ ਪ੍ਰਦਰਸ਼ਨੀਆਂ ਦਾ ਦਰਸ਼ਕਾਂ ਨੇ ਮਾਣਿਆ ਆਨੰਦ

**ਸ਼ਿਕਾਗੋ:** ਮਾਂ ਬੋਲੀ ਪੰਜਾਬੀ ਦੇ ਅਦਬ ਅਤੇ ਸਤਿਕਾਰ ਵਿਚ ਮਿਡਵੈਸਟ ਦੇ ਪੰਜਾਬੀ ਭਾਈਚਾਰੇ ਵਲੋਂ ਪਿਛਲੇ ਕੁਝ ਸਾਲਾਂ ਤੋਂ 'ਕੌਮਾਂਤਰੀ ਮਾਂ ਬੋਲੀ ਦਿਹਾੜਾ' ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਕਾਰਜ ਦੀ ਸ਼ੁਰੂਆਤ ਕਰਨ ਵਾਲੇ ਸਾਬਕਾ ਕੌਂਸਲਰ ਸ. ਰਣਜੀਤ ਸਿੰਘ ਭਾਵੇਂ ਹੁਣ ਭਾਰਤ ਵਿਚ ਹਨ, ਪਰ ਉਨ੍ਹਾਂ ਦੇ ਸਾਥ ਅਤੇ ਰਹਿਨੁਮਾਈ ਨਾਲ ਉਘੇ ਸ਼ਾਇਰ ਰਾਜ ਲਾਲੀ ਬਟਾਲਾ ਅਤੇ ਡਾ. ਹਰਜਿੰਦਰ ਸਿੰਘ ਖਹਿਰਾ ਵਲੋਂ ਉਘੇ ਕਾਰੋਬਾਰੀ ਅਤੇ ਪ੍ਰਵਾਸੀ ਭਾਰਤੀ ਸਨਮਾਨ ਜੇਤੂ ਸ. ਦਰਸ਼ਨ ਸਿੰਘ ਧਾਲੀਵਾਲ ਦੇ ਸਹਿਯੋਗ ਸਦਕਾ ਇਸ ਪ੍ਰੋਗਰਾਮ ਨੂੰ ਹੋਰ ਬੁਲੰਦੀਆਂ 'ਤੇ ਪਹੁੰਚਾਇਆ ਜਾ ਰਿਹਾ ਹੈ, ਜੋ ਸ਼ਲਾਘਾਯੋਗ ਉਪਰਾਲਾ ਹੈ। ਐਤਕੀਂ ਕੁਝ ਕਾਰਨਾਂ ਕਰਕੇ ਭਾਵੇਂ ਇਹ ਪ੍ਰੋਗਰਾਮ 'ਮਾਂ ਬੋਲੀ ਦਿਹਾੜੇ' ਮੌਕੇ ਫਰਵਰੀ ਵਿਚ ਨਹੀਂ, ਸਗੋਂ ਜੁਲਾਈ ਵਿਚ ਹੋਇਆ ਹੈ, ਪਰ ਸ਼ਾਮਬਰਗ ਦੇ ਨੈਸ਼ਨਲ ਇੰਡੀਆ ਹੱਬ ਦੇ ਖਚਾਖਚ ਭਰੇ ਹਾਲ ਵਿਚ ਸ਼ਿਕਾਗੋ, ਮਿਲਵਾਕੀ, ਇੰਡੀਅਨਐਪੋਲਿਸ ਤੋਂ ਪਹੁੰਚੇ ਮਾਂ ਬੋਲੀ ਦੇ ਜਾਇਆਂ ਦੀ ਸ਼ਮੂਲੀਅਤ ਤੋਂ ਇਸ ਦੀ ਸਫ਼ਲਤਾ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਸੀ।

ਵਿਦੇਸ਼ੀ ਧਰਤੀ 'ਤੇ ਮਾਂ ਬੋਲੀ ਨੂੰ ਪ੍ਰਫੁਲਿਤ ਕਰਨ ਲਈ ਲਗਾਤਾਰ ਯਤਨਸ਼ੀਲ ਪੰਜਾਬੀ ਪਿਆਰਿਆਂ ਦੀ ਮਿਹਨਤ ਦਾ ਫ਼ਲ ਐਤਕੀਂ ਬੱਚਿਆਂ ਦੀ ਪਿਛਲੇ ਸਾਲਾਂ ਨਾਲੋਂ ਵਧੇਰੇ ਸ਼ਮੂਲੀਅਤ ਦੇ ਰੂਪ ਵਿਚ ਮਿਲਿਆ। ਇਹ ਪ੍ਰੋਗਰਾਮ ਜਿੱਥੇ ਬੱਚਿਆਂ ਨੂੰ ਮਾਂ ਬੋਲੀ ਦੀ ਮਹੱਤਤਾ ਤੋਂ ਜਾਣੂ ਕਰਵਾਉਂਦਿਆਂ ਉਨ੍ਹਾਂ ਨੂੰ ਮਾਂ ਬੋਲੀ ਦੇ ਹੋਰ ਨੇੜੇ ਲੈ ਕੇ ਜਾਂਦਾ ਹੈ, ਉਥੇ ਹੀ ਜਦੋਂ ਅਮਰੀਕਾ ਦੇ ਜੰਮਪਲ ਬੱਚੇ ਪੰਜਾਬੀ ਵਿਚ ਕਵਿਤਾ ਪੜ੍ਹਦੇ, ਆਪਣੇ ਵਿਚਾਰਾਂ ਦੀ ਸਾਂਝ ਪਾਉਂਦੇ ਹਨ, ਤਾਂ ਇਹ ਖ਼ਦਸ਼ਾ ਵੀ ਦੂਰ ਹੁੰਦਾ ਹੈ ਕਿ ਪੰਜਾਬੀ ਭਾਸ਼ਾ ਨੂੰ ਕੋਈ ਖ਼ਤਰਾ ਹੈ। ਬੱਚਿਆਂ ਨੂੰ ਅਜਿਹੇ ਪ੍ਰੋਗਰਾਮਾਂ ਵਿਚ ਲੈ ਕੇ ਆਉਣ ਤੇ ਉਨ੍ਹਾਂ ਦੀ ਤਿਆਰੀ ਕਰਵਾਉਣ ਵਾਲੇ ਮਾਪੇ ਵੀ ਵਧਾਈ ਦੇ ਪਾਤਰ ਨੇ।

ਦੁਪਹਿਰ 2:00 ਵਜੇ ਤੋਂ ਦੇਰ ਸ਼ਾਮ ਤੱਕ ਚੱਲੇ ਇਸ ਪ੍ਰੋਗਰਾਮ ਦਾ ਵਿਸ਼ਾ ਸੀ – 'ਪੰਜਾਬੀ ਸਾਹਿਤ ਦਾ ਸਤਿਕਾਰ'। ਇਹ ਪ੍ਰੋਗਰਾਮ ਕਵਿਤਾਵਾਂ, ਭਾਸ਼ਣਾਂ ਅਤੇ ਸੱਭਿਆਚਾਰਕ ਪ੍ਰਦਰਸ਼ਨੀਆਂ ਦਾ ਸੁਮੇਲ ਸੀ, ਜਿਸ ਦਾ ਦਰਸ਼ਕਾਂ ਨੇ ਰੱਜ ਕੇ ਅਨੰਦ ਮਾਣਿਆ। ਲੇਖਕਾਂ, ਸ਼ਾਇਰਾਂ ਤੇ ਬੁਲਾਰਿਆਂ ਨੇ ਪੰਜਾਬੀਆਂ ਨੂੰ ਆਪਣੀਆਂ ਜੜ੍ਹਾਂ, ਵਿਰਸੇ ਅਤੇ ਮਾਂ ਬੋਲੀ ਨਾਲ ਜੁੜੇ ਰਹਿਣ ਅਤੇ ਬੱਚਿਆਂ ਨਾਲ ਘਰਾਂ ਵਿਚ ਪੰਜਾਬੀ ਬੋਲਣ ਦਾ ਹੋਕਾ ਦਿੱਤਾ।

ਪ੍ਰੋਗਰਾਮ ਦਾ ਆਗਾਜ਼ ਕਨਵੀਨਰ ਰਾਜ ਲਾਲੀ ਬਟਾਲਾ ਨੇ ਹਾਜ਼ਰੀਨ ਨੂੰ ਜੀ ਆਇਆਂ ਆਖ ਕੇ ਕੀਤਾ। ਡਾ. ਹਰਜਿੰਦਰ ਖਹਿਰਾ ਨੇ ਇਸ ਪ੍ਰੋਗਰਾਮ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤਕ ਦੇ ਸਫ਼ਰ ਬਾਰੇ ਗੱਲ ਕਰਦਿਆਂ ਅਗਲੇ ਸਾਲ ਤੋਂ ਸ. ਦਰਸ਼ਨ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਇਸ ਦਾ ਦਾਇਰਾ ਹੋਰ ਵਧਾਉਂਦਿਆਂ ਇਸ ਨੂੰ ਆਲਮੀ ਕਾਨਫਰੰਸ ਦੇ ਰੂਪ ਵਿਚ ਮਨਾਉਣ ਦਾ ਐਲਾਨ ਕੀਤਾ। ਉਨ੍ਹਾਂ ਆਖਿਆ ਕਿ ਇਸ ਪ੍ਰੋਗਰਾਮ ਨੂੰ ਸ਼ੁਰੂ ਤੋਂ ਹੀ ਗੈਰ-ਸਿਆਸੀ, ਗੈਰ-ਮਜ਼ਬੀ ਅਤੇ ਗੈਰ-ਮੁਲਕੀ ਰੱਖਿਆ ਗਿਆ ਹੈ ਤਾਂ ਕਿ ਹਰ ਪੰਜਾਬੀ ਇਸ ਵਿਚ ਸ਼ਿਰਕਤ ਕਰ ਸਕੇ। ਪ੍ਰੋਗਰਾਮ ਦਾ ਉਦੇਸ਼ ਬੱਚਿਆਂ ਨੂੰ ਮਾਂ ਬੋਲੀ ਨਾਲ ਜੋੜਨਾ ਹੈ। ਉਨ੍ਹਾਂ ਦੇ ਪ੍ਰੋਗਰਾਮ ਦੇ ਸਪਾਂਸਰਾਂ ਦਾ ਖਾਸ ਤੌਰ 'ਤੇ ਧੰਨਵਾਦ ਕੀਤਾ, ਜਿਨ੍ਹਾਂ ਦੀ ਮਦਦ ਨਾਲ ਹੀ ਇਹ ਪ੍ਰੋਗਰਾਮ ਕਰਾਉਣਾ ਸੰਭਵ ਹੁੰਦਾ ਹੈ। ਪ੍ਰੋਗਰਾਮ ਦੀ ਸ਼ੁਰੂਆਤ ਵਿਚ 'ਅਸ਼ਕੇ ਭੰਗੜਾ ਕਲੱਬ' ਦੀ ਟੀਮ ਨੇ ਕੋਚ ਨਵਜੋਧ ਸਿੰਘ ਬਾਜਵਾ ਦੀ ਅਗਵਾਈ ਹੇਠ ਮਾਂ ਬੋਲੀ ਨੂੰ ਸਮਰਪਿਤ ਗੀਤ 'ਮੈਂ ਪੰਜਾਬੀ ਬੋਲੀ ਆਂ, ਕਿਤੇ ਭੁਲ ਨਾ ਜਾਈਂ ਜਵਾਨਾਂ' 'ਤੇ ਖ਼ੂਬਸੂਰਤ ਭੰਗੜੇ ਦੀ ਪੇਸ਼ਕਾਰੀ ਨਾਲ ਤਾੜੀਆਂ ਖੱਟੀਆਂ।

ਅਗਲੇ ਸੈਸ਼ਨ ਦੀ ਸ਼ੁਰੂਆਤ ਕਰਦਿਆਂ ਰਾਜ ਲਾਲੀ ਬਟਾਲਾ ਨੇ ਡਾ. ਆਤਮਜੀਤ, ਖਾਸ ਤੌਰ 'ਤੇ ਵੈਨਕੁਵਰ ਤੋਂ ਪੁੱਜੇ ਗੈਸਟ ਆਫ਼ ਆਨਰ ਦਸ਼ਮੇਸ਼ ਗਿੱਲ ਫਿਰੋਜ਼, ਰਵਿੰਦਰ ਸਿੰਘ ਸਹਿਰਾਅ, ਕਸ਼ਿਸ਼ ਹੁਸ਼ਿਆਰਪੁਰੀ, ਆਬਿਦ ਰਸ਼ੀਦ, ਗੁਲਾਮ ਮੁਸਤਫਾ ਅੰਜੁਮ ਨੂੰ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਇਸ ਮੌਕੇ ਤਿੰਨ ਕਿਤਾਬਾਂ ਵੀ ਰਿਲੀਜ਼ ਕੀਤੀਆਂ ਗਈਆਂ। ਪਹਿਲੀ ਕਿਤਾਬ ਡਾ. ਆਤਮਜੀਤ ਅਤੇ ਪ੍ਰੋ. ਗੁਰਭਜਨ ਗਿੱਲ ਵਲੋਂ ਸੰਪਾਦਤ 'ਪੰਜਾਬੀ ਬੋਲੀ, ਰਮਜ਼ਾਂ, ਰੁਕਾਵਟਾਂ ਤੇ ਰਾਹ', ਦੂਜਾ ਰਜਵੰਤ ਕੌਰ ਸੰਧੂ ਦਾ ਸਫ਼ਰਨਾਮਾ 'ਮੇਰੇ ਪਿਤਾ ਦੀ ਕੁਰਸੀ' ਅਤੇ ਤੀਜੀ ਗ਼ਜ਼ਲਗੋ ਕਸ਼ਿਸ਼ ਹੁਸ਼ਿਆਰਪੁਰੀ ਦੀ ਕਿਤਾਬ 'ਗ਼ਜ਼ਲ ਮੇਰੇ ਜ਼ਾਵੀਏ ਸੇ' ਰਿਲੀਜ਼ ਕੀਤੀ ਗਈ। ਰਵਿੰਦਰ ਸਹਿਰਾਅ ਨੇ ਕਿਹਾ ਕਿ ਕਿਤਾਬਾਂ ਦੀ ਆਮਦ ਨੂੰ ਵੀ ਲੋਹੜੀ, ਦੀਵਾਲੀ ਵਾਂਗ ਮਨਾਇਆ ਜਾਣਾ ਚਾਹੀਦਾ ਹੈ।

ਅਮਰੀਕਾ ਵਿਚ ਜੰਮੀ ਅਤੇ ਪੰਜਾਬੀ ਕਵਿਤਾਵਾਂ ਲਿਖਣ ਵਾਲੀ ਕਵਿੱਤਰੀ ਰਾਕਿੰਦ ਕੌਰ ਨੇ ਸਟੇਜ ਦੀ ਕਾਰਵਾਈ ਅੱਗੇ ਤੋਰਦਿਆਂ ਵਾਰੋ-ਵਾਰੀ ਸ਼ਾਇਰਾਂ ਨੂੰ ਆਪਣੇ ਕਲਾਮ ਪੇਸ਼ ਕਰਨ ਦਾ ਸੱਦਾ ਦਿੱਤਾ। ਵੈਨਕੁਵਰ ਤੋਂ ਪੁੱਜੇ ਦਸ਼ਮੇਸ਼ ਗਿੱਲ ਫਿਰੋਜ਼ ਨੇ ਆਪਣੇ ਪੰਜਾਬੀ ਕਲਾਮ 'ਆਪਾਂ ਗੱਲ ਮੁਕਾ ਕੇ ਪਾਸੇ ਹੋ ਜਾਣੈਂ", 'ਹਵਾ ਦਾ ਰਾਜ ਹੈ ਦੀਵੇ ਜਗਾਉਣੇ ਬਹੁਤ ਔਖੇ ਨੇ' ਅਤੇ ਇਕ ਉਰਦੂ ਕਲਾਮ ਸੁਣਾ ਕੇ ਸਭ ਨੂੰ ਤਾੜੀਆਂ ਮਾਰਨ ਲਈ ਮਜਬੂਰ ਕਰ ਦਿੱਤਾ। ਕਸ਼ਿਸ਼ ਹੁਸ਼ਿਆਰਪੁਰੀ ਨੇ ਭਖਦੇ ਮਸਲੇ 'ਤੇ ਕਵਿਤਾ 'ਸੱਤਾ ਖੋਹ ਲਵੋ, ਇਸ ਦੌਰ ਦੇ ਅਬਦਾਲੀਆਂ ਕੋਲੋਂ" ਸੁਣਾ ਕੇ ਦਾਦ ਖੱਟੀ। ਲਹਿੰਦੇ ਪੰਜਾਬ ਦੇ ਸ਼ਾਇਰ ਆਬਿਦ ਰਸ਼ੀਦ ਨੇ ਆਪਣੀ ਨਜ਼ਮ 'ਬੋਲ ਪੰਜਾਬੀ ਬੋਲ ਪੰਜਾਬੀ', ਗੁਲਾਮ ਮੁਸਤਫਾ ਅੰਜੁਮ ਨੇ 'ਦਿਲ ਤੇ ਕਰਦੈ ਲਕੀਰ ਢਾਹ ਦੇਵਾਂ, ਸਾਰੇ ਵਿਛੜੇ ਮਿਲਾ ਦੇਵਾਂ', ਸ਼ਾਇਰ ਰਵਿੰਦਰ ਸਹਿਰਾਅ ਨੇ ਆਪਣੀ ਰਚਨਾ 'ਕਿਹੜੀ ਸ਼ੈਅ ਹੈ ਸਭ ਤੋਂ ਪਿਆਰੀ' ਸੁਣਾਈ। ਗੁਰਲੀਨ ਕੌਰ ਨੇ ਸੁਖਵਿੰਦਰ ਅੰਮ੍ਰਿਤ ਦੀ ਕਵਿਤਾ 'ਅਸੀਂ ਤਾਂ ਉਨ੍ਹਾਂ ਸੱਪਾਂ ਦੇ ਸਿਰ ਚੜ੍ਹ ਕੇ ਪਾਈਆਂ ਪੈਲਾਂ' ਜੋਸ਼ ਨਾਲ ਸੁਣਾਈ। ਰਾਜ ਲਾਲੀ ਬਟਾਲਾ ਨੇ ਸ਼ੇਅਰ 'ਕਿੰਜ ਮੁਰਝਾਉਣਾ ਸਾਨੂੰ ਇਲਮ ਨਹੀਂ", ਅਤੇ ਗ਼ਜ਼ਲ 'ਚਲੋ ਹੁਣ ਸਾਂਭੀਏ ਇਸਨੂੰ' ਤਰੰਨਮ ਵਿਚ ਸੁਣਾਈ। ਗੁਰਬਖਸ਼ ਸਿੰਘ ਰੰਧਾਵਾ ਨੇ ਗ਼ਜ਼ਲ 'ਸੱਚ ਕਦੇ ਨਹੀਂ ਵਿਕਿਆ ਝੂਠ ਦੀਆਂ ਦੁਕਾਨਾਂ ਵਿਚ' ਰਾਹੀਂ ਤਾੜੀਆਂ ਦੀ ਦਾਦ ਖੱਟੀ। ਅੰਮ੍ਰਿਤਪਾਲ ਕੌਰ ਨੇ ਆਪਣੀ ਕਵਿਤਾ 'ਪਾਪਾ ਜੀ', ਲਹਿੰਦੇ ਪੰਜਾਬ ਦੇ ਸ਼ਾਇਰ ਬਦਰ ਇਸਲਾਮ ਨੇ ਆਪਣੇ ਸ਼ੇਅਰ 'ਬੰਬ ਅਸੀਂ ਬਣਾ ਬੈਠੇ ਹਾਂ', 'ਯਾਰ ਪੰਜਾਬੀ ਆ ਫੇਰ ਪੰਜਾਬ ਨੂੰ ਜੋੜ ਲਈਏ', ਰਾਕਿੰਦ ਨੇ ਆਪਣੇ ਸ਼ੇਅਰ 'ਹਵਾ ਦਾ ਬੁਲ੍ਹਾ ਬਸ ਐਵੇਂ ਹੀ ਟਾਹਣੀ ਨੂੰ ਛੇੜਨ ਆਇਆ ਸੀ' ਤੇ ਕਵਿਤਾ 'ਬਗਾਵਤ ਨਾਲ ਵਾਹ-ਵਾਹ ਖੱਟੀ।

ਬੱਚਿਆਂ ਦੀ ਭਰਵੀਂ ਸ਼ਮੂਲੀਅਤ ਨੇ ਪ੍ਰੋਗਰਾਮ ਨੂੰ ਚਾਰ ਚੰਨ ਲਾ ਦਿੱਤੇ। ਬੱਚੀ ਨਤਾਲਿਆ ਨੇ ਆਪਣੀ ਪੰਜਾਬ ਫੇਰੀ ਬਾਰੇ ਗੱਲਾਂ ਸਾਂਝੀਆਂ ਕਰਦਿਆਂ ਬਦਲ ਰਹੇ ਪੰਜਾਬ ਦੇ ਕਈ ਪੱਖਾਂ ਨੂੰ ਉਜਾਗਰ ਕੀਤਾ। ਇੰਡੀਅਨਐਪੋਲਿਸ ਤੋਂ ਰਵਿੰਦਰ ਸਹਿਰਾਅ ਦੀ ਅਗਵਾਈ ਹੇਠ ਪੁੱਜੇ ਕਰਾਊਨ ਪੁਆਇੰਟ ਸਕੂਲ ਦੇ ਬੱਚਿਆਂ ਸੰਜੋਗ ਸਿੰਘ ਨੇ ਪ੍ਰੋ. ਗੁਰਭਜਨ ਗਿੱਲ ਦੀ ਕਵਿਤਾ 'ਤੂੰ ਦਸਤਾਰ ਪੰਜਾਬ ਦੀ ਵੀਰਾ', ਸੰਜਮ ਕੌਰ ਨੇ 'ਮੈਂ ਕੁੜੀ ਪੰਜਾਬਣ ਹਾਂ' ਅਤੇ ਗੁਰਸਿਫਤ ਕੌਰ ਨੇ ਰਾਜ ਕਾਕੜਾ ਦੀ ਲਿਖੀ ਕਵਿਤਾ 'ਮਾਂ ਬੋਲੀ' ਗਾ ਕੇ ਸੁਣਾਈ। ਅਜੂਨੀ ਨੇ ਕਵਿਤਾ 'ਪੰਜਾਬੀ' ਅਤੇ ਅਸੀਸ ਨੇ 'ਮਾਂ ਬੋਲੀ' ਸੁਣਾਈ।

ਸਾਹਿਤ ਅਕਾਦਮੀ ਅਤੇ ਸੰਗੀਤ ਨਾਟਕ ਅਕਾਦਮੀ ਅਵਾਰਡ ਜੇਤੂ ਡਾ. ਆਤਮਜੀਤ ਹੁਰਾਂ ਨੇ ਪ੍ਰੋਗਰਾਮ ਨੂੰ ਸਿਖਰ 'ਤੇ ਪਹੁੰਚਾਉਂਦਿਆਂ ਵਿਦੇਸ਼ੀ ਧਰਤੀ 'ਤੇ ਪੰਜਾਬੀ ਭਾਸ਼ਾ ਨੂੰ ਦਰਪੇਸ਼ ਸਮੱਸਿਆਵਾਂ 'ਤੇ ਚਾਨਣਾ ਪਾਇਆ। ਉਨ੍ਹਾਂ ਆਖਿਆ ਕਿ ਜੋ ਵੀ ਕਾਨਫਰੰਸਾਂ, ਸਮਾਗਮਾਂ ਵਿਚ ਬੁਲਾਰਿਆਂ ਵਲੋਂ ਮਾਂ ਬੋਲੀ ਬਾਰੇ ਵਿਚਾਰ ਸਾਂਝੇ ਕੀਤੇ ਜਾਂਦੇ ਨੇ, ਉਨ੍ਹਾਂ ਨੂੰ ਦਸਤਾਵੇਜ਼ੀ ਰੂਪ ਦੇਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਆਖਿਆ ਕਿ ਮਾਂ ਬੋਲੀ ਦੀ ਲੜਾਈ ਲੰਮੀ ਹੈ, ਜਿਸ ਲਈ ਸਾਨੂੰ ਤਿਆਰ ਹੋਣ ਦੀ ਲੋੜ ਹੈ। ਹਰ ਮਾਪੇ ਦਾ ਇਹ ਸਵਾਲ ਹੈ ਕਿ ਕੀ ਪੰਜਾਬੀ ਬੋਲੀ ਬੱਚਿਆਂ ਤੱਕ ਜਾਵੇਗੀ ਜਾਂ ਨਹੀਂ, ਇਸ ਲਈ ਸਾਨੂੰ ਸਖਤ ਮਿਹਨਤ ਕਰਨੀ ਪਏਗੀ। ਭਾਵੇਂ ਗੁਰੂਘਰਾਂ ਵਿਚ ਪੰਜਾਬੀ ਲਈ ਉਪਰਾਲੇ ਹੋ ਰਹੇ ਨੇ ਪਰ ਉਥੇ ਗੁਰਬਾਣੀ ਤਾਂ ਪੜ੍ਹਾਈ ਜਾ ਸਕਦੀ ਹੈ, ਪਰ ਸਾਹਿਤ ਨਹੀਂ। ਬੱਚਿਆਂ ਨੂੰ ਸਾਹਿਤ ਨਾਲ ਜੋੜਨ ਲਈ ਵੀ ਕੰਮ ਕਰਨਾ ਪਵੇਗਾ। ਪੰਜਾਬੀ ਬੱਚਿਆਂ ਦੀ ਹੈਰੀਟੇਜ ਬੋਲੀ ਹੈ, ਅਤੇ ਉਨ੍ਹਾਂ ਦੀ ਕੋਸ਼ਿਸ਼ ਹੈ ਕਿ ਵੈਸਟ ਵਿਚ ਬੱਚਿਆਂ ਨੂੰ ਹੈਰੀਟੇਜ ਬੋਲੀ ਪੜ੍ਹਾਈ ਜਾਵੇ। ਉਨ੍ਹਾਂ ਭਾਸ਼ਾ ਨੂੰ ਅਜਿਹਾ ਹਥਿਆਰ ਦੱਸਿਆ, ਜੋ ਤੁਹਾਡੀ ਪੂਰੀ ਜ਼ਿੰਦਗੀ ਦਾ ਰਾਹਦਸੇਰਾ ਵੀ ਬਣ ਜਾਂਦਾ ਹੈ ਤੇ ਇਕ ਸ਼ਬਦ ਹੀ ਕਈ ਵਾਰ ਭੜਥੂ ਪਾ ਦਿੰਦੈ-ਜਿਵੇਂ ਕਾਕਰੋਚ ਸ਼ਬਦ ਦੇ ਹਿੰਦੁਸਤਾਨ ਦੀ ਸਿਆਸਤ ਨੂੰ ਵਖ਼ਤ ਪਾਇਆ। ਬੁਲਾਰਿਆਂ ਨੇ ਡਾ. ਆਤਮਜੀਤ ਨੂੰ ਮੰਤਰ-ਮੁਗਧ ਹੋ ਕੇ ਸੁਣਿਆ। ਉਨ੍ਹਾਂ ਆਪਣੇ ਨਾਟਕ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਵਿਚੋਂ ਨਜ਼ਮ 'ਰੁੱਖ ਤਾਂ ਸਾਡੇ ਸਿਰ 'ਤੇ ਯਾਰੋ ਪਰ ਕਿੱਥੇ ਹੈ ਉਸ ਦੀ ਛਾਂ' ਸੁਣਾਈ।

ਕਮਲੇਸ਼ ਕਪੂਰ ਨੇ ਦੱਸਿਆ ਕਿ ਇਸ ਟੀਮ ਵਲੋਂ 'ਮਾਂ ਬੋਲੀ ਦਿਹਾੜਾ ਆਰਗੇਨਾਈਜ਼ੇਸ਼ਨ' ਬਣਾਈ ਗਈ ਹੈ। ਉਨ੍ਹਾਂ ਨੇ ਪੰਜਾਬੀ ਦੇ ਸ਼ਬਦ 'ਛੱਲਾ' ਦੇ ਇਤਿਹਾਸ ਬਾਰੇ ਦੱਸਿਆ। ਸ. ਠਾਕਰ ਸਿੰਘ ਬਸਾਤੀ ਨੇ ਪ੍ਰੋਗਰਾਮ ਦੇ ਪ੍ਰਬੰਧਕਾਂ ਦੀ ਸ਼ਲਾਘਾ ਕਰਦਿਆਂ ਦੱਸਿਆ ਕਿ ਪੰਜਾਬੀ 8 ਹਜ਼ਾਰ ਸਾਲ ਪੁਰਾਣੀ ਬੋਲੀ ਹੈ ਤੇ ਇਹ ਧਰਮ ਨਾਲ ਬੱਝੀ ਹੋਈ ਨਹੀਂ ਸਗੋਂ ਹਰ ਪੰਜਾਬੀ ਦੀ ਬੋਲੀ ਹੈ। ਸ. ਰਜਿੰਦਰ ਸਿੰਘ ਮਾਗੋ ਨੇ ਵੀ ਸ਼ੇਅਰੋ-ਸ਼ਾਇਰੀ ਕੀਤੀ। ਹੈਪੀ ਹੀਰ ਨੇ ਦੱਸਿਆ ਕਿ ਸ. ਦਰਸ਼ਨ ਸਿੰਘ ਧਾਲੀਵਾਲ ਜੀ ਦੇ ਸੁਝਾਅ 'ਤੇ ਅਗਲੇ ਸਾਲ ਤੋਂ ਇਹ ਸਮਾਗਮ ਹੋਰ ਵੀ ਵੱਡੇ ਪੱਧਰ 'ਤੇ ਮਨਾਇਆ ਜਾਵੇਗਾ। ਉਨ੍ਹਾਂ ਆਪਣੇ ਪਿਤਾ ਜੀ ਦਾ ਲਿਖਿਆ ਸ਼ੇਅਰ ਵੀ ਸੁਣਾਇਆ।

ਅਖੀਰ 'ਤੇ ਪ੍ਰਬੰਧਕਾਂ ਵਲੋਂ ਮੁੱਖ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ ਅਤੇ ਸ਼ਾਇਰਾਂ ਅਤੇ ਬੱਚਿਆਂ ਨੂੰ ਸਨਮਾਨ ਚਿੰਨ੍ਹ ਅਤੇ ਨਕਦ ਰਾਸ਼ੀ ਭੇਟ ਕੀਤੀ ਗਈ। ਸਮਾਗਮ ਦੇ ਮੁੱਖ ਕੋਆਰਡੀਨੇਟਰ ਡਾ. ਹਰਜਿੰਦਰ ਖਹਿਰਾ ਅਤੇ ਕਨਵੀਨਰ ਰਾਜ ਲਾਲੀ ਬਟਾਲਾ ਨੇ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਵਿਚ ਅਹਿਮ ਭੂਮਿਕਾ ਨਿਭਾਈ। ਹਾਜ਼ਰੀਨ ਨੇ ਸੁਆਦੀ ਖਾਣੇ ਦਾ ਆਨੰਦ ਵੀ ਮਾਣਿਆ।

ਪ੍ਰੋਗਰਾਮ ਵਿਚ ਗੁਲਜ਼ਾਰ ਸਿੰਘ ਮੁਲਤਾਨੀ, ਭੁਪਿੰਦਰ ਸਿੰਘ ਧਾਲੀਵਾਲ, ਲੱਕੀ ਸਹੋਤਾ, ਪਰਵਿੰਦਰ ਸਿੰਘ ਨੰਨੂਆਂ, ਡਾ. ਵਿਕਰਮ ਗਿੱਲ, ਹਰਵਿੰਦਰਪਾਲ ਸਿੰਘ ਲੈਲ, ਜੈਦੇਵ ਸਿੰਘ ਭੱਠਲ, ਪਰਮਿੰਦਰ ਸਿੰਘ ਵਾਲੀਆ, ਪੀ.ਐਸ. ਮਾਨ, ਇੰਦਰਮੋਹਨ ਸਿੰਘ ਛਾਬੜਾ, ਪਰਮਿੰਦਰ ਸਿੰਘ ਗੋਲਡੀ, ਹਰਜਿੰਦਰ ਸਿੰਘ ਜਿੰਦੀ ਅਤੇ ਸਾਥੀ, ਇੰਡੀਅਨਐਪੋਲਿਸ ਤੋਂ ਕਮਲ ਬੈਂਸ ਆਦਿ ਸ਼ਾਮਲ ਹੋਏ। ਪ੍ਰਬੰਧਕਾਂ ਨੇ ਖੇਡ ਕਲੱਬਾਂ ਤੇ ਵੱਖ-ਵੱਖ ਸੰਸਥਾਵਾਂ ਦਾ ਸਹਿਯੋਗ ਲਈ ਤਹਿ ਦਿਲੋਂ ਧੰਨਵਾਦ ਕੀਤਾ।













# ਪੰਜਾਬ ਪੇਪਰ ਲੀਕ ਬਾਰੇ ਰਣਨੀਤੀ ਦਾ ਐਲਾਨ ਜਲਦੀ: ਦੀਪਕੇ



**ਨਵੀਂ ਦਿੱਲੀ:** ਸੀਜੇਪੀ ਦੇ ਸੰਸਥਾਪਕ ਅਭਿਜੀਤ ਦੀਪਕੇ ਨੇ ਐਤਵਾਰ ਨੂੰ ਕਿਹਾ ਕਿ ਉਨ੍ਹਾਂ ਦੀ ਪਾਰਟੀ ਪੰਜਾਬ ਦੇ ਕਥਿਤ ਪੇਪਰ ਲੀਕ ਮਾਮਲੇ 'ਤੇ ਵਿਚਾਰ ਕਰੇਗੀ ਅਤੇ ਜਲਦੀ ਹੀ ਰਣਨੀਤੀ ਦਾ ਐਲਾਨ ਕਰੇਗੀ। ਉਨ੍ਹਾਂ ਕਿਹਾ ਕਿ ਪ੍ਰਧਾਨ ਵਾਲਾ ਮਾਮਲਾ ਕੱਲ੍ਹ ਹੀ ਖ਼ਤਮ ਹੋਇਆ ਹੈ। ਮੇਹਰਬਾਨੀ ਕਰ ਕੇ ਸਾਨੂੰ ਥੋੜਾ ਸਮਾਂ ਦਿਓ। ਦੀਪਕੇ ਨੇ ਅੱਗੇ ਕਿਹਾ ਕਿ ਰੋਸ ਮੁਜ਼ਾਹਰਿਆਂ ਵਿਚ ਸ਼ਾਮਲ ਵਿਦਿਆਰਥੀਆਂ ਖ਼ਿਲਾਫ਼ ਖ਼ਿਲਾਫ਼ ਕੋਈ ਮਾਮਲਾ ਦਰਜ ਨਹੀਂ ਕੀਤਾ ਜਾਣਾ ਚਾਹੀਦਾ।


# ਅੰਦੋਲਨ ਪਿੱਛੋਂ 2 ਹੋਰ ਐੱਫ. ਆਈ. ਆਰ. ਦਰਜ

**ਨਵੀਂ ਦਿੱਲੀ:** ਜੰਤਰ- ਮੰਤਰ 'ਤੇ ਪ੍ਰਦਰਸ਼ਨ ਖ਼ਤਮ ਹੋਣ ਤੋਂ ਬਾਅਦ ਸ਼ਨੀਵਾਰ ਦੇਰ ਰਾਤ ਨੂੰ ਅੱਗੇ ਦੀ ਜਾਂਚ ਲਈ ਪੁਲਿਸ ਮੁੱਖ ਦਫਤਰ ਵਿਚ ਉੱਚ ਅਧਿਕਾਰੀਆਂ ਦੀ ਮੀਟਿੰਗ ਹੋਈ। ਇਸ ਵਿਚ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਕਿਸ ਤਰ੍ਹਾਂ ਮੁਜ਼ਾਹਰੇ ਦੌਰਾਨ ਉਨ੍ਹਾਂ 'ਤੇ ਅਸ਼ਲੀਲ ਟਿੱਪਣੀਆਂ ਕੀਤੀਆਂ ਜਾ ਰਹੀਆਂ ਸਨ ਤੇ ਗਾਲ੍ਹਾਂ ਕੱਢ ਕੇ ਉਨ੍ਹਾਂ ਨੂੰ ਉਕਸਾਇਆ ਜਾ ਰਿਹਾ ਸੀ। ਇਥੋਂ ਤੱਕ ਕਿ ਮੁਜ਼ਾਹਰਾਕਾਰੀਆਂ ਨੇ ਐਡਿਟ ਕੀਤੀਆਂ ਵੀਡੀਓ ਬਣਾ ਕੇ ਇੰਟਰਨੈੱਟ ਮੀਡੀਆ 'ਤੇ ਅਪਲੋਡ ਕੀਤੇ ਤੇ ਦਿੱਲੀ ਪੁਲਿਸ ਦੇ ਅਕਸ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕੀਤੀ। ਟ੍ਰੋਲ ਹੋ ਰਹੇ ਪੁਲਿਸ ਮੁਲਾਜ਼ਮਾਂ 'ਤੇ ਕਾਰਵਾਈ ਨਾ ਕਰਨ ਦੀ ਮੰਗ ਕੀਤੀ ਗਈ।



# ਮਾਂ ਬੋਲੀ ਪੰਜਾਬੀ ਦਿਵਸ — ਬੋਲੀ ਜੋ ਸਰਹੱਦਾਂ ਨਾਲ ਨਹੀਂ, ਦਿਲਾਂ ਨਾਲ ਜੁੜੀ ਹੈ

**ਸ਼ਿਕਾਗੋ:** ਮਾਂ ਬੋਲੀ ਪੰਜਾਬੀ ਦਿਵਸ ਉਂਝ ਤਾਂ ਹਰ ਸਾਲ ਫ਼ਰਵਰੀ ਮਹੀਨੇ ਮਨਾਇਆ ਜਾਂਦਾ ਹੈ, ਪਰ ਇਸ ਵਾਰ ਵੱਖ-ਵੱਖ ਸੰਸਥਾਵਾਂ ਦੇ ਪ੍ਰੋਗਰਾਮਾਂ ਕਰਕੇ ਸ਼ਿਕਾਗੋ ਵਿਚ ਇਹ 26 ਜੁਲਾਈ ਨੂੰ ਮਨਾਇਆ ਗਿਆ। ਦਿਨ ਭਾਵੇਂ ਬਦਲ ਗਿਆ ਹੋਵੇ, ਪਰ ਮਕਸਦ ਉਹੀ ਹੈ—ਆਪਣੀ ਮਾਂ ਬੋਲੀ ਨੂੰ ਸਤਿਕਾਰ ਦੇਣਾ, ਉਸ ਦੀ ਮਹਿਕ ਨੂੰ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਉਣਾ ਅਤੇ ਦੁਨੀਆ ਭਰ ਵਿਚ ਵੱਸਦੇ ਪੰਜਾਬੀਆਂ ਨੂੰ ਇੱਕ ਡੋਰ ਵਿਚ ਪਰੋਣਾ।



ਸ਼ਿਕਾਗੋ ਵਿਚ ਇਸ ਦਿਵਸ ਨੂੰ ਮਨਾਉਣ ਦੀ ਰਿਵਾਇਤ ਦਾ ਸਿਹਰਾ ਇੰਡੀਅਨ ਕੌਂਸਲੇਟ ਸ਼ਿਕਾਗੋ ਵਿਚ 2019 ਦੌਰਾਨ ਸੇਵਾ ਨਿਭਾਉਣ ਵਾਲੇ ਸ. ਰਣਜੀਤ ਸਿੰਘ ਨੂੰ ਜਾਂਦਾ ਹੈ। ਉਨ੍ਹਾਂ ਦੀ ਦੂਰਅੰਦੇਸ਼ੀ ਸਦਕਾ ਰਾਜ

ਅਮਰੀਕ ਸਿੰਘ 'ਅਮਰ'
ਸ਼ਿਕਾਗੋ, (ਯੂ.ਐਸ.ਏ.)

ਲਾਲੀ ਬਟਾਲਾ, ਡਾ. ਹਰਜਿੰਦਰ ਖਹਿਰਾ, ਹੈਪੀ ਹੀਰ, ਸ. ਅਮਰੀਕ ਸਿੰਘ 'ਅਮਰ' ਸ਼ਿਕਾਗੋ, ਸ. ਪਰਮਿੰਦਰ ਗੋਲਡੀ, ਲੱਕੀ ਸਹੋਤਾ ਅਤੇ ਹੋਰ ਸਮਰਪਿਤ ਸਾਥੀਆਂ ਨੇ ਮਿਲ ਕੇ ਇੱਕ ਐਸੀ ਟੀਮ ਬਣਾਈ ਜਿਸ ਨੇ ਮਾਂ ਬੋਲੀ ਪੰਜਾਬੀ ਦੇ ਨਾਂ 'ਤੇ ਹਰ ਸਾਲ ਯਾਦਗਾਰ ਸਮਾਗਮ ਕਰਵਾਉਣ ਦੀ ਨੀਂਹ ਰੱਖੀ।

ਸ. ਰਣਜੀਤ ਸਿੰਘ ਭਾਵੇਂ ਆਪਣੀ ਸੇਵਾ ਪੂਰੀ ਕਰਕੇ ਦੋ ਸਾਲ ਤੋਂ ਵੀ ਵੱਧ ਸਮਾਂ ਪਹਿਲਾਂ ਦਿੱਲੀ ਵਾਪਸ ਚਲੇ ਗਏ ਸਨ, ਪਰ ਉਨ੍ਹਾਂ ਵੱਲੋਂ ਲਾਇਆ ਇਹ ਬੂਟਾ ਅੱਜ ਵੀ ਹਰਿਆ-ਭਰਿਆ ਹੈ। ਇਸ ਨੂੰ ਪਾਣੀ ਪਾਉਣ, ਇਸ ਦੀਆਂ ਟਾਹਣੀਆਂ ਨੂੰ ਹੋਰ ਫੈਲਾਉਣ ਅਤੇ ਇਸ ਪਰੰਪਰਾ ਨੂੰ ਅੱਗੇ ਵਧਾਉਣ ਵਿਚ ਪੰਜਾਬੀ ਭਾਈਚਾਰੇ ਦੀ ਹਮੇਸ਼ਾ ਮਦਦ ਕਰਨ ਵਾਲੇ ਸ. ਦਰਸ਼ਨ ਸਿੰਘ ਧਾਲੀਵਾਲ, ਸ. ਠਾਕਰ ਸਿੰਘ ਬਸਾਤੀ, ਡਾ. ਆਤਮਜੀਤ ਸਿੰਘ (ਪ੍ਰਸਿੱਧ ਨਾਟਕਕਾਰ), ਭੈਣ ਜੀ ਜਸਪ੍ਰੀਤ ਕੌਰ (ਪੰਜਾਬ ਟਾਈਮਜ਼), ਡਾ. ਬਿਕਰਮ ਗਿੱਲ, ਸ. ਬੇਅੰਤ ਸਿੰਘ ਬੋਪਾਰਾਏ ਤੇ 'ਪੰਜਾਬ ਟਾਈਮਜ਼' ਲਈ ਉਸ ਵੇਲੇ ਕੰਮ ਕਰਦੇ ਤੇ 'ਪੰਜਾਬੀ ਪਰਵਾਜ਼' ਅਖ਼ਬਾਰ ਦੇ ਹੁਣ ਦੇ ਬਾਨੀ ਸ. ਕੁਲਜੀਤ ਸਿੰਘ ਅਤੇ ਅਨੇਕਾਂ ਸੇਵਾਦਾਰ ਆਪਣਾ ਯੋਗਦਾਨ ਪਾ ਰਹੇ ਹਨ। ਇਤਿਹਾਸ ਉਨ੍ਹਾਂ ਲੋਕਾਂ ਨੂੰ ਕਦੇ ਨਹੀਂ ਭੁੱਲਦਾ ਜੋ ਪਹਿਲਾ ਦੀਵਾ ਜਗਾਉਂਦੇ ਹਨ।

ਲੇਖਕ ਹੋਣ ਦੇ ਨਾਤੇ ਮੇਰੇ ਮਨ ਵਿਚ ਇੱਕ ਹੋਰ ਵਿਚਾਰ ਵੀ ਆਉਂਦਾ ਹੈ।

ਅਸੀਂ ਪਿਆਰ ਨਾਲ 'ਮਾਂ ਬੋਲੀ ਪੰਜਾਬੀ' ਆਖਦੇ ਹਾਂ, ਅਤੇ ਇਹ ਸ਼ਬਦ ਸਾਡੀ ਰੂਹ ਨਾਲ ਜੁੜਿਆ ਹੋਇਆ ਹੈ। ਪਰ ਹਰ ਮਾਂ ਦੀ ਤਰ੍ਹਾਂ ਹਰ ਪਿਤਾ ਦਾ ਯੋਗਦਾਨ ਵੀ ਸ੍ਰਿਸ਼ਟੀ ਦੀ ਪੂਰਨਤਾ ਦਾ ਹਿੱਸਾ ਹੈ। ਇਹ ਵਿਚਾਰ ਕਿਸੇ ਦੀ ਮਹਾਨਤਾ ਘਟਾਉਣ ਲਈ ਨਹੀਂ, ਸਗੋਂ ਇਹ ਯਾਦ ਕਰਵਾਉਣ ਲਈ ਹੈ ਕਿ ਪਰਿਵਾਰ ਮਾਂ ਅਤੇ ਪਿਤਾ ਦੋਵਾਂ ਦੇ ਸਾਂਝੇ ਸਨੇਹ ਨਾਲ ਬਣਦਾ ਹੈ। ਇਸ ਲਈ ਜਦੋਂ ਅਸੀਂ ਆਪਣੀ ਮਾਂ ਬੋਲੀ ਦਾ ਸਤਿਕਾਰ ਕਰੀਏ ਤਾਂ ਉਨ੍ਹਾਂ ਪਿਤਾ ਦੀ ਮਿਹਨਤ, ਤਿਆਗ ਅਤੇ ਸੰਸਕਾਰਾਂ ਨੂੰ ਵੀ ਸਿਜਦਾ ਕਰੀਏ, ਜਿਨ੍ਹਾਂ ਦੀ ਗੋਦੀ ਅਤੇ ਘਰਾਂ ਵਿਚ ਇਹ ਬੋਲੀ ਪੀੜ੍ਹੀ- ਦਰ-ਪੀੜ੍ਹੀ ਜਿਉਂਦੀ ਰਹੀ।

ਪੰਜਾਬੀ ਕਿਸੇ ਇੱਕ ਧਰਤੀ ਦੇ ਬਾਸ਼ਿੰਦੇ ਨਹੀਂ:

ਪੰਜਾਬੀ ਨਾ ਸਿਰਫ਼ ਭਾਰਤ ਦੇ ਪੰਜਾਬ ਵਿਚ ਵੱਸਦੇ ਹਨ, ਸਗੋਂ ਲਹਿੰਦੇ ਪੰਜਾਬ ਦੀ ਧਰਤੀ 'ਤੇ ਵੀ ਇਸੇ ਮਿੱਠੀ ਬੋਲੀ ਦੀ ਗੂੰਜ ਸੁਣਾਈ ਦਿੰਦੀ ਹੈ। ਕੈਨੇਡਾ, ਅਮਰੀਕਾ, ਯੂਰਪ, ਆਸਟ੍ਰੇਲੀਆ, ਨਿਊਜ਼ੀਲੈਂਡ, ਮੱਧ-ਪੂਰਬ ਅਤੇ ਦੁਨੀਆ ਦੇ ਹਰੇਕ ਕੋਨੇ ਵਿਚ ਪੰਜਾਬੀ ਆਪਣੀ ਮਿਹਨਤ, ਇਮਾਨਦਾਰੀ ਅਤੇ ਸੱਭਿਆਚਾਰ ਨਾਲ ਆਪਣੀ ਪਛਾਣ ਬਣਾਈ ਬੈਠੇ ਹਨ।

1947 ਦੀ ਵੰਡ ਨੇ ਸਰਹੱਦਾਂ ਖਿੱਚ ਦਿੱਤੀਆਂ, ਪਰ ਬੋਲੀਆਂ ਦੇ ਦਰਿਆ ਨਹੀਂ ਰੁਕੇ।

ਲਹੂ ਦਾ ਰੰਗ ਪੁੱਛਿਆ ਸੀ ਕਿਸੇ ਨੇ ਸਰਹੱਦ ਕੋਲ ਖੜ੍ਹ ਕੇ,
ਹਵਾ ਦਾ ਵਾ-ਵਰੋਲਾ ਆਇਆ ਕਹਿੰਦਾ,
ਇੱਥੇ ਸਭ ਪੰਜਾਬੀ ਮਰੇ ਸਨ।
ਕਿਸੇ ਦਾ ਘਰ ਇੱਧਰ ਸੜਿਆ,
ਕਿਸੇ ਦਾ ਓਧਰ ਰਾਖ ਹੋਇਆ,
ਨਕਸ਼ੇ ਜਿੱਤ ਗਏ ਸਨ ਸ਼ਾਇਦ,
ਪਰ ਇਨਸਾਨ ਹਰ ਪਾਸੇ ਹਾਰ ਗਿਆ।
ਜਿਨ੍ਹਾਂ ਖੂਹਾਂ ਵਿਚ ਧੀਆਂ ਨੇ,
ਆਪਣੀ ਪੱਤ ਲਈ ਜਾਨਾਂ ਦਿੱਤੀਆਂ,
ਉਹ ਪਾਣੀ ਅੱਜ ਵੀ ਪੁੱਛਦਾ—ਦੱਸੋ, ਜਿੱਤਿਆ ਕੌਣ ਸੀ?
ਰਾਵੀ ਅੱਜ ਵੀ ਉਹੀ ਹੈ, ਚਨਾਬ ਵੀ ਉਹੀ ਵਗਦਾ,
ਬਦਲੇ ਨੇ ਸਿਰਫ਼ ਨਕਸ਼ੇ,
ਪੰਜਾਬ ਅੱਜ ਵੀ ਦਿਲਾਂ ਵਿਚ ਵੱਸਦਾ ਏ।

ਨਫ਼ਰਤ ਦੀਆਂ ਕੰਧਾਂ ਭਾਵੇਂ ਉੱਚੀਆਂ ਹੋ ਜਾਣ,
ਮਾਂ ਬੋਲੀ ਦੀ ਆਵਾਜ਼ ਉਨ੍ਹਾਂ ਤੋਂ ਵੀ ਉੱਚੀ ਹੁੰਦੀ ਹੈ।
ਨਾ ਲਹਿੰਦਾ ਮੇਰਾ ਵੈਰੀ ਹੈ, ਨਾ ਚੜ੍ਹਦਾ ਬੇਗਾਨਾ,
ਮੇਰਾ ਦੁਸ਼ਮਣ ਉਹ ਹੈ,
ਜੋ ਪੰਜਾਬੀ ਨੂੰ ਪੰਜਾਬੀ ਤੋਂ ਦੂਰ ਕਰੇ।
'ਅਮਰ' ਲਿਖਦਾ ਨਹੀਂ,
ਆਪਣੇ ਵਿਰਸੇ ਦਾ ਕਰਜ਼ ਉਤਾਰਦਾ ਹੈ,
ਜਿੱਥੇ ਵੀ ਪੰਜਾਬੀ ਵੱਸਦਾ ਹੈ,
ਉੱਥੇ ਆਪਣਾ ਪੰਜਾਬ ਵਸਾ ਲੈਂਦਾ ਹੈ।
ਆਓ ਵਾਅਦਾ ਕਰੀਏ—ਜ਼ਖ਼ਮ ਯਾਦ ਰੱਖਾਂਗੇ,
ਪਰ ਨਫ਼ਰਤ ਨਹੀਂ।
ਇਤਿਹਾਸ ਨਹੀਂ ਭੁੱਲਾਂਗੇ,
ਪਰ ਭਵਿੱਖ ਪਿਆਰ ਨਾਲ ਲਿਖਾਂਗੇ।
ਕਿਉਂਕਿ...
ਜਦੋਂ ਪੰਜਾਬੀ ਪੰਜਾਬੀ ਨੂੰ ਗਲੇ ਲਗਾਉਂਦਾ ਹੈ,
ਉਦੋਂ ਹੀ ਮਾਂ ਬੋਲੀ ਦੀ ਜਿੱਤ ਹੁੰਦੀ ਹੈ।
ਉਜੜੇ ਵੀ ਪੰਜਾਬੀ ਸਨ।
ਮਰੇ ਵੀ ਪੰਜਾਬੀ ਸਨ।
ਘਰਾਂ ਤੋਂ ਵਿਛੜੇ ਵੀ ਪੰਜਾਬੀ ਸਨ।

ਧੀਆਂ ਦੀ ਇੱਜ਼ਤ ਲੁੱਟੀ ਗਈ ਤਾਂ ਉਹ ਦਰਦ ਵੀ ਦੋਹਾਂ ਪੰਜਾਬਾਂ ਦੀਆਂ ਮਾਵਾਂ ਨੇ ਸਹਿਆ।

ਉਹ ਸਮਾਂ ਮਨੁੱਖਤਾ ਲਈ ਬਹੁਤ ਕਠਿਨ ਸੀ। ਕਈ ਪਰਿਵਾਰਾਂ ਦੀਆਂ ਪਛਾਣਾਂ ਬਦਲ ਗਈਆਂ, ਕਈਆਂ ਦੇ ਧਰਮ ਬਦਲੇ, ਕਈਆਂ ਨੇ ਜਾਨਾਂ ਬਚਾਉਣ ਲਈ ਅਜਿਹੇ ਫ਼ੈਸਲੇ ਕੀਤੇ ਜੋ ਹਾਲਾਤਾਂ ਨੇ ਉਨ੍ਹਾਂ ਤੋਂ ਕਰਵਾਏ। ਉਹ ਇਤਿਹਾਸ ਦਾ ਦਰਦਨਾਕ ਅਧਿਆਇ ਹੈ, ਪਰ ਉਸ ਦਰਦ ਨੂੰ ਯਾਦ ਕਰਦਿਆਂ ਅੱਜ ਦਾ ਮਕਸਦ ਨਫ਼ਰਤ ਨੂੰ ਵਧਾਉਣਾ ਨਹੀਂ, ਸਗੋਂ ਮਨੁੱਖਤਾ, ਸਾਂਝ ਅਤੇ ਆਪਸੀ ਸਤਿਕਾਰ ਨੂੰ ਮਜ਼ਬੂਤ ਕਰਨਾ ਹੋਣਾ ਚਾਹੀਦਾ ਹੈ।

ਸਾਡਾ ਸੱਭਿਆਚਾਰ ਸਾਂਝਾ ਹੈ।

ਸਾਡੇ ਲੋਕ-ਗੀਤ ਸਾਂਝੇ ਹਨ।

ਸਾਡੀਆਂ ਹੀਰਾਂ, ਮਿਰਜ਼ੇ, ਵਾਰਿਸ, ਬੁੱਲ੍ਹੇ ਅਤੇ ਬਾਬੇ ਫ਼ਰੀਦ ਦੀ ਬਾਣੀ ਸਾਂਝੀ ਹੈ।

ਸਾਡੀ ਬੋਲੀ ਸਾਂਝੀ ਹੈ।

ਅਤੇ ਅੱਜ ਵੀ ਅਨੇਕਾਂ ਪਰਿਵਾਰਾਂ ਦੀਆਂ ਯਾਦਾਂ, ਰਿਸ਼ਤੇ ਅਤੇ ਕਹਾਣੀਆਂ ਦੋਹਾਂ ਪੰਜਾਬਾਂ ਵਿਚ ਵੱਸਦੀਆਂ ਹਨ।

ਆਓ ਇਸ ਮਾਂ ਬੋਲੀ ਦਿਵਸ 'ਤੇ ਇਹ ਪ੍ਰਣ ਕਰੀਏ ਕਿ ਪੰਜਾਬੀ ਸਿਰਫ਼ ਬੋਲਣ ਵਾਲੀ ਭਾਸ਼ਾ ਨਹੀਂ ਰਹੇਗੀ, ਸਗੋਂ ਦਿਲਾਂ ਨੂੰ ਜੋੜਨ ਵਾਲੀ ਭਾਸ਼ਾ ਬਣੇਗੀ।

ਇਸ ਮਹਾਨ ਉਪਰਾਲੇ ਨਾਲ ਜੁੜੇ ਹਰ ਉਸ ਸੱਜਣ ਨੂੰ ਦਿਲੋਂ ਸਿਜਦਾ, ਜਿਸ ਨੇ ਇੱਕ ਬੀਜ ਬੀਜਿਆ, ਇੱਕ ਪੌਦਾ ਸੰਭਾਲਿਆ ਜਾਂ ਇੱਕ ਫੁੱਲ ਖਿੜਾਇਆ। ਸਮਾਗਮਾਂ ਦੀ ਸ਼ਾਨ ਮੰਚਾਂ ਨਾਲ ਨਹੀਂ, ਸੇਵਾਦਾਰਾਂ ਦੀ ਨਿਸ਼ਕਾਮ ਸੇਵਾ ਨਾਲ ਬਣਦੀ ਹੈ।

ਆਓ ਆਪਣੀ ਮਾਂ ਬੋਲੀ ਨੂੰ ਸਿਰਫ਼ ਇੱਕ ਦਿਨ ਨਹੀਂ, ਸਾਲ ਦੇ ਹਰ ਦਿਨ ਜੀਣ ਦੀ ਆਦਤ ਪਾਈਏ।

ਆਪਣੇ ਬੱਚਿਆਂ ਨਾਲ ਪੰਜਾਬੀ ਬੋਲੀਏ।

ਆਪਣੇ ਘਰਾਂ ਵਿਚ ਪੰਜਾਬੀ ਲਿਖੀਏ।

ਆਪਣੀਆਂ ਕਿਤਾਬਾਂ, ਗੀਤ, ਕਵਿਤਾਵਾਂ ਅਤੇ ਲੋਕ-ਵਿਰਸੇ ਨੂੰ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਈਏ।

ਇਹੀ ਸਾਡੀ ਅਸਲ ਸ਼ਰਧਾਂਜਲੀ ਹੋਵੇਗੀ।

ਮਾਂ ਬੋਲੀ ਜ਼ਿੰਦਾਬਾਦ।

ਪੰਜਾਬੀਅਤ ਜ਼ਿੰਦਾਬਾਦ।

ਮਨੁੱਖਤਾ ਜ਼ਿੰਦਾਬਾਦ।

# ਪ੍ਰੀਖਿਆ ਪ੍ਰਣਾਲੀ 'ਚ ਸੁਧਾਰ ਲਈ ਬਣਾਈ ਹਾਈ ਪਾਵਰ ਟਾਸਕ ਫੋਰਸ


## ਨਿਲੇਕਣੀ ਨੂੰ ਸੌਂਪੀ ਕਮਾਨ, ਸੰਸਦ 'ਚ ਵੀ ਆਵੇਗਾ ਸਖ਼ਤ ਕਾਨੂੰਨ

**ਨਵੀਂ ਦਿੱਲੀ:** ਨਿਰਪੱਖ, ਭਰੋਸੇਯੋਗ ਤੇ ਪਾਰਦਰਸ਼ੀ ਪ੍ਰੀਖਿਆ ਪ੍ਰਣਾਲੀ ਵਿਕਸਤ ਕਰਨਾ ਤੇ ਵਿਦਿਆਰਥੀਆਂ ਦਾ ਭਰੋਸਾ ਮੁੜ ਕਾਇਮ ਕਰਨਾ ਹੁਣ ਕੇਂਦਰ ਸਰਕਾਰ ਦੀਆਂ ਸਭ ਤੋਂ ਵੱਡੀਆਂ ਤਰਜੀਹਾਂ 'ਚ ਸ਼ਾਮਲ ਦਿਖਾਈ ਦੇ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਜਾਰੀ ਆਪਣੇ ਵੀਡੀਓ ਸੰਦੇਸ਼ 'ਚ ਸਪੱਸ਼ਟ ਕੀਤਾ ਕਿ ਸਰਕਾਰ ਸਿਰਫ਼ ਪੇਪਰ ਲੀਕ ਦੇ ਦੋਸ਼ੀਆਂ ਵਿਰੁੱਧ ਕਾਰਵਾਈ ਤੱਕ ਹੀ ਸੀਮਿਤ ਨਹੀਂ ਰਹਿਣਾ ਚਾਹੁੰਦੀ, ਸਗੋਂ ਪੂਰੀ ਪ੍ਰੀਖਿਆ ਪ੍ਰਣਾਲੀ 'ਚ ਢਾਂਚਾਗਤ ਸੁਧਾਰ ਕਰਨ ਦੀ ਦਿਸ਼ਾ 'ਚ ਅੱਗੇ ਵੱਧ ਰਹੀ ਹੈ। ਇਸ ਲਈ ਉਨ੍ਹਾਂ ਨੇ ਤਕਨਾਲੋਜੀ ਮਾਹਰ ਤੇ ਇਨਫੋਸਿਸ ਦੇ ਸਹਿ-ਸੰਸਥਾਪਕ ਨੰਦਨ ਨਿਲੇਕਣੀ ਦੀ ਅਗਵਾਈ ਹੇਠ ਇੱਕ ਹਾਈ ਪਾਵਰ ਟਾਸਕ ਫੋਰਸ ਬਣਾਉਣ ਦਾ ਐਲਾਨ ਕੀਤਾ ਹੈ। ਇਹ ਕਮੇਟੀ ਨੈਸ਼ਨਲ ਟੈਸਟਿੰਗ ਏਜੰਸੀ (ਐਨਟੀਏ) ਦੀ ਪ੍ਰੀਖਿਆ ਪ੍ਰਣਾਲੀ ਦੀ ਵਿਆਪਕ ਸਮੀਖਿਆ ਕਰੇਗੀ ਤੇ ਖ਼ਾਸ ਤੌਰ 'ਤੇ ਤਕਨਾਲੋਜੀ-ਆਧਾਰਿਤ ਸੁਧਾਰਾਂ ਦਾ ਖ਼ਾਕਾ ਤਿਆਰ ਕਰੇਗੀ। ਨਾਲ ਹੀ, ਅਜਿਹੀ ਪ੍ਰਣਾਲੀ ਦੀ ਸਿਫ਼ਾਰਸ਼ ਕਰੇਗੀ ਜਿਸ ਨਾਲ ਭਵਿੱਖ 'ਚ ਪੇਪਰ ਲੀਕ ਤੇ ਹੋਰ ਗੜਬੜੀਆਂ ਦੇ ਖ਼ਤਰੇ ਨੂੰ ਘੱਟ ਤੋਂ ਘੱਟ ਕੀਤਾ ਜਾ ਸਕੇ। ਸਰਕਾਰ ਪ੍ਰੀਖਿਆ ਪ੍ਰਣਾਲੀ ਨੂੰ ਹੋਰ ਮਜ਼ਬੂਤ ਕਾਨੂੰਨੀ ਸੁਰੱਖਿਆ ਦੇਣ ਦੀ ਤਿਆਰੀ ਵੀ ਕਰ ਚੁੱਕੀ ਹੈ। ਪ੍ਰਧਾਨ ਮੰਤਰੀ ਦਫ਼ਤਰ 'ਚ ਰਾਜ ਮੰਤਰੀ ਜਿਤੇਂਦਰ ਸਿੰਘ ਸੋਮਵਾਰ ਨੂੰ ਸੰਸਦ 'ਚ ਜਨਤਕ ਪ੍ਰੀਖਿਆਵਾਂ (ਅਣਉਚਿਤ ਸਾਧਨਾਂ ਦੀ ਰੋਕਥਾਮ) ਸੋਧ ਬਿੱਲ-2026 ਪੇਸ਼ ਕਰਨਗੇ। ਸਰਕਾਰ ਦਾ ਦਾਅਵਾ ਹੈ ਕਿ ਨਵੇਂ ਪ੍ਰਾਵਧਾਨਾਂ ਨਾਲ ਪੇਪਰ ਲੀਕ, ਪ੍ਰੀਖਿਆ ਵਿੱਚ ਧੋਖਾਧੜੀ ਅਤੇ ਸੰਗਠਿਤ ਨਕਲ ਵਰਗੇ ਅਪਰਾਧਾਂ 'ਤੇ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਰੋਕ ਲਗਾਈ ਜਾ ਸਕੇਗੀ।

ਇਸ ਤੋਂ ਪਹਿਲਾਂ ਵੀ ਪ੍ਰਧਾਨ ਮੰਤਰੀ ਦੋ ਵੀਡੀਓ ਸੰਦੇਸ਼


ਤਕਨਾਲੋਜੀ ਮਾਹਰ ਤੇ ਇਨਫੋਸਿਸ ਦੇ ਸਹਿ-ਸੰਸਥਾਪਕ ਨੰਦਨ ਨਿਲੇਕਣੀ

ਜਾਰੀ ਕਰ ਕੇ ਭਰੋਸਾ ਦਿਵਾ ਚੁੱਕੇ ਹਨ ਕਿ ਪੇਪਰ ਲੀਕ ਦੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ ਤੇ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਕਰਨ ਵਾਲਿਆਂ ਨੂੰ ਕਿਸੇ ਵੀ ਕੀਮਤ 'ਤੇ ਨਹੀਂ ਬਖ਼ਸ਼ਿਆ ਜਾਵੇਗਾ। ਤੀਜੇ ਵੀਡੀਓ ਸੰਦੇਸ਼ 'ਚ ਉਨ੍ਹਾਂ ਦਾ ਜ਼ੋਰ ਪ੍ਰੀਖਿਆ ਪ੍ਰਣਾਲੀ ਨੂੰ ਹੋਰ ਪਾਰਦਰਸ਼ੀ, ਭਰੋਸੇਯੋਗ ਤੇ ਤਕਨਾਲੋਜੀ- ਆਧਾਰਤ ਬਣਾਉਣ 'ਤੇ ਰਿਹਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਵਿਦਿਆਰਥੀਆਂ ਦੇ ਹਿੱਤ 'ਚ ਸਰਕਾਰ ਲਗਾਤਾਰ ਕਈ ਕਦਮ ਚੁੱਕ ਰਹੀ ਹੈ। ਜਿਨ੍ਹਾਂ ਲੋਕਾਂ ਨੇ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਕੀਤਾ ਹੈ, ਉਹ ਜੇਲ੍ਹ 'ਚ ਹਨ। ਮਾਮਲਿਆਂ ਦੇ ਤੁਰੰਤ ਨਿਪਟਾਰੇ ਲਈ ਫਾਸਟ ਟਰੈਕ ਅਦਾਲਤਾਂ ਦੀ ਵੀ ਵਿਵਸਥਾ ਕੀਤੀ ਗਈ ਹੈ। ਪਰ ਸਿਰਫ਼ ਦੋਸ਼ੀਆਂ ਨੂੰ ਸਜ਼ਾ ਦੇਣਾ ਹੀ ਕਾਫ਼ੀ ਨਹੀਂ ਹੈ। ਲੋੜ ਅਜਿਹੀ ਪ੍ਰੀਖਿਆ ਪ੍ਰਣਾਲੀ ਵਿਕਸਤ ਕਰਨ ਦੀ ਹੈ ਜਿਸ 'ਤੇ ਦੇਸ਼ ਦਾ ਹਰ ਵਿਦਿਆਰਥੀ ਬਿਨਾਂ ਕਿਸੇ ਸ਼ੱਕ ਦੇ ਭਰੋਸਾ ਕਰ ਸਕੇ। ਟਾਸਕ ਫੋਰਸ ਦੀ ਰਿਪੋਰਟ ਦੇ ਆਧਾਰ 'ਤੇ ਆਉਣ ਵਾਲੀਆਂ ਪ੍ਰੀਖਿਆਵਾਂ ਦੀ ਭਰੋਸੇਯੋਗਤਾ ਯਕੀਨੀ ਬਣਾਉਣ ਲਈ ਲੋੜੀਂਦੇ ਸੁਧਾਰ ਲਾਗੂ ਕੀਤੇ ਜਾਣਗੇ। ਪ੍ਰਧਾਨ ਮੰਤਰੀ ਦਾ ਇਹ ਐਲਾਨ ਹਾਲ ਹੀ 'ਚ ਲਏ ਗਏ ਪ੍ਰਸ਼ਾਸਨਕ ਫ਼ੈਸਲਿਆਂ ਦੀ ਅਗਲੀ ਕੜੀ ਮੰਨਿਆ ਜਾ ਰਿਹਾ ਹੈ। ਕੇਂਦਰ ਸਰਕਾਰ ਪਹਿਲਾਂ ਹੀ ਐਨਟੀਏ 'ਚ ਪ੍ਰਸ਼ਾਸਨਕ ਬਦਲਾਅ ਕਰ ਚੁੱਕੀ ਹੈ। ਨਾਲ ਹੀ ਧਰਮਿੰਦਰ ਪ੍ਰਧਾਨ ਦਾ ਅਸਤੀਫ਼ਾ ਸਵੀਕਾਰ ਕਰਕੇ ਸਿੱਖਿਆ ਮੰਤਰਾਲੇ ਦੀ ਜ਼ਿੰਮੇਵਾਰੀ ਪ੍ਰਹਲਾਦ ਜੋਸ਼ੀ ਨੂੰ ਸੌਂਪੀ ਗਈ ਹੈ। ਹੁਣ ਪ੍ਰੀਖਿਆ ਸੁਧਾਰਾਂ ਲਈ ਦੇਸ਼ ਦੇ ਪ੍ਰਮੁੱਖ ਮਾਹਿਰਾਂ ਨੂੰ ਜ਼ਿੰਮੇਵਾਰੀ ਦੇਣਾ ਸਰਕਾਰ ਦੀ ਵਿਆਪਕ ਰਣਨੀਤੀ ਦਾ ਹਿੱਸਾ ਮੰਨਿਆ ਜਾ ਰਿਹਾ ਹੈ। ਨੰਦਨ ਨਿਲੇਕਣੀ ਦੀ ਚੋਣ ਵੀ ਇਸੇ ਰਣਨੀਤੀ ਤਹਿਤ ਕੀਤੀ ਗਈ ਹੈ। ਉਹ ਸਿਰਫ਼ ਇਨਫੋਸਿਸ ਦੇ ਸਹਿ- ਸੰਸਥਾਪਕ ਹੀ ਨਹੀਂ, ਸਗੋਂ ਭਾਰਤੀ ਵਿਲੱਖਣ ਪਛਾਣ ਅਥਾਰਟੀ (ਯੂਆਈਡੀਏਆਈ) ਦੇ ਪਹਿਲੇ ਚੇਅਰਮੈਨ ਵਜੋਂ ਆਧਾਰ ਪ੍ਰੋਜੈਕਟ ਦੀ ਸਫ਼ਲ ਅਗਵਾਈ ਵੀ ਕਰ ਚੁੱਕੇ ਹਨ। ਵੱਡੇ ਪੱਧਰ ਦੀਆਂ ਡਿਜ਼ਿਟਲ ਯੋਜਨਾਵਾਂ ਤੇ ਤਕਨਾਲੋਜੀ ਦਾ ਉਨ੍ਹਾਂ ਦਾ ਤਜਰਬਾ ਪ੍ਰੀਖਿਆ ਪ੍ਰਣਾਲੀ ਵਿੱਚ ਤਕਨਾਲੋਜੀ- ਆਧਾਰਿਤ ਸੁਧਾਰਾਂ ਨੂੰ ਤੇਜ਼ੀ ਦੇਣ ਵਿੱਚ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ।


ਪ੍ਰਧਾਨ ਮੰਤਰੀ ਨਰਿੰਦਰ ਮੋਦੀ

# ਪੰਜਾਬ ਪੁਲੀਸ ਗੈਂਗਸਟਰ ਜੋਬਨ ਬਿੱਲਾ ਨੂੰ ਇੰਡੋਨੇਸ਼ੀਆ ਤੋਂ ਲਿਆਈ ਭਾਰਤ

## ਜਾਅਲੀ ਪਾਸਪੋਰਟ ਤਿਆਰ ਕਰ ਕੇ ਹੋਇਆ ਸੀ ਫ਼ਰਾਰ

**ਚੰਡੀਗੜ੍ਹ:** ਪੰਜਾਬ ਪੁਲੀਸ ਦੀ ਐਂਟੀ-ਗੈਂਗਸਟਰ ਟਾਸਕ ਫੋਰਸ (ਏ ਜੀ ਟੀ ਐੱਫ) ਨੇ ਗੈਂਗਸਟਰ ਜੋਬਨਜੀਤ ਸਿੰਘ ਉਰਫ਼ ਜੋਬਨ ਬਿੱਲਾ ਨੂੰ ਓਵਰਸੀਜ਼ ਫਿਊਜੀਟਿਵ ਟਰੈਕਿੰਗ ਐਂਡ ਐਕਸਟਰਾਡਿਸ਼ਨ ਸੈੱਲ (ਓ ਐੱਫ ਟੀ ਈ ਸੀ) ਪੰਜਾਬ ਅਤੇ ਕੇਂਦਰੀ ਏਜੰਸੀਆਂ ਦੇ ਸਹਿਯੋਗ ਨਾਲ ਇੰਡੋਨੇਸ਼ੀਆ ਦੇ ਜਕਾਰਤਾ ਤੋਂ ਕਾਬੂ ਕਰ ਕੇ ਭਾਰਤ ਲਿਆਂਦਾ ਹੈ।

ਪੰਜਾਬ ਦੇ ਡੀ ਜੀ ਪੀ ਗੌਰਵ ਯਾਦਵ ਨੇ ਪੁਸ਼ਟੀ ਕਰਦਿਆਂ ਕਿਹਾ ਕਿ ਜੋਬਨ ਬਿੱਲਾ ਨੂੰ 20 ਜੁਲਾਈ ਨੂੰ ਇੰਡੋਨੇਸ਼ੀਆ ਵਿੱਚ ਹਿਰਾਸਤ 'ਚ ਲਏ ਜਾਣ ਮਗਰੋਂ ਭਾਰਤ ਰਵਾਨਾ ਕੀਤਾ ਗਿਆ ਸੀ, ਜਿਸ ਨੂੰ ਪੰਜਾਬ ਪੁਲੀਸ ਨੇ ਮੁੰਬਈ ਹਵਾਈ ਅੱਡੇ ਤੋਂ ਹਿਰਾਸਤ ਵਿੱਚ ਲੈ ਲਿਆ ਹੈ ਅਤੇ ਉਸ ਨੂੰ ਜਾਂਚ ਲਈ ਪੰਜਾਬ ਲਿਆਂਦਾ ਜਾ ਰਿਹਾ ਹੈ।

ਪੰਜਾਬ ਪੁਲੀਸ ਨੇ ਇਹ ਕਾਰਵਾਈ 'ਅਪਰੇਸ਼ਨ ਨੋਮੈਡ ਹੰਟ' ਤਹਿਤ ਕੀਤੀ ਹੈ। ਇਹ ਛੇ ਮਹੀਨੇ ਲੰਮਾ ਖ਼ੁਫ਼ੀਆ ਮਿਸ਼ਨ ਸੀ। ਮੁਲਜ਼ਮ ਜੋਬਨ ਬਿੱਲਾ ਪੰਜਾਬ




ਵਿੱਚ ਦਰਜ ਚਾਰ ਕਤਲ ਮਾਮਲਿਆਂ ਵਿੱਚ ਲੋੜੀਂਦਾ ਹੈ, ਜਿਸ . ਵਿੱਚ ਮਈ 2023 ਵਿੱਚ ਪਿੰਡ ਸਠਿਆਲਾ ਅੰਮ੍ਰਿਤਸਰ 'ਚ ਜਰਨੈਲ ਸਿੰਘ ਦਾ ਕਤਲ, ਜਨਵਰੀ 2024 ਵਿੱਚ ਦੀਪੂ ਅਜਨਾਲਾ ਦਾ ਕਤਲ, ਮਾਰਚ 2025 ਵਿੱਚ 12 ਸਾਲਾ ਲੜਕੇ ਗੁਰਸੇਵਕ ਸਿੰਘ ਦਾ ਕਤਲ ਅਤੇ ਮਾਰਚ 2025 ਵਿੱਚ ਹੀ ਵਿੱਕੀ ਚੁੱਘ ਦੀ ਹੱਤਿਆ ਸ਼ਾਮਲ ਹੈ।

ਇਸ ਤੋਂ ਇਲਾਵਾ ਜੋਬਨ ਬਿੱਲਾ ਖ਼ਿਲਾਫ਼ ਇਰਾਦਾ ਕਤਲ, ਐੱਨ ਡੀ ਪੀ ਐੱਸ ਐਕਟ ਤੇ ਅਸਲਾ ਐਕਟ ਦੇ ਕੇਸ ਵੀ ਦਰਜ ਹਨ। ਪੁਲੀਸ ਦੀ ਮੁੱਢਲੀ ਜਾਂਚ ਵਿੱਚ ਸਾਹਮਣੇ ਆਇਆ ਕਿ ਜੋਬਨ ਬਿੱਲਾ 9 ਜਨਵਰੀ 2025 ਨੂੰ ਗੋਰਖਪੁਰ ਦੇ ਰਹਿਣ ਵਾਲੇ ਵਿਅਕਤੀ ਦੇ ਜਾਅਲੀ ਵੇਰਵਿਆਂ 'ਤੇ ਪਾਸਪੋਰਟ ਤਿਆਰ ਕਰਵਾ ਕੇ ਵਿਦੇਸ਼ ਭੱਜ ਗਿਆ ਸੀ।

ਉਹ ਪਹਿਲਾਂ ਸੰਯੁਕਤ ਅਰਬ ਅਮੀਰਾਤ (ਯੂ ਏ ਈ) ਵਿੱਚ ਲੁਕਿਆ ਹੋਇਆ ਸੀ, ਜਿੱਥੋਂ ਉਹ ਜਾਰਜੀਆ ਚਲਾ ਗਿਆ ਅਤੇ ਫਿਰ ਅੱਗੇ ਇੰਡੋਨੇਸ਼ੀਆ ਪਹੁੰਚ ਗਿਆ।


SUNIL SHAH
(847) 309 4462
Federation of Indian Associations Chicago, IL
Proudly Presents
America's 250th & India's 80th
ANNIVERSARY OF INDEPENDENCE
F.I.A
Bollywood Celebrity
KASHISHH RAJPUT
Celebrity Artists
SHIBANI, RAZIN, & TIRTH
Live Band by Hitesh Master and Orchestra Saregama
Grand Sponsors
JP Khaira
Tickets: Elite, VVIP, VIP, $99, $69, $49/ dinner included
Meet & Greet: Elite, VVIP, VIP, $99
9 August 2026 | 6:30 PM
Renaissance Schaumburg
MAFS
IABC
Guest of Honor Dr. Parag Doshi
POWERVOLT
GLOBAL
VINAKOM
INDIACO
A.B. Entertainment
RELY SERVICES
Crossroads Animal Hospital
SANGAM
JIGARS KITCHEN
KABH B
DIMPLE'S BEAUTY SALON
SHREEJI BUILDER
PTC PUNJABI
ਪੰਜਾਬ ਟਾਈਮਜ਼ PUNJAB TIMES
CORE EXTERIORS
TASTY BITES
AAHOA
EGGHOLIC
HOPSCOTCH
AMERICAN
American STAR REALTY
OZA
हिन्दी ख़बर
IUSA MEDIA
INDIA The Indian EYE
पंजाब केसरी
DESI TALK
MAVEN MEDIA
RADIO ZINDAGI 105.1 FM HD2
Meghana Jewelers
TV ASIA
DESI JUNCTION MEDIA
ગુજરાત સમાચાર
Murugesh Kasilingam 630-841-6789 | Ajeet Singh : 847-529-9778 | Vinod Chanamolu : 630-608-0003
Sunil Shah 847-309-4462
Altaf Bukhari 847-704-2927
Richa Chand 224-595-5382
Neil Khot 847-340-0123
Anu Malhotra 630-460-4271
Pratibha Jairath 630-222-1248
Vinita Gulabani 630-915-0658
Hitesh Gandhi 630-205-3265
Radhika Chimata 708-557-0070
Harish Kolsani 847-553-8594

# ਪ੍ਰਧਾਨ ਦਾ ਅਸਤੀਫ਼ਾ ਲੋਕਤੰਤਰ ਦੀ ਜਿੱਤ: ਸੋਨਮ ਵਾਂਗਚੁਕ

**ਗੁਰੂਗ੍ਰਾਮ:**ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ ਨੂੰ ਸਮਾਜਿਕ ਕਾਰਕੁੰਨ ਸੋਨਮ ਵਾਂਗਚੁਕ ਨੇ ਲੋਕਤੰਤਰ ਦੀ ਜਿੱਤ ਦੱਸਦੇ ਹੋਏ ਦੇਸ਼ਵਾਸੀਆਂ ਤੇ ਅੰਦੋਲਨ 'ਚ ਸ਼ਾਮਲ ਨੌਜਵਾਨਾਂ ਦਾ ਧੰਨਵਾਦ ਕੀਤਾ। ਮੇਦਾਂਤਾ ਹਸਪਤਾਲ 'ਚ ਜ਼ੇਰੇ ਇਲਾਜ ਵਾਂਗਚੁਕ ਨੇ ਆਪਣੇ ਐਕਸ ਹੈਂਡਲ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਇਹ ਸਾਫ਼ ਤੌਰ 'ਤੇ ਲੋਕਤੰਤਰ ਦੀ ਜਿੱਤ ਹੈ, ਜੋ ਸੜਕਾਂ ਤੋਂ ਨਿਕਲ ਕੇ ਦੇਸ਼ ਦੀ ਲੋਕਤੰਤਰੀ ਵਿਵਸਥਾ ਤਕ ਪਹੁੰਚੀ ਹੈ।ਵਾਂਗਚੁਕ ਨੇ ਲਿਖਿਆ ਕਿ ਇਹ ਸ਼ਾਂਤੀ, ਸਬਰ ਤੇ ਦ੍ਰਿੜਤਾ ਦੀ ਵੀ ਜਿੱਤ ਹੈ। ਉਨ੍ਹਾਂ ਨੇ ਸੀਜੇਪੀ, ਦੇਸ਼ ਦੇ ਜੈਨ-ਜ਼ੀ ਤੇ ਉਨ੍ਹਾਂ ਸਾਰੇ ਲੋਕਾਂ ਨੂੰ ਵਧਾਈ ਦਿੱਤੀ, ਜਿਨ੍ਹਾਂ ਨੇ ਡਰ ਦਾ ਮਾਹੌਲ ਛੱਡ ਕੇ ਦੇਸ਼ ਦੇ ਹਰ ਕੋਨੇ ਤੋਂ ਆਪਣੀ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਨੇ ਕਿਹਾ ਕਿ ਜਨਤਾ ਦੀ ਇਕਜੁੱਟਤਾ ਤੇ ਸ਼ਾਂਤੀਪੂਰਨ ਤਰੀਕੇ ਨਾਲ ਚੁੱਕੀ ਗਈ ਆਵਾਜ਼ ਨੇ ਜਵਾਬਦੇਹੀ ਤੈਅ ਕਰਨ ਦਾ ਰਸਤਾ ਬਣਾਇਆ ਹੈ। ਵਾਂਗਚੁਕ ਨੇ ਆਪਣੇ ਸੰਦੇਸ਼ 'ਚ ਕਿਹਾ ਕਿ ਜਵਾਬਦੇਹੀ ਤੈਅ ਹੋਣ ਤੋਂ ਬਾਅਦ ਸੁਧਾਰਾਂ ਦੀ ਦਿਸ਼ਾ 'ਚ ਅੱਗੇ ਵਧਣ ਦਾ ਸਮਾਂ ਹੈ। ਉਨ੍ਹਾਂ ਨੇ ਇਸ ਨੂੰ ਸਿਰਫ਼ ਕਿਸੇ ਇਕ ਵਿਅਕਤੀ ਦੇ ਅਸਤੀਫ਼ੇ ਤਕ ਸੀਮਿਤ ਨਾ ਦੱਸਦੇ ਹੋਏ ਵਿਵਸਥਾ 'ਚ ਬਦਲਾਅ ਲਿਆਉਣ ਦਾ ਮੌਕਾ ਦੱਸਿਆ।



## ਸਿਹਤ 'ਚ ਤੇਜ਼ੀ ਨਾਲ ਸੁਧਾਰ

ਮੇਦਾਂਤਾ ਹਸਪਤਾਲ 'ਚ ਦਾਖ਼ਲ' ਸਮਾਜਿਕ ਕਾਰਕੁੰਨ ਸੋਨਮ ਵਾਂਗਚੁਕ ਦੀ ਸਿਹਤ 'ਚ ਹੁਣ ਤੇਜ਼ੀ ਨਾਲ ਸੁਧਾਰ ਹੋਣ ਲੱਗਿਆ ਹੈ। ਹਸਪਤਾਲ ਸੂਤਰਾਂ ਮੁਤਾਬਕ, ਤਰਲ ਖ਼ੁਰਾਕ ਸ਼ੁਰੂ ਹੋਣ ਤੋਂ ਬਾਅਦ ਉਨ੍ਹਾਂ ਦੀ ਰਿਕਵਰੀ ਬਿਹਤਰ ਢੰਗ ਨਾਲ ਹੋ ਰਹੀ ਹੈ। ਇਲੈਕਟ੍ਰੋਲਾਈਟ ਪੱਧਰ ਤੇ ਹੋਰ ਲੋੜੀਂਦੇ ਸਿਹਤ ਮਾਣਕਾਂ ਦੀ ਲਗਾਤਾਰ ਜਾਂਚ ਕੀਤੀ ਜਾ ਰਹੀ ਹੈ। ਮੇਦਾਂਤਾ ਹਸਪਤਾਲ ਦੇ ਮੈਡੀਸਿਨ ਵਿਭਾਗ ਦੀ ਵਾਈਸ ਚੇਅਰਮੈਨ ਡਾ. ਸੁਸ਼ੀਲਾ ਕਟਾਰੀਆ ਦੀ ਨਿਗਰਾਨੀ 'ਚ ਮਾਹਰ ਡਾਕਟਰਾਂ ਦੀ ਟੀਮ ਲਗਾਤਾਰ ਉਨ੍ਹਾਂ ਦੀ ਸਿਹਤ 'ਤੇ ਨਜ਼ਰ ਬਣਾਏ ਹੋਏ ਹੈ।

# ਆਖ਼ਰ ਨੌਜਵਾਨਾਂ ਅੱਗੇ ਝੁਕ ਗਈ ਸਰਕਾਰ

## ਸਿੱਖਿਆ ਮੰਤਰੀ ਦੇ ਅਸਤੀਫ਼ੇ ਪਿੱਛੋਂ ਜੰਤਰ-ਮੰਤਰ ਅੰਦੋਲਨ ਵਾਪਸ

**ਨਵੀਂ ਦਿੱਲੀ:**ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਅੰਦੋਲਨਕਾਰੀ ਵਿਦਿਆਰਥੀਆਂ ਵੱਲੋਂ ਬਣਾਏ ਦਬਾਅ ਅੱਗੇ ਝੁਕਦਿਆਂ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਸਤੀਫ਼ਾ ਸੌਂਪ ਦਿੱਤਾ ਹੈ ਤੇ ਉਨ੍ਹਾਂ ਲਈ ਇਹ 'ਨਿੱਜੀ ਸਾਖ' ਦਾ ਮਸਲਾ ਨਹੀਂ ਹੈ। ਪ੍ਰਧਾਨ ਦੇ ਇਸ ਐਲਾਨ ਤੇ ਕੇਂਦਰ ਸਰਕਾਰ ਵੱਲੋਂ ਹੋਰਨਾਂ ਮੰਗਾਂ ਬਾਰੇ ਦਿੱਤੀ - ਸਹਿਮਤੀ ਮਗਰੋਂ ਕੌਕਰੋਚ ਜਨਤਾ ਪਾਰਟੀ (ਸੀ ਜੇ ਪੀ) ਨੇ ਪਿਛਲੇ 26 ਦਿਨਾਂ ਤੋਂ ਚੱਲ ਰਿਹਾ ਵਿਦਿਆਰਥੀਆਂ ਦੀ ਅਗਵਾਈ ਵਾਲਾ ਅੰਦੋਲਨ ਵਾਪਸ ਲੈ ਲਿਆ। ਪਾਰਟੀ ਨੇ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ ਨੂੰ ਵੱਡੀ ਜਿੱਤ ਕਰਾਰ ਦਿੱਤਾ ਹੈ। ਪ੍ਰਧਾਨ ਦਾ ਅਸਤੀਫ਼ਾ ਅੰਦੋਲਨਕਾਰੀ ਵਿਦਿਆਰਥੀਆਂ ਦੀ ਮੁੱਖ ਮੰਗਾਂ 'ਚ ਸ਼ੁਮਾਰ ਸੀ। ਸਰਕਾਰ ਨੇ ਨੀਟ ਪੇਪਰ ਲੀਕ ਕਰ ਕੇ ਖ਼ੁਦਕੁਸ਼ੀ ਕਰ ਗਏ ਵਿਦਿਆਰਥੀਆਂ ਦੇ ਪਰਿਵਾਰਾਂ ਨੂੰ 1 ਕਰੋੜ ਰੁਪਏ ਦੇ ਮੁਆਵਜ਼ੇ ਅਤੇ ਅੰਦੋਲਨਕਾਰੀ ਵਿਦਿਆਰਥੀਆਂ ਖ਼ਿਲਾਫ਼ ਕੋਈ ਕਾਰਵਾਈ ਨਾ ਕਰਨ ਬਾਰੇ ਸੀ ਜੇ ਪੀ ਦੀਆਂ ਬਾਕੀ ਦੋ ਸ਼ਰਤਾਂ ਵੀ ਮੰਨ ਲਈਆਂ। ਸੀ ਜੇ ਪੀ ਨੇ ਕਿਹਾ ਕਿ ਦੋਵੇਂ ਧਿਰਾਂ ਪ੍ਰੀਖਿਆ ਪ੍ਰਣਾਲੀ ਵਿੱਚ ਵਿਆਪਕ ਸੁਧਾਰਾਂ ਲਈ ਚਾਰ ਹਫ਼ਤਿਆਂ ਬਾਅਦ ਮੁੜ ਮਿਲਣਗੀਆਂ। ਸੀ ਜੇ ਪੀ ਨੇ ਨੀਟ ਪੇਪਰ ਲੀਕ ਤੇ ਪ੍ਰੀਖਿਆ ਚੌਖਟੇ ਵਿੱਚ ਬੇਨਿਯਮੀਆਂ ਦੇ ਹਵਾਲੇ ਨਾਲ ਪ੍ਰਧਾਨ ਦੇ ਅਸਤੀਫ਼ੇ ਸਣੇ ਹੋਰ ਮੰਗਾਂ ਲਈ 20 ਜੂਨ ਨੂੰ ਜੰਤਰ ਮੰਤਰ 'ਤੇ ਅੰਦੋਲਨ ਸ਼ੁਰੂ ਕੀਤਾ ਸੀ।

ਸੀ ਜੇ ਪੀ ਨੇ ਕੇਂਦਰੀ ਮੰਤਰੀਆਂ ਜੇ ਪੀ ਨੱਡਾ ਅਤੇ ਜੀਤੇਂਦਰ ਸਿੰਘ ਨਾਲ ਕੀਤੀਸਾਂਝੀ ਪ੍ਰੈੱਸ ਕਾਨਫਰੰਸ ਦੌਰਾਨ ਅੰਦੋਲਨ ਵਾਪਸ ਲੈਣ ਦਾ ਐਲਾਨ ਕੀਤਾ। ਕੌਕਰੋਚ ਪਾਰਟੀ ਦੇ ਦੋ ਤਰਜਮਾਨ ਆਸ਼ੂਤੋਸ਼ ਰਾਂਕਾ 'ਤੇ ਸੌਰਵ ਦਾਸ ਵੀ ਇਸ ਮੌਕੇ ਮੌਜੂਦ ਸਨ। ਰਾਂਕਾ ਨੇ ਕਿਹਾ, "ਸਰਕਾਰ ਨੇ 36 ਦਿਨਾਂ ਦੇ ਵਿਰੋਧ ਮੁਜ਼ਾਹਰਿਆਂ ਮਗਰੋਂ ਸਾਡੀਆਂ ਸਾਰੀਆਂ ਮੰਗਾਂ ਮੰਨ ਲਈਆਂ ਹਨ; ਅਸੀਂ ਸਾਰਿਆਂ ਨੂੰ ਅਪੀਲ ਕਰਦੇ ਹਾਂ ਕਿ ਉਹ ਮੁਜ਼ਾਹਰੇ ਵਾਲੀਆਂ ਥਾਵਾਂ ਤੋਂ ਸ਼ਾਂਤੀਪੂਰਨ ਤਰੀਕੇ ਨਾਲ ਵਾਪਸ ਚਲੇ ਜਾਣ।" ਨੱਡਾ ਨੇ ਕਿਹਾ, "ਸਰਕਾਰ ਪ੍ਰਦਰਸ਼ਨਕਾਰੀਆਂ ਖ਼ਿਲਾਫ਼ ਦਰਜ ਐੱਫ ਆਈ ਆਰਜ਼ ਵਾਪਸ ਲੈਣ ਲਈ ਲੋੜੀਂਦੇ ਕਦਮ ਚੁੱਕੇਗੀ।" ਉਨ੍ਹਾਂ ਕਿਹਾ ਕਿ ਸਰਕਾਰ ਨੀਟ ਖ਼ੁਦਕਸ਼ੀ ਪੀੜਤਾਂ ਦੇ ਪਰਿਵਾਰਾਂ ਨੂੰ ਨੇਮਾਂ ਮੁਤਾਬਕ ਵਿੱਤੀ ਮੁਆਵਜ਼ਾ ਦੇਵੇਗੀ। ਉਂਜ ਉਨ੍ਹਾਂ ਸਪਸ਼ਟ ਨਹੀਂ ਕੀਤਾ ਕਿ ਇਹ (ਮੁਆਵਜ਼ਾ) ਕਿੰਨਾ ਹੋਵੇਗਾ। ਪ੍ਰੈੱਸ ਕਾਨਫਰੰਸ ਤੋਂ ਪਹਿਲਾਂ ਪ੍ਰਧਾਨ ਨੇ ਆਪਣਾ ਅਸਤੀਫ਼ਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਭੇਜ ਦਿੱਤਾ।



ਉੱਧਰ, ਪ੍ਰਧਾਨ ਦੇ ਅਸਤੀਫ਼ੇ ਬਾਰੇ ਪਤਾ ਲੱਗਦਿਆਂ ਹੀ ਮੁਜ਼ਾਹਰਾਕਾਰੀਆਂ ਨੇ ਜੰਤਰ ਮੰਤਰ 'ਤੇ ਨੱਚ ਟੱਪ ਕੇ ਅਤੇ, ਤਿਰੰਗਾ ਲਹਿਰਾ ਕੇ ਇਸ ਜਿੱਤ ਦਾ ਜਸ਼ਨ ਮਨਾਇਆ। ਉਨ੍ਹਾਂ ਇੱਕ ਦੂਜੇ ਨੂੰ ਗਲਵੱਕੜੀ ਵਿੱਚ ਲਿਆ ਤੇ ਇਸ ਦੌਰਾਨ ਪਿਛੋਕੜ ਵਿੱਚ 'ਚੱਕ ਦੇ ਇੰਡੀਆ' ਵਰਗੇ ਗੀਤ ਵੱਜ ਰਹੇ ਸਨ। ਕਈਆਂ ਨੇ ਹੱਥਾਂ ਵਿੱਚ ਡਾ. ਬੀ ਆਰ ਅੰਬੇਡਕਰ ਦੀਆਂ ਤਸਵੀਰਾਂ ਅਤੇ ਪੋਸਟਰ ਫੜੇ ਹੋਏ ਸਨ। ਸੀ ਜੇ ਪੀ ਨੇ ਹਾਲਾਂਕਿ ਪ੍ਰਧਾਨ ਦੇ ਅਸਤੀਫ਼ੇ ਮਗਰੋਂ ਇਕੱਠ ਨੂੰ ਸਾਫ਼ ਕੀਤਾ ਕਿ ਸਰਕਾਰ ਨੂੰ ਅਜੇ ਦੋ ਹੋਰ ਮੰਗਾਂ ਬਾਰੇ ਸਹਿਮਤੀ ਦੇਣੀ ਹੋਵੇਗੀ। ਪਾਰਟੀ ਦੇ ਬਾਨੀ ਅਭਿਜੀਤ ਦੀਪਕੇ ਨੇ ਕਿਹਾ, "ਸਾਡੀਆਂ ਅਜੇ ਦੋ ਹੋਰ ਮੰਗਾਂ ਹਨ। ਅਸੀਂ ਇਸ ਤਰ੍ਹਾਂ ਨਹੀਂ ਜਾਵਾਂਗੇ। ਅਸੀਂ ਕੌਕਰੋਚ ਹਾਂ, ਜੋ ਇਕ ਵਾਰੀ ਦਾਖ਼ਲ ਹੋ ਜਾਣ ਤਾਂ ਜਾਂਦੇ ਨਹੀਂ।" ਦੀਪਕੇ ਨੇ ਸਰਕਾਰ ਵੱਲੋਂ ਹੋਰਨਾਂ ਮੰਗਾਂ ਬਾਰੇ ਦਿੱਤੀ ਸਹਿਮਤੀ ਮਗਰੋਂ ਕਿਹਾ, "ਅਸੀਂ ਕਰ ਦਿਖਾਇਆ। ਪ੍ਰਧਾਨ ਦਾ ਅਸਤੀਫ਼ਾ ਸਬੂਤ ਹੈ ਕਿ ਜੇ ਤੁਸੀਂ ਡਰੋਗੇ ਨਹੀਂ, ਤੁਸੀਂ ਜਿੱਤੋਗੇ...। ਉਹ ਕਹਿੰਦੇ ਸੀ ਇਸ ਸਰਕਾਰ ਨੂੰ ਅਸਤੀਫ਼ੇ ਨਜ਼ਰ ਨਹੀਂ ਆਉਂਦੇ। ਅਸੀਂ ਕਿਹਾ ਕਿ ਦੁਨੀਆ ਝੁਕਦੀ ਹੈ, ਝੁਕਾਉਣ ਵਾਲਾ ਚਾਹੀਦਾ ਹੈ।"

# ਪ੍ਰਹਿਲਾਦ ਜੋਸ਼ੀ ਨੂੰ ਸਿੱਖਿਆ ਮੰਤਰਾਲੇ ਦੀ ਵਾਧੂ ਜ਼ਿੰਮੇਵਾਰੀ

**ਨਵੀਂ ਦਿੱਲੀ:**ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ ਮਗਰੋਂ ਕੇਂਦਰੀ ਮੰਤਰੀ ਪ੍ਰਹਿਲਾਦ ਜੋਸ਼ੀ ਨੂੰ ਸਿੱਖਿਆ ਮੰਤਰੀ ਨਿਯੁਕਤ ਕੀਤਾ ਗਿਆ ਹੈ। ਜੋਸ਼ੀ, ਜੋ ਖਪਤਕਾਰ ਮਾਮਲੇ ਮੰਤਰੀ ਹਨ, ਕੋਲ



ਸਿੱਖਿਆ ਮੰਤਰਾਲੇ ਦਾ ਵਾਧੂ ਚਾਰਜ ਰਹੇਗਾ। ਰਾਸ਼ਟਰਪਤੀ ਭਵਨ ਮੁਤਾਬਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਲਾਹ ਉੱਤੇ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਪ੍ਰਧਾਨ ਦਾ ਅਸਤੀਫ਼ਾ ਤੁਰੰਤ ਪ੍ਰਭਾਵ ਤੋਂ ਮਨਜ਼ੂਰ ਕਰ ਲਿਆ ਹੈ। ਪ੍ਰਧਾਨ ਮੰਤਰੀ ਦੀ ਸਲਾਹ ਨਾਲ ਹੀ ਰਾਸ਼ਟਰਪਤੀ ਨੇ ਜੋਸ਼ੀ ਨੂੰ ਸਿੱਖਿਆ ਮੰਤਰੀ ਦੀ ਵਾਧੂ ਜ਼ਿੰਮੇਵਾਰੀ ਸੌਂਪੀ ਹੈ।

# ਪੇਪਰ ਲੀਕ ਕੇਸਾਂ ਦੀ ਜਾਂਚ ਦੋ ਮਹੀਨਿਆਂ 'ਚ ਹੋਵੇਗੀ ਪੂਰੀ

**ਨਵੀਂ ਦਿੱਲੀ:**ਦੋ ਸਾਲ ਪੁਰਾਣੇ ਪੇਪਰ ਲੀਕ ਵਿਰੋਧੀ ਕਾਨੂੰਨ ਵਿੱਚ ਸੋਧ ਵਾਲੇ ਬਿੱਲ ਵਿੱਚ ਮੁਲਜ਼ਮਾਂ, ਖ਼ਿਲਾਫ਼ ਤੇਜ਼ੀ ਨਾਲ ਮੁਕੱਦਮਾ ਚਲਾਉਣ ਲਈ ਹਰੇਕ ਰਾਜ ਵਿੱਚ ਫਾਸਟ-ਟਰੈਕ ਅਦਾਲਤਾਂ ਸਥਾਪਤ ਕਰਨ ਦੀ ਤਜਵੀਜ਼ ਸ਼ਾਮਲ ਹੈ। ਪਬਲਿਕ ਐਗਜ਼ਾਮੀਨੇਸ਼ਨ (ਪ੍ਰੀਵੈਨਸ਼ਨ ਆਫ ਅਨਫੇਅਰ ਮੀਨਜ਼) ਸੋਧ ਬਿੱਲ-2026 ਮੁਤਾਬਕ ਪੇਪਰ ਲੀਕ ਕੇਸਾਂ ਦੀ ਜਾਂਚ ਦੋ ਮਹੀਨਿਆਂ ਅੰਦਰ ਮੁਕੰਮਲ ਕਰਨੀ ਹੋਵੇਗੀ।ਇਸ ਨੂੰ ਮੌਨਸੂਨ ਇਜਲਾਸ ਦੌਰਾਨ ਸੰਸਦ ਵਿੱਚ ਪੇਸ਼ ਕਰਨ ਤੋਂ ਪਹਿਲਾਂ ਲੋਕ ਸਭਾ ਮੈਂਬਰਾਂ ਨੂੰ ਸਰਕੂਲੇਟ ਕੀਤੇ ਗਏ ਬਿੱਲ ਵਿੱਚ ਕਿਹਾ ਗਿਆ ਹੈ ਕਿ ਪ੍ਰੀਖਿਆਵਾਂ ਵਿੱਚ ਪੇਪਰ ਲੀਕ ਜਾਂ ਗਲਤ ਤਰੀਕਿਆਂ ਨਾਲ ਕੰਮ ਕਰਨ ਵਾਲਿਆਂ ਨੂੰ ਘੱਟੋ-ਘੱਟ 5 ਸਾਲ ਅਤੇ ਵੱਧ ਤੋਂ ਵੱਧ 10 ਸਾਲ ਦੀ ਕੈਦ ਅਤੇ 50 ਲੱਖ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ।



ਸੰਗਠਿਤ ਅਪਰਾਧ ਲਈ ਬਿੱਲ ਵਿੱਚ ਘੱਟੋ-ਘੱਟ ਸੱਤ ਸਾਲ ਦੀ ਸਜ਼ਾ ਅਤੇ 10 ਕਰੋੜ ਰੁਪਏ ਤੱਕ ਦੇ ਜੁਰਮਾਨੇ ਦੀ ਵਿਵਸਥਾ ਹੈ। ਬਿੱਲ ਮੁਤਾਬਕ ਸਾਰੇ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਸਿਟ ਟਰੈਕ ਅਦਾਲਤਾਂ ਬਣਾਉਣ ਦਾ ਨਿਰਦੇਸ਼ ਦਿੱਤਾ ਜਾਵੇਗਾ, ਜੋ ਤੇਜ਼ੀ ਨਾਲ. ਚ ਰੋਜ਼ਾਨਾ ਆਧਾਰ 'ਤੇ ਸੁਣਵਾਈ ਕਰਦਿਆਂ ਚਾਰਜਸ਼ੀਟ ਦਾਖ਼ਲ ਹੋਣ ਤੋਂ ਤਿੰਨ , ਮਹੀਨਿਆਂ ਅੰਦਰ ਮੁਕੱਦਮੇ ਦੀ ਕਾਰਵਾਈ ਪੂਰੀ ਕਰਨਗੀਆਂ। ਇਹ ਸੋਧ ਬਿੱਲ ਕੇਂਦਰ ਸਰਕਾਰ ਨੂੰ ਲੋੜ ਪੈਣ 'ਤੇ ਕਿਸੇ ਵੀ ਅਪਰਾਧ ਦੀ ਜਾਂਚ ਲਈ ਵਿਸ਼ੇਸ਼ ਟਾਸਕ ਫੋਰਸ ਬਣਾਉਣ ਦਾ ਅਧਿਕਾਰ ਵੀ ਦਿੰਦਾ ਹੈ।

# ਪਦਮ ਭੂਸ਼ਣ ਤਰਲੋਚਨ ਸਿੰਘ 'ਡਾ. ਰਤਨ ਸਿੰਘ ਜੱਗੀ ਯਾਦਗਾਰੀ ਪੁਰਸਕਾਰ' ਨਾਲ ਸਨਮਾਨਿਤ



**ਚੰਡੀਗੜ੍ਹ:**ਪੰਜਾਬੀ, ਹਿੰਦੀ ਅਤੇ ਗੁਰਮਤਿ ਸਾਹਿਤ ਦੇ ਮਹਾਨ ਵਿਦਵਾਨ ਪਦਮ ਸ਼੍ਰੀ ਡਾ ਰਤਨ ਸਿੰਘ ਜੱਗੀ ਦੇ 100ਵੇਂ ਜਨਮ ਦਿਵਸ ਮੌਕੇ ਪੰਜਾਬ ਪੰਜਾਬ ਕਲਾ ਭਵਨ ਵਿਖੇ ਡਾ. ਰਤਨ ਸਿੰਘ ਜੱਗੀ ਮੈਮੋਰੀਅਲ ਫਾਊਂਡੇਸ਼ਨ ਦੇ ਸਹਿਯੋਗ ਨਾਲ ਕਲਾ ਪ੍ਰੀਸ਼ਦ ਵਲੋਂ ਯਾਦਗਾਰੀ ਸਮਾਗਮ ਕਰਵਾਇਆ ਗਿਆ। ਸਮਾਗਮ ਦੌਰਾਨ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ ਕੁਲਤਾਰ ਸਿੰਘ ਸੰਧਵਾਂ ਵੱਲੋਂ ਸਾਬਕਾ ਸੰਸਦ ਮੈਂਬਰ ਤੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਪਦਮ ਭੂਸ਼ਣ ਸ. ਤਰਲੋਚਨ ਸਿੰਘ ਨੂੰ ਪਹਿਲੇ ਡਾ. ਰਤਨ ਸਿੰਘ ਜੱਗੀ ਯਾਦਗਾਰੀ ਸਨਮਾਨ ਨਾਲ ਸਨਮਾਨਿਆ ਕੀਤਾ ਗਿਆ। ਜਿਸ ਵਿਚ ਉਨ੍ਹਾਂ ਨੂੰ 51 ਹਜ਼ਾਰ ਰੁਪਏ ਦੀ ਨਗਦ ਰਾਸ਼ੀ, ਦੁਸ਼ਾਲਾ ਤੇ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ। ਸਪੀਕਰ ਸ. ਸੰਧਵਾਂ ਵੱਲੋਂ ਇਸ ਮੌਕੇ ਕਲਾ ਭਵਨ ਅੰਦਰ ਹੀ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਡਾ. ਰਤਨ ਸਿੰਘ ਜੱਗੀ ਓਪਨ ਏਅਰ ਥਿਏਟਰ ਅਤੇ ਉਹਨਾਂ ਦੇ ਬੁੱਤ ਦਾ ਵੀ ਉਦਘਾਟਨ ਕੀਤਾ ਗਿਆ ਹੈ।

# ਸੋਨੀਆ ਖ਼ਿਲਾਫ਼ ਸ਼ਿਕਾਇਤ ਦਰਜ ਕਰਨ ਦੀ ਮੰਗ 'ਤੇ ਫ਼ੈਸਲਾ 13 ਅਗਸਤ ਨੂੰ

**ਨਵੀਂ ਦਿੱਲੀ:**ਵੋਟਰ ਸੂਚੀ ਮਾਮਲੇ 'ਚ ਸੀਨੀਅਰ ਕਾਂਗਰਸੀ ਆਗੂ ਸੋਨੀਆ ਗਾਂਧੀ ਦੇ ਖ਼ਿਲਾਫ਼ ਐਫਆਈਆਰ ਦਰਜ ਕਰਾਉਣ ਦੀ ਮੰਗ ਵਾਲੀ ਪਟੀਸ਼ਨ 'ਤੇ ਰਾਊਜ਼ ਐਵੇਨਿਊ ਸਥਿਤ ਵਿਸ਼ੇਸ਼ ਅਦਾਲਤ ਨੇ ਦੋਵਾਂ ਧਿਰਾਂ ਦੀਆਂ ਦਲੀਲਾਂ 'ਤੇ ਸੁਣਵਾਈ ਪੂਰੀ ਕਰ ਲਈ ਹੈ। ਵਿਸ਼ੇਸ਼ ਜੱਜ ਵਿਸ਼ਾਲ ਗੋਗਨੇ ਨੇ ਕਿਹਾ ਕਿ ਮਾਮਲੇ 'ਚ ਆਦੇਸ਼ 13 ਅਗਸਤ ਨੂੰ ਸੁਣਾਇਆ ਜਾਏਗਾ। ਅਦਾਲਤ ਨੇ ਸੋਨੀਆ ਤੇ ਸ਼ਿਕਾਇਤਕਰਤਾ ਵਿਕਾਸ ਤ੍ਰਿਪਾਠੀ ਨੂੰ ਇਕ ਅਗਸਤ ਤੱਕ ਲਿਖਤ ਦਲੀਲਾਂ ਦਾਖ਼ਲ ਕਰਨ ਦਾ ਸਮਾਂ ਦਿੱਤਾ ਹੈ। ਸ਼ਿਕਾਇਤਕਰਤਾ ਵਿਕਾਸ ਤ੍ਰਿਪਾਠੀ ਨੇ ਅਦਾਲਤ ਨੂੰ ਸੋਨੀਆ ਗਾਂਧੀ ਦੇ ਖ਼ਿਲਾਫ਼ ਐਫਆਈਆਰ ਕਰਾਉਣ ਦਾ ਨਿਰਦੇਸ਼ ਦੇਣ ਦੀ ਮੰਗ ਕੀਤੀ ਹੈ।



ਉਨ੍ਹਾਂ ਦਾ ਦੋਸ਼ ਹੈ ਕਿ ਸੋਨੀਆ ਦਾ ਨਾਂ ਸਾਲ 1980 'ਚ ਨਵੀਂ ਦਿੱਲੀ ਵਿਧਾਨ ਸਭਾ ਖੇਤਰ ਦੀ ਵੋਟਰ ਸੂਚੀ 'ਚ ਦਰਜ ਕਰ ਕੇ ਲਿਆ ਗਿਆ ਸੀ, ਜਦਕਿ ਉਨ੍ਹਾਂ ਨੂੰ ਭਾਰਤੀ ਨਾਗਰਿਕਤਾ ਅਪ੍ਰੈਲ 1983 'ਚ ਮਿਲੀ ਸੀ। ਸ਼ਿਕਾਇਤ 'ਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਉਨ੍ਹਾਂ ਦਾ ਨਾਂ ਸਾਲ 1980 'ਚ ਵੋਟਰ ਸੂਚੀ 'ਚ' ਜੋੜਿਆ ਗਿਆ, ਸਾਲ 1982 'ਚ ਹਟਾਇਆ ਗਿਆ ਤੇ ਫਿਰ ਸਾਲ 1983 'ਚ ਦੁਬਾਰਾ ਸ਼ਾਮਲ ਕੀਤਾ ਗਿਆ। ਅਦਾਲਤ 'ਚ ਸੋਨੀਆ ਗਾਂਧੀ ਨੇ ਸਾਰੇ ਦੋਸ਼ਾਂ ਨੂੰ ਖ਼ਾਰਜ ਕਰਦੇ ਹੋਏ ਕਿਹਾ ਹੈ ਕਿ ਸ਼ਿਕਾਇਤ ਪੂਰੀ ਤਰ੍ਹਾਂ ਬੇਬੁਨਿਆਦ, ਸਿਆਸੀ ਮੰਦਭਾਵਨਾ ਨਾਲ ਪ੍ਰੇਰਿਤ ਤੇ ਨਿਆਇਕ ਪ੍ਰਕਿਰਿਆ ਦੀ ਦੁਰਵਰਤੋਂ ਹੈ।

# ਤਿੰਨ ਅਗਸਤ ਨੂੰ ਟੈਂਪਲ ਧੂਮਕੇਤੂ ਆਵੇਗਾ ਧਰਤੀ ਨੇੜੇ

**ਨੈਨੀਤਾਲ:**ਮੌਸਮ ਨੇ ਸਾਥ ਦਿੱਤਾ ਤਾਂ ਆਉਂਦੇ ਅਗਸਤ ਦੇ ਪਹਿਲੇ ਹਫਤੇ ਦੌਰਾਨ ਅਸਮਾਨ ਵਿਚ ਇਕ ਸ਼ਾਨਦਾਰ ਖਗੋਲੀ ਨਜ਼ਾਰਾ ਦਿਸੇਗਾ। ਧੂਮਕੇਤੂ 10ਪੀ/ਟੈਂਪਲ-2 ਤਿੰਨ ਅਗਸਤ ਨੂੰ ਧਰਤੀ ਦੇ ਸਭ ਤੋਂ ਜ਼ਿਆਦਾ ਨਜ਼ਦੀਕ ਯਾਨੀ ' ਲਗਭਗ 6.19 ਕਰੋੜ ਕਿਲੋਮੀਟਰ ਦੂਰ ਹੋਵੇਗਾ। ਤਦੋਂ ਵਿਗਿਆਨੀ ਇਸ ਦੀ ਆਕ੍ਰਿਤੀ ਰਫਤਾਰ ਤੇ ਵਿਹਾਰ ਦਾ ਅਧਿਐਨ ਕਰਨਗੇ ਤੇ ਖਗੋਲ ਪ੍ਰੇਮੀ ਛੋਟੀ ਦੂਰਬੀਨ ਦੀ ਮਦਦ ਨਾਲ ਧੂਮਕੇਤੂ ਦੀ ਲੰਬੀ ਚਮਕਦਾਰ ਪੂੰਛ ਨੂੰ ਦੇਖਣਗੇ। ਆਰੀਆ ਭੱਟ ਲਾਂਚਿੰਗ ਵਿਗਿਆਨ ਖੋਜ ਸੰਸਥਾਨ (ਏਰੀਜ) ਦੇ ਸੀਨੀਅਰ ਖਗੋਲ ਵਿਗਿਆਨੀ ਡਾ. ਸ਼ਸ਼ੀ ਭੂਸ਼ਣ ਪਾਂਡੇ ਨੇ ਕਿਹਾ। ਕਿ 10ਪੀ/ਟੈਂਪਲ-2 ਧੂਮਕੇਤੂ ਸਾਲ 1967 ਵਿਚ ਧਰਤੀ ਦੇ ਲਾਗਿਓਂ ਲੰਘਦਾ ਸੀ। ਇਹ ਲਗਭਗ ਸਾਢੇ ਪੰਜ ਸਾਲ ਵਿਚ ਸੂਰਜ ਦਾ ਚੱਕਰ ਲਗਾਉਂਦਾ ਹੈ ਤੇ ਧਰਤੀ ਦੇ ਬਹੁਤ ਦੂਰ ਤੋਂ ਲੰਘ ਜਾਂਦਾ ਹੈ। ਚਾਰ ਜੁਲਾਈ 1873 ਨੂੰ ਖਗੋਲ ਮਾਹਿਰ ਵਿਲਹੇਮ ਟੈਂਪਲ ਨੇ ਇਸ ਲੱਭਿਆ ਸੀ। ਇਹ ਆਕਾਰ ਵਿਚ ਲਗਪਗ 10.6 ਕਿੱਲੋਮੀਟਰ ਚੌੜਾ ਹੈ। ਜਦੋਂ ਇਹ ਸਾਡੇ ਸਭ ਤੋਂ ਜ਼ਿਆਦਾ ਨਜ਼ਦੀਕ ਪਹੁੰਚੇਗਾ ਤਾਂ ਇਸ ਦੀ ਦੂਰੀ ਲਗਭਗ 6.19 ਕਰੋੜ ਕਿੱਲੋਮੀਟਰ ਰਹਿ ਜਾਏਗੀ। ਸੂਰਜ ਦੇ ਨਜ਼ਦੀਕ ਆਉਣ 'ਤੇ ਗਰਮੀ ਦੇ ਕਾਰਨ ਇਸ ਦੀ ਬਰਫ ਭਾਫ 'ਚ ਬਦਲਣ ਲੱਗਦੀ ਹੈ।



ਪੰਜਾਬ ਟਾਈਮਜ਼

1 ਅਗਸਤ, ਸ਼ਨਿਚਰਵਾਰ

# ਵਿਰੋਧ ਦੀ ਸ਼ਾਂਤਮਈ ਬੁਲੰਦੀ

*ਕੌਕਰੋਚ ਜਨਤਾ ਪਾਰਟੀ ਵਲੋਂ ਜੰਤਰ-ਮੰਤਰ ‘ਤੇ ਦਿਖਾਈ ਗਈ ਤਾਬੜ-ਤੋੜ ਤਾਕਤ ਦੀ ਗਰਮਾ-ਗਰਮੀ ਵਾਲੇ ਮਾਹੌਲ ‘ਚ ਆਖ਼ਰਕਾਰ ਸ਼ਾਂਤੀ ਆ ਗਈ ਹੈ, ਪਰ ਆਉਣ ਵਾਲਾ ਸਮਾਂ ਦੱਸੇਗਾ ਕਿ ਇਹ ਅੰਦੋਲਨ ਦੀ ਸਮਾਪਤੀ ਹੈ ਜਾਂ ਸਿਰਫ਼ ਇਕ ਅਸਥਾਈ ਠਹਿਰਾਅ। ਉਂਞ ਵੀ ਸਾਡੇ ਵਰਗੀਆਂ ਵਿਭਿੰਨਤਾਵਾਂ ਤੇ ਵੱਖ-ਵੱਖ ਪੱਧਰ ‘ਤੇ ਵੰਡੇ ਹੋਏ ਰਾਸ਼ਟਰ ਜਾਂ ਸਮਾਜ ‘ਚ ਵੰਡਣ ਵਾਲੇ ਮੁੱਦਿਆਂ ਦੀ ਕਦੇ ਕੋਈ ਕਮੀ ਨਹੀਂ ਹੈ। ਮਤਭੇਦਾਂ ਦੇ ਮੋਰਚੇ ‘ਤੇ ਸੰਤੁਲਨ ਬਣਾ ਕੇ ਅੱਗੇ ਵਧਣਾ ਹਮੇਸ਼ਾ ਲਈ ਇਕ ਵੱਡੀ ਵੰਗਾਰ ਬਣਿਆ ਰਹਿੰਦਾ ਹੈ। ਅੰਦੋਲਨ ਬਾਰੇ ਨਾਗਰਿਕਾਂ ਦੀ ਪ੍ਰਤੀਕਿਰਿਆ ਅਤੇ ਸੱਤਾ ਦੀ ਭੂਮਿਕਾ ਦੇ ਸਾਰੇ ਪੱਖਾਂ ‘ਤੇ ਵਿਚਾਰ ਕਰਨਾ ਜਲਦਬਾਜ਼ੀ ਹੋਵੇਗੀ। ਵਰਕਰਾਂ, ਕਲਾਕਾਰਾਂ, ਕਿਸਾਨ ਸੰਗਠਨਾਂ ਅਤੇ ਵਿਰੋਧੀ ਧਿਰਾਂ ਵਰਗੇ ਵੱਖ-ਵੱਖ ਸਮੂਹ ਇਸ ਅੰਦੋਲਨ ਨਾਲ ਇਕਦਮ ਜੁੜ ਗਏ, ਜਿਸ ਦੇ ਪਿੱਛੇ ਵਿਅਕਤੀਗਤ ਸਰੋਕਾਰਾਂ ਤੋਂ ਲੈ ਕੇ ਰਾਜਨੀਤਕ ਹਿੱਤਾਂ ਦੀ ਆਪਣੀ ਭੂਮਿਕਾ ਰਹੀ। ਲੋਕ ਭਾਵਨਾਵਾਂ ਨੂੰ ਲਾਮਬੰਦ ਕਰਨ ‘ਚ ਇੰਟਰਨੈੱਟ ਮੀਡੀਆ ਦੀ ਭੂਮਿਕਾ ਵੀ ਦਿਖਾਈ ਦਿੱਤੀ। ਅਜਿਹੀ ਵੱਡੀ ਬਗ਼ਾਵਤ ਸਿਰਫ਼ ਗੁਮਰਾਹ ਕਰਨ ਵਾਲੇ ਤੱਤਾਂ ਰਾਹੀਂ ਹੀ ਨਹੀਂ ਪੈਦਾ ਹੋ ਸਕਦੀ। ਸਿਆਸੀ ਮੌਕਾਪ੍ਰਸਤੀ ਅਜਿਹੀ ਅੱਗ ਨੂੰ ਭੜਕਾ ਸਕਦੀ ਹੈ, ਪਰ ਇਸ ਦੀਆਂ ਚਿੰਗਿਆੜੀਆਂ ਉਨ੍ਹਾਂ ਪ੍ਰਣਾਲੀਗਤ ਵਿਗਾੜਾਂ ਤੋਂ ਪ੍ਰੇਰਿਤ ਹੁੰਦੀਆਂ ਹਨ, ਜਿਨ੍ਹਾਂ ਨੂੰ ਲੰਬੇ ਸਮੇਂ ਤੋਂ ਅਣਗੌਲਿਆ ਗਿਆ ਹੁੰਦਾ ਹੈ। ਸਿੱਖਿਆ ਸੁਧਾਰਾਂ ਦੀ ਮੰਗ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਹੈ। ਮੁਕਾਬਲੇਬਾਜ਼ੀ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਦੀ ਘਾਟ ‘ਚ ਵਿਦਿਆਰਥੀ ਨਿੱਜੀ ਕੋਚਿੰਗ ਸੈਂਟਰਾਂ ‘ਤੇ ਨਿਰਭਰ ਹੁੰਦੇ ਜਾ ਰਹੇ ਹਨ, ਜਿੱਥੇ ਬਿਹਤਰ ਤਿਆਰੀ ਕਾਫੀ ਹੱਦ ਤੱਕ ਆਰਥਿਕ ਸਥਿਤੀ ‘ਤੇ ਨਿਰਭਰ ਕਰਦੀ ਹੈ। ‘ਸਿੱਖਿਆ ਦਾ ਅਧਿਕਾਰ’ ਮਿਲਣ ਤੋਂ ਬਾਅਦ ਵੀ. ‘ਸਹੀ ਤੇ ਗੁਣਵੱਤਾ ਵਾਲੀ ਸਿੱਖਿਆ’ ਇਕ ਅਧੂਰਾ ਸੁਪਨਾ ਬਣਿਆ ਹੋਇਆ ਹੈ। ਸੀਮਤ ਸੀਟਾਂ ਕਾਰਨ ਲੱਖਾਂ ਵਿਦਿਆਰਥੀ ਤਣਾਅ ਦਾ ਸ਼ਿਕਾਰ ਹੁੰਦੇ ਹਨ। ਨੀਟ ਹੋਵੇ ਜਾਂ ਜੇ.ਈ.ਈ. ਜਾਂ ਸੀ.ਯੂ.ਈ.ਟੀ. ਤੇ ਇੱਥੋਂ ਤੱਕ ਕਿ 12ਵੀਂ ਬੋਰਡ ਪ੍ਰੀਖਿਆ ਦਾ ਨਤੀਜਾ ਹੀ ਕਿਸੇ ਨੌਜਵਾਨ ਦੇ ਭਵਿੱਖ ਦੀ ਦਿਸ਼ਾ ਤੈਅ ਕਰ ਦਿੰਦਾ ਹੈ। ਵੱਡੀਆਂ ਸੰਸਥਾਵਾਂ ‘ਚ ਦਾਖਲੇ ਬਹੁਤ ਮੁਸ਼ਕਿਲ ਹਨ। ਇਸ ਦੁਖ ਨੂੰ ਮਹਿਸੂਸ ਕੀਤਾ ਜਾਣਾ ਚਾਹੀਦਾ ਹੈ। ਸਿਰਫ਼ ਇਕ ਪ੍ਰੀਖਿਆ ‘ਤੇ ਨਿਰਭਰ ਰਹਿਣ ਦੀ ਥਾਂ ਸਾਲ ਭਰ ਕਈ ਪੜਾਵਾਂ ‘ਚ ਕਰਵਾਈ ਜਾਣ ਵਾਲੀਆਂ ਪ੍ਰੀਖਿਆਵਾਂ ਤਣਾਅ ਨੂੰ ਘਟਾ ਸਕਦੀਆਂ ਹਨ। ਪੇਪਰ ਲੀਕ ਨੂੰ ਰੋਕਣ ਲਈ ਵੀ ਸਖ਼ਤ ਕਦਮ ਚੁੱਕਣੇ ਜ਼ਰੂਰੀ ਹਨ। ਪਰ ਜਦੋਂ ਕੋਈ ਇਕ ਵਿਸ਼ੇਸ਼ ਪ੍ਰੀਖਿਆ ਕਿਸਮਤ ਨਹੀਂ ਰਹਿੰਦੀ ਤਾਂ ਉਸ ਨਾਲ ਜੁੜੀਆਂ ਸਮੱਸਿਆਵਾਂ ਦੀ ਗੰਭੀਰਤਾ ਵੀ ਸੁਭਾਵਿਕ ਹੀ ਘੱਟ ਹੋ ਜਾਵੇਗੀ।*

*ਰੁਜ਼ਗਾਰ ਸਿਰਫ਼ ਆਮਦਨ ਦਾ ਸਰੋਤ ਨਹੀਂ, ਸਗੋਂ ਵਿਅਕਤੀ ਦੇ ਸਵੈਮਾਣ, ਜ਼ਿੰਦਗੀ ਦੇ ਉਦੇਸ਼ ਤੇ ਨਿੱਜੀ ਵਿਕਾਸ ਦਾ ਆਧਾਰ ਵੀ ਹੈ। ਵਿਰੋਧ ਦਾ ਅਧਿਕਾਰ ਮੌਲਿਕ ਹੈ ਪਰ ਕਾਨੂੰਨ ਪ੍ਰਬੰਧ ਤੇ ਸ਼ਾਂਤੀਪੂਰਨ ਨਾਗਰਿਕ ਜੀਵਨ ਦਾ ਅਧਿਕਾਰ ਵੀ ਓਨਾ ਹੀ ਮਹੱਤਵਪੂਰਨ ਹੈ। ਲੋਕਤੰਤਰੀ ਸਮਾਜਾਂ ਨੂੰ ਅਸਹਿਮਤੀ ਪ੍ਰਗਟਾਉਣ ਦੇ ਅਜਿਹੇ ਢੰਗ-ਤਰੀਕੇ ਅਪਣਾਉਣੇ ਚਾਹੀਦੇ ਹਨ, ਜੋ ਕੋਈ ਰੋਕ ਪੈਦਾ ਨਾ ਕਰਨ,ਜਦਕਿ ਸ਼ਾਸਨ-ਪ੍ਰਸ਼ਾਸਨ ਨੂੰ ਵੀ ਸੰਜਮ ਤੇ ਅਹਿੰਸਕ ਤਰੀਕੇ ਨਾਲ ਹੀ ਸਥਿਤੀ ਨੂੰ ਸੰਭਾਲਣਾ ਚਾਹੀਦਾ ਹੈ। ਕਿਸੇ ਵੀ ਰੂਪ ਵਿਚ ਇਹ ਨਹੀਂ ਭੁੱਲਣਾ ਚਾਹੀਦਾ ਕਿ ਰੋਸ ਪ੍ਰਦਰਸ਼ਨ ਕਰਨ ਵਾਲੇ ਵੀ ਮੁਲਕ ਦੇ ਹੀ ਨਾਗਰਿਕ ਹਨ। ਇਹ ਅਧਿਕਾਰ ਉਨ੍ਹਾਂ ਨੂੰ ਸੰਵਿਧਾਨ ਰਾਹੀਂ ਮਿਲਿਆ ਹੈ। ਜਿੱਥੇ ਹਿੰਸਾ ਨਿੰਦਣਯੋਗ ਹੈ, ਉੱਥੇ ਸਟੇਟ ਰਾਹੀਂ ਤਾਕਤ ਦੀ ਵਰਤੋਂ ਵੀ ਨਿੰਦਣਯੋਗ ਹੈ। ਸੱਭਿਅਕ ਸਮਾਜ ਵਿਚ ‘ਸ਼ਿਸ਼ਟਾਚਾਰ ਦੀਆਂ ਹੱਦਾਂ ਲੰਘਣ ਵਾਲਿਆਂ ਨੂੰ ਕੋਈ ਥਾਂ ਨਹੀਂ ਹੈ। ਜੈੱਨ ਜੀ ਨੂੰ ਵੀ ਪ੍ਰਗਟਾਵੇ ਅਤੇ ਨਿਰਾਦਰ ਵਿਚ ਅੰਤਰ ਸਮਝਣਾ ਪਵੇਗਾ।*

*ਪ੍ਰਸ਼ਾਸਨ ਨੇ ਆਖ਼ਰਕਾਰ ਪ੍ਰਤਿਕ੍ਰਿਆ ਦਿੱਤੀ, ਬੇਸ਼ੱਕ ਦਬਾਅ ‘ਚ ਆ ਕੇ ਹੀ। ਫਾਸਟ-ਟ੍ਰੈਕ ਅਦਾਲਤਾਂ ਦੀ ਸਥਾਪਨਾਂ, ਸਖ਼ਤ ਕਾਨੂੰਨ ਦੇ ਵਾਅਦੇ ਤੇ ਸਿੱਖਿਆ ਮੰਤਰੀ ਦਾ ਬਹੁਚਰਚਿਤ ਅਸਤੀਫ਼ਾ ਹੋਇਆ। ਅਜਿਹੇ ਅਸਤੀਫ਼ੇ ਦੇ ਪ੍ਰਤੀਕਾਤਮਕ ਮਹੱਤਵ ਨੂੰ ਸਮਝਿਆ ਜਾ ਸਕਦਾ ਹੈ ਪਰ ਸਿਰਫ਼ ਪ੍ਰਤੀਕ ਵਜੋਂ ਇਹ ਕਾਫ਼ੀ ਨਹੀਂ ਹੈ। ਧਿਆਨ ਸੰਸਥਾਗਤ ਬਦਲਾਅ ਵੱਲ ਵਧਣਾ ਚਾਹੀਦਾ ਹੈ। ਇਸ ਅੰਦੋਲਨ ਨਾਲ ਨਾ ਸਿਰਫ਼ ਜੈੱਨ-ਜੀ, ਬਲਕਿ ਸਾਰੀਆਂ ਧਿਰਾਂ ਸਾਹਮਣੇ ਇਕ ਮਹੱਤਵਪੂਰਨ ਸਵਾਲ ਪੈਦਾ ਹੁੰਦਾ ਹੈ ਕਿ ਕਿਸੇ ਧਿਰ ਦੇ ਲਈ ਇਹ ਜਿੱਤ ਦੇ ਜਸ਼ਨ ਦਾ ਮੌਕਾ ਹੈ ਜਾਂ ਸਾਰਿਆਂ ਦੇ ਲਈ ਇਕ ਗੰਭੀਰ ਆਤਮਚਿੰਤਨ ਦਾ? ਇਸ ‘ਚ ਇਹ ਨਾ ਭੁੱਲਿਆ ਜਾਵੇ ਕਿ ਸ਼ਾਂਤੀਪੂਰਨ ਅਸਹਿਮਤੀ ਉਦੋਂ ਤੱਕ ਹੀ ਮਨਜ਼ੂਰ ਹੁੰਦੀ ਹੈ, ਜਦੋਂ ਉਹ ਕਾਨੂੰਨ ਦੇ ਸ਼ਾਸਨ, ਸੰਸਥਾਵਾਂ ਦੇ ਸੰਚਾਲਨ ਤੇ ਰੋਜ਼ਾਨਾ ਜ਼ਿੰਦਗੀ ਦੀਆਂ ਮੁਸ਼ਕਿਲਾਂ ਨਾ ਵਧਾਵੇ। ਸੁਪਰੀਮ ਕੋਰਟ ਵਲੋਂ ਸ਼ਾਂਤਮਈ ਪ੍ਰਦਰਸ਼ਨਾਂ ਦੇ ਨਾਗਰਿਕ ਅਧਿਕਾਰ ਨੂੰ ਜਾਇਜ਼ ਠਹਿਰਾਉਣਾ ਬੇਹੱਦ ਮਹੱਤਵਪੂਰਨ ਹੈ।*

## ਠਾਹ-ਸੋਟਾ

–ਚਾਚਾ ਬੇਲਿਹਾਜ਼

### ਚੋਰੀ ਅਤੇ ਚੜ੍ਹਾਵਾ

*ਲੋਕ ਛੱਡ ‘ਪ੍ਰਲੋਕ’ ਦੀਆਂ ਹੋਣ ਗੱਲਾਂ, ਦੂਰ ਸੌ ਸੌ ਕੋਹ ਉੱਥੋਂ ‘ਪ੍ਰਮਾਥ’ ਹੁੰਦਾ।*
*ਧਰਮ-ਅਰਥ ਪ੍ਰਚਾਰ ਦੇ ਨਾਮ ਥੱਲੇ, ਭੰਬਲਭੂਸਿਆਂ ਵਾਲਾ ਹੀ ਗਾਥ ਹੁੰਦਾ।*
*ਹੋਵੇ ਅਕਲ ਦੇ ਪੱਖੋਂ ਅਨਾਥ ਜਿਹੜਾ, ਸ਼ਰਧਾ-ਉੱਲੂਆਂ ਵਾਸਤੇ ‘ਨਾਥ’ ਹੁੰਦਾ।*
*ਅੱਲਾਹ ਰਾਮ ਤੇ ਗੌਡ ਨੂੰ ‘ਤਿੰਨ’ ਦੱਸਣ, ਨਫਰਤ ਵੱਲ੍ਹ ਹੀ ਤੋਰਨ ਦਾ ਪਾਥ ਹੁੰਦਾ।*
*ਵਿੱਭਚਾਰੀ ਬਣਾਉਣ ਲਈ ਵਿਹਲੜਾਂ ਨੂੰ, ਭਰਦੇ ਗੋਲ੍ਹਕਾਂ ਉਨ੍ਹਾਂ ਦਾ ‘ਹਾਥ’ ਹੁੰਦਾ।*
*ਕਹਿੰਦੇ ਚੰਦ-ਚਕੋਰ ਦੀ ‘ਪ੍ਰੀਤ’ ਜਿੱਦਾਂ, ‘ਚੋਰੀ’ ਅਤੇ ‘ਚੜ੍ਹਾਵੇ’ ਦਾ ਸਾਥ ਹੁੰਦਾ!*

# ਜੰਤਰ-ਮੰਤਰ: ਸਭ ਕੁਝ ਦਾਅ ’ਤੇ ਲਾਉਣ ਵਾਲੇ ਅਣਗੌਲੇ ਕਿਰਤੀ

*ਨਿਊਜ਼ਲਾਂਡਰੀ ਨਾਲ ਜੁੜੀ ਸਿਖਾਂਦਰੂ ਪੱਤਰਕਾਰ ਦਿਕਸ਼ਿਆ ਕੋਇਰਾਲਾ ਨੇ ਆਪਣੀ ਇਸ ਖ਼ਾਸ ਰਿਪੋਰਟ ਵਿਚ ਉਨ੍ਹਾਂ ਕਿਰਤੀਆਂ ਦੀ ਗੱਲ ਕੀਤੀ ਹੈ, ਜਿਨ੍ਹਾਂ ਨੇ ਵਿਦਿਆਰਥੀਆਂ ਦੇ ਮੋਢੇ ਨਾਲ ਮੋਢਾ ਜੋੜ ਕੇ ਸੰਘਰਸ਼ ਨੂੰ ਕਾਮਯਾਬ ਬਣਾਇਆ। ਇਹ ਰਿਪੋਰਟ ਇਸ ਲਈ ਸਾਂਝੀ ਕਰਨੀ ਮਹੱਤਵਪੂਰਨ ਹੈ ਕਿ ਜਦੋਂ ਵੱਡੇ ਅੰਦੋਲਨ ਲੜੇ ਜਾਂਦੇ ਹਨ ਤਾਂ ਉਨ੍ਹਾਂ ਨੂੰ ਕਾਮਯਾਬ ਕਰਨ ਵਾਲਾ ਇਕ ਹਿੱਸਾ ਅਜਿਹਾ ਵੀ ਹੁੰਦਾ ਹੈ, ਜਿਸ ਵੱਲ ਕਿਸੇ ਦਾ ਧਿਆਨ ਨਹੀਂ ਜਾਂਦਾ -ਸੰਪਾਦਕ॥*

**ਦਿਕਸ਼ਿਆ ਕੋਇਰਾਲਾ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**



ਦੂਜੇ ਰਾਜਾਂ ਤੋਂ ਜੰਤਰ-ਮੰਤਰ ਅੰਦੋਲਨ ’ਚ ਸ਼ਾਮਲ ਹੋਏ ਕਿਰਤੀ ਦੱਸਦੇ ਹਨ ਕਿ ਉਹ ਜੰਤਰ ਮੰਤਰ ’ਤੇ ਕਿਉਂ ਡੇਰੇ ਲਾਈ ਬੈਠੇ ਸਨ: ‘ਅਸੀਂ ਤਾਂ ਪਹਿਲਾਂ ਹੀ ਲਗਾਤਾਰ ਦੁੱਖਾਂ ਵਿਚ ਜੀ ਰਹੇ ਹਾਂ ਅਤੇ ਤਿਲ-ਤਿਲ ਕਰਕੇ ਮਰ ਰਹੇ ਹਾਂ। ਉਸ ਨਾਲੋਂ ਇੱਥੇ ਮਰਨਾ ਚੰਗਾ ਹੈ।’

ਜਦੋਂ ਉੱਤਰ ਪ੍ਰਦੇਸ਼ ਤੋਂ 27-ਸਾਲ ਦੇ ਮੋਚੀ ਅਰੁਣ ਨੇ ਸ਼ੁੱਕਰਵਾਰ ਨੂੰ ਜੰਤਰ ਮੰਤਰ ’ਤੇ ਗੱਲ ਕਰਦਿਆਂ ਇਹ ਕਿਹਾ ਤਾਂ ਉਸ ਨੂੰ ਪਤਾ ਨਹੀਂ ਸੀ ਕਿ ਅਗਲੇ ਦਿਨ ਕੀ ਹੋਣ ਵਾਲਾ ਸੀ। ਅਗਲੇ ਦਿਨ, ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਨੇ ਅਸਤੀਫਾ ਦੇ ਦਿੱਤਾ, ਅਤੇ ਕਾਕਰੋਚ ਜਨਤਾ ਪਾਰਟੀ (ਸੀ.ਜੇ.ਪੀ.) ਨੇ ਆਪਣਾ ਹਫ਼ਤਿਆਂ ਤੋਂ ਚੱਲ ਰਿਹਾ ਅੰਦੋਲਨ ਖ਼ਤਮ ਕਰਨ ਦਾ ਐਲਾਨ ਕਰ ਦਿੱਤਾ, ਇਹ ਦੱਸਦੇ ਹੋਏ ਕਿ ਸਰਕਾਰ ਨੇ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਮੰਨ ਲਈਆਂ ਹਨ। ਫੁੱਟਪਾਥ ’ਤੇ ਰਾਤਾਂ ਕੱਟ ਰਹੇ ਪ੍ਰਦਰਸ਼ਨਕਾਰੀ ਘਰਾਂ ਨੂੰ ਵਾਪਸ ਜਾਣੇ ਸ਼ੁਰੂ ਹੋ ਗਏ।

20 ਜੁਲਾਈ ਦੀ ਪੁਲਿਸ ਕਾਰਵਾਈ ਤੋਂ ਬਾਅਦ ਇਸ ਅੰਦੋਲਨ ਦਾ ਜਨਤਕ ਚਿਹਰਾ – ਜ਼ਿਆਦਾਤਰ ਵਿਦਿਆਰਥੀ, ਦੁਖੀ ਅਤੇ ਚਿੰਤਤ ਮਾਪੇ, ਸੀ.ਜੇ.ਪੀ. ਦੀ ਲੀਡਰਸ਼ਿਪ, ਸੋਨਮ ਵਾਂਗਚੁਕ, ਨੌਜਵਾਨ ਪ੍ਰੋਫੈਸ਼ਨਲ ਅਤੇ ਉਹ ਇਨਫਲੂਐਂਸਰ ਤੇ ਕੰਟੈਂਟ ਸਿਰਜਕ ਸਨ ਜਿਨ੍ਹਾਂ ਨੇ ਜੰਤਰ-ਮੰਤਰ ਨੂੰ ਲਾਈਵ ਪ੍ਰਸਾਰਣ ਵਿਚ ਬਦਲ ਦਿੱਤਾ ਸੀ।

ਪਰ ਉਨ੍ਹਾਂ ਦੇ ਮੋਢੇ ਨਾਲ ਮੋਢਾ ਲਗਾ ਕੇ ਡੱਟੇ– ਉਸੇ ਫੁੱਟਪਾਥ ’ਤੇ ਸੌਣ ਵਾਲਿਆਂ, ਉਹੀ ਲਾਠੀਆਂ ਝੱਲਣ ਵਾਲਿਆਂ– ਦਾ ਇੱਕ ਹੋਰ ਸਮੂਹ ਵੀ ਸੀ ਜੋ ਮੁਕਾਬਲਤਨ ਅਣਗੌਲਿਆ ਰਿਹਾ: ਪਲੰਬਰ, ਪੇਂਟਰ, ਰਾਜਗੀਰ, ਨਾਈ, ਅਤੇ ਮੋਚੀ, ਜਿਨ੍ਹਾਂ ਵਿਚੋਂ ਕਿਸੇ ਨੇ ਵੀ ਕੋਈ ਪ੍ਰੀਖਿਆ ਨਹੀਂ ਸੀ ਦੇਣੀ ਅਤੇ ਨਾ ਹੀ ਉਨ੍ਹਾਂ ਦੀ ਕੋਈ ਡਿਗਰੀ ਖ਼ਤਰੇ ’ਚ ਸੀ। ਉਨ੍ਹਾਂ ਨੇ ਸਭ ਤੋਂ ਵੱਧ ਗੁਆਉਣਾ ਸੀ ਅਤੇ ਸਭ ਤੋਂ ਘੱਟ ਹਾਸਲ ਕਰਨਾ ਸੀ, ਪਰ ਉਹ ਫਿਰ ਵੀ ਆਏ। ਇਹ ਹੈ ਉਨ੍ਹਾਂ ਦੀ ਕਹਾਣੀ।

### ‘ਪੁਲਿਸ ਸਾਡੇ ਪ੍ਰਤੀ ਬੇਰਹਿਮ ਸੀ’

ਨਿਊਜ਼ਲਾਂਡਰੀ ਨੂੰ ਗੱਲ ਕਰਦਿਆਂ, ਅਰੁਣ ਨੇ 20 ਜੁਲਾਈ ਦੇ ਪੁਲਿਸ ਲਾਠੀਚਾਰਜ ਨਾਲ ਆਪਣੇ ਹੱਥ ਅਤੇ ਲੱਤ ’ਤੇ ਲੱਗੀਆਂ ਸੱਟਾਂ ਦਿਖਾਈਆਂ।

‘ਅਮਨ-ਪਸੰਦ ਪ੍ਰਦਰਸ਼ਨ ਵਿਚ ਵੀ ਉਹ ਸਾਡੇ ਪ੍ਰਤੀ ਏਨੇ ਬਦਰਦ ਪਤਾ ਨਹੀਂ ਕਿਉਂ ਸਨ,’ ਉਸਨੇ ਕਿਹਾ। ਜਦੋਂ ਉਸ ਨੂੰ ਪੁੱਛਿਆ ਗਿਆ ਕਿ ਕੀ ਉਹ ਗ੍ਰਿਫ਼ਤਾਰੀ ਤੋਂ ਡਰਦਾ ਹੈ, ਤਾਂ ਉਸਨੇ ਕਿਹਾ, ‘ਅਸੀਂ ਇੱਕ ਅਜਿਹੇ ਮੁਲਕ ਵਿਚ ਰਹਿ ਰਹੇ ਹਾਂ ਜਿੱਥੇ ਮੈਨੂੰ ਪਹਿਲਾਂ ਹੀ ਲੱਗਦਾ ਹੈ ਜਿਵੇਂ ਮੈਂ ਕੈਦ ਹਾਂ। ਅਸੀਂ ਆਪਣੀ ਅਵਾਜ਼ ਉਠਾਉਣ ਜਾਂ ਆਪਣੇ ਅਧਿਕਾਰਾਂ ਲਈ ਲੜਨ ਦੇ ਯੋਗ ਨਹੀਂ ਹਾਂ।’

ਉਹ ਪਿਛਲੇ ਇੱਕ ਹਫਤੇ ਤੋਂ ਜੰਤਰ ਮੰਤਰ ’ਤੇ ਸੀ। ਉਹ ਦਰਜਨਾਂ ਮਜ਼ਦੂਰਾਂ ਵਿਚੋਂ ਇੱਕ ਸੀ ਜੋ ਉੱਤਰੀ ਭਾਰਤ ਤੋਂ ਸੀ.ਜੇ.ਪੀ. ਦੇ ਵਿਰੋਧ ਪ੍ਰਦਰਸ਼ਨਾਂ ਵਿਚ ਸ਼ਾਮਲ ਹੋਣ ਲਈ ਆਏ ਸਨ। ਉਨ੍ਹਾਂ ਵਿਚੋਂ ਬਹੁਤ ਸਾਰੇ 3 ਤੋਂ 10 ਲੋਕਾਂ ਦੀਆਂ ਟੋਲੀਆਂ ਵਿਚ ਆਏ ਸਨ। ਕੁਝ 20 ਜੁਲਾਈ ਤੋਂ ਪਹਿਲਾਂ ਸ਼ਾਮਲ ਹੋਏ; ਦੂਸਰੇ ਬਾਅਦ ਵਿਚ, ਪੁਲਿਸ ਕਾਰਵਾਈ ਨੂੰ ਆਨਲਾਈਨ ਦੇਖਣ ਤੋਂ ਬਾਅਦ ਸ਼ਾਮਲ ਹੋਏ। ਕਈਆਂ ਨੇ ਦੱਸਿਆ ਕਿ ਖ਼ਬਰ ਮੁੱਖ ਤੌਰ ‘ਤੇ ਇੰਸਟਾਗ੍ਰਾਮ ਰਾਹੀਂ ਫੈਲੀ ਸੀ।

### ‘ਮੇਰੇ ਵਰਗਾ ਕੋਈ ਮਰ ਜਾਵੇਗਾ’

ਮੁਹੰਮਦ ਸ਼ਾਹਰੁਖ ਅੰਸਾਰੀ, ਜੋ ਇੱਕ ਪਲੰਬਰ, ਇਲੈਕਟ੍ਰੀਸ਼ੀਅਨ, ਅਤੇ ਉਸਾਰੀ ਮਜ਼ਦੂਰ ਵਜੋਂ ਕੰਮ ਕਰਦਾ ਹੈ, ਅਤੇ ਨਾਲ ਦੀ ਨਾਲ ਲਦਾਈ-ਲੁਹਾਈ ਦਾ ਕੰਮ ਵੀ ਲੈਂਦਾ ਹੈ, 19 ਜੁਲਾਈ ਤੋਂ ਵਿਰੋਧ ਸਥਾਨ ’ਤੇ ਸੀ। ਉਹ 30 ਸਾਲ ਤੋਂ ਵੱਧ ਉਮਰ ਦਾ ਸੀ, ਜਿਨ੍ਹਾਂ ਵਿਦਿਆਰਥੀਆਂ ਦੀ ਉਹ ਹਮਾਇਤ ਕਰਨ ਆਇਆ ਸੀ, ਉਨ੍ਹਾਂ ਦੀ ਉਮਰ ਤੋਂ ਕਾਫ਼ੀ ਵੱਧ, ਅਤੇ ਇਹ ਦੱਸਦਿਆਂ ਉਹ ਪੂਰਾ ਸੁਚੇਤ ਸੀ ਕਿ ਇਸ ਨੇ ਉਸਨੂੰ ਕਿਉਂ ਨਹੀਂ ਰੋਕਿਆ।

‘ਮੈਂ ਇੱਥੇ ਇਸ ਲਈ ਆਇਆ ਹਾਂ ਕਿਉਂਕਿ ਮੈਂ ਨੌਜਵਾਨਾਂ ਦੀਆਂ ਸਮੱਸਿਆਵਾਂ ਅਤੇ ਨਿਰਾਸ਼ਾ ਦੇਖੀ ਹੈ। ਭਵਿੱਖ ਵਿਚ ਇਹ ਸੰਭਵ ਹੈ ਕਿ ਮੈਨੂੰ ਵੀ ਇਹੋ ਜਿਹੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਵੇ,’ ਉਸਨੇ ਕਿਹਾ। ‘ਜੇ ਪੇਪਰ ਲੀਕ ਕਾਰਨ, ਕੋਈ ਅਨਪੜ੍ਹ ਡਾਕਟਰ ਬਣ ਗਿਆ ਅਤੇ ਸਿਸਟਮ ਵਿਚ ਗੜਬੜ ਕਰ ਦਿੱਤੀ, ਤਾਂ ਮੇਰੇ ਵਰਗਾ ਕੋਈ ਮਰ ਜਾਵੇਗਾ... ਇੱਥੋਂ ਤੱਕ ਕਿ ਮੇਰੇ ਬੱਚਿਆਂ ਦਾ ਭਵਿੱਖ ਵੀ ਤਬਾਹ ਹੋ ਜਾਵੇਗਾ।’

ਸ਼ਾਹਰੁਖ ਨੇ ਆਪਣੇ ਪਰਿਵਾਰ ਨੂੰ ਨਹੀਂ ਦੱਸਿਆ ਸੀ ਕਿ ਉਹ ਉੱਥੇ ਹੈ। ਉਹ ਹਰਿਆਣਾ ਦੇ ਬਹਾਦਰਗੜ੍ਹ ਤੋਂ ਆਪਣਾ ਘਰ ਛੱਡ ਕੇ ਆਇਆ ਸੀ, ਅਤੇ ਉਦੋਂ ਤੋਂ ਹਰ ਰਾਤ ਪ੍ਰਦਰਸ਼ਨ ਵਾਲੀ ਜਗ੍ਹਾ ’ਤੇ ਹੀ ਸੁੱਤਾ ਸੀ। ਪ੍ਰਦਰਸ਼ਨ ਵਾਲੀ ਜਗ੍ਹਾ ‘ਤੇ ਸੌਣ ਦੀਆਂ ਆਪਣੀਆਂ ਸਮੱਸਿਆਵਾਂ ਸਨ। ਨਹਾਉਣ ਲਈ ਕੋਈ ਵਿਸ਼ੇਸ਼ ਜਗ੍ਹਾ ਨਹੀਂ ਸੀ, ਵਾਸ਼ਰੂਮ ਜਨਤਕ ਵਰਤੋਂ ਲਈ ਸਨ ਅਤੇ ਅਕਸਰ ਸਾਫ਼ ਨਹੀਂ ਕੀਤੇ ਜਾਂਦੇ ਸਨ, ਅਤੇ ਸਾਬਣ ਤੇ ਕੂੜੇਦਾਨਾਂ ਵਰਗੀਆਂ ਬੁਨਿਆਦੀ ਚੀਜ਼ਾਂ ਦੀ ਘਾਟ ਸੀ। ਫਿਰ ਵੀ, ਸ਼ਾਹਰੁਖ ਨੇ ਕਿਹਾ ਕਿ ਉਹ ਉੱਥੇ ਰਹਿਣ ਲਈ ਆਇਆ ਸੀ।

ਉਸਨੇ ਦੱਸਿਆ ਕਿ ਉਸ ਨੂੰ ਸਭ ਤੋਂ ਵੱਧ ਜਿਹੜੀ ਗੱਲ ਨੇ ਝੰਜੋੜਿਆ, ਉਹ ਸੀ ਜੋ ਉਸਨੇ 20 ਜੁਲਾਈ ਨੂੰ ਦੇਖਿਆ, ਜਿਸ ਦਿਨ ਪੁਲਿਸ ਨੇ ਪ੍ਰਦਰਸ਼ਨਕਾਰੀਆਂ ’ਤੇ ਲਾਠੀਚਾਰਜ ਕੀਤਾ। ਇਹ ਗ਼ਲਤ ਹੈ। ਇਹ ਤਾਨਾਸ਼ਾਹੀ ਹੈ; ਇਸੇ ਲਈ ਮੇਰਾ ਘਰ ਵਾਪਸ ਜਾਣ ਲਈ ਮਨ ਨਹੀਂ ਕਰਦਾ।’

### ਖੁੱਸ ਰਹੀ ਉਜਰਤ ਦਾ ਹਿਸਾਬ

ਜੰਤਰ ਮੰਤਰ ’ਤੇ ਆਉਣਾ ਬਿਨਾਂ ਕੀਮਤ ਚੁਕਾਏ ਨਹੀਂ ਸੀ।

ਸ਼ਾਹਰੁਖ ਨੇ ਆਪਣੇ ਮਨ ਵਿਚ ਹਿਸਾਬ ਲਗਾਇਆ: ‘ਹਾਲ ਹੀ ਵਿਚ ਮੈਂ 500 ਰੁਪਏ ਕਮਾਏ ਅਤੇ ਪਹਿਲਾਂ ਹੀ 200 ਰੁਪਏ ਖ਼ਰਚ ਕਰ ਚੁੱਕਾ ਹਾਂ। ਹਾਲਾਂਕਿ, ਮੇਰੇ ਕੋਲ ਅਜੇ ਵੀ 200 ਰੁਪਏ ਬਾਕੀ ਹਨ। ਵਿਰੋਧ ਸਥਾਨ (ਜੰਤਰ ਮੰਤਰ) ’ਤੇ ਖਾਣਾ ਮੁਹੱਈਆ ਕਰਵਾਇਆ ਜਾ ਰਿਹਾ ਹੈ ਅਤੇ ਮੈਨੂੰ ਆਪਣਾ ਖਾਣਾ ਨਹੀਂ ਖ਼ਰੀਦਣਾ ਪੈਂਦਾ।’

ਮੁੰਬਈ ਤੋਂ 22 ਸਾਲ ਦਾ ਮਜ਼ਦੂਰ ਸ਼ਿਵ, ਜੋ ਦਰ ਅਸਲ ਉੱਤਰ ਪ੍ਰਦੇਸ਼ ਤੋਂ ਹੈ, ਵਿਰੋਧ ਲਈ ਆਪਣੀ ਜ਼ਿੰਦਗੀ ਵਿਚ ਪਹਿਲੀ ਵਾਰ ਦਿੱਲੀ ਆਇਆ। ਉਸਨੇ ਖ਼ਰਚੇ ਨੂੰ ਨਜ਼ਰਅੰਦਾਜ਼ ਕਰ ਦਿੱਤਾ। ‘ਮੈਂ ਸੋਚਿਆ ਕਿ ਉਹ ਮੈਂ ਬਾਅਦ ਵਿਚ ਦੇਖ ਲਵਾਂਗਾ, ਪਰ ਇਸ ਸਮੇਂ ਇਹ ਮੁਲਕ ਲਈ ਮਹੱਤਵਪੂਰਨ ਹੈ,’ ਉਸਨੇ ਕਿਹਾ।

ਗੋਰਖਪੁਰ ਤੋਂ ਰਾਜ-ਮਿਸਤਰੀ ਕਿਸ਼ਨ, ਜੋ ਚਾਰ ਹੋਰਾਂ ਨਾਲ ਆਇਆ ਸੀ, ਨੇ ਵੀ ਇਹੀ ਕਿਹਾ, ਅਤੇ ਕੁਝ ਹੋਰ ਗੱਲ ਵੀ ਕੀਤੀ। ਉਸਨੇ ਕੁਝ ਸਮੇਂ ਲਈ ਪੜ੍ਹਾਈ ਕੀਤੀ ਸੀ ਪਰ ਹਾਲਾਤਾਂ ਕਾਰਨ ਉਸਨੂੰ ਪੜ੍ਹਾਈ ਛੱਡਣੀ ਪਈ ਸੀ। ਉਸਨੇ ਕਿਹਾ, ‘ਇਸੇ ਕਾਰਨ ਹੋਰ ਵਿਦਿਆਰਥੀਆਂ ਦਾ ਭਵਿੱਖ ਉਸ ਲਈ ਮਾਇਨੇ ਰੱਖਦਾ ਸੀ।’

### ਗ੍ਰਿਫ਼ਤਾਰੀ ਦਾ ਡਰ ਨਾ ਹੋਣਾ

ਲਗਭਗ ਕਿਸੇ ਵੀ ਵਿਅਕਤੀ ਨੇ ਗ੍ਰਿਫ਼ਤਾਰੀ ਦੀ ਸੰਭਾਵਨਾ ਨੂੰ ਰੁਕਾਵਟ ਵਜੋਂ ਨਹੀਂ ਮੰਨਿਆ। ਨਰੇਲਾ ਤੋਂ 25 ਦਾ ਸਾਲ ਦਾ ਪਲੰਬਰ ਅਤੇ ਇਲੈਕਟ੍ਰੀਸ਼ੀਅਨ ਵਿਸ਼ਾਲ, ਜੋ 19 ਜੁਲਾਈ ਤੋਂ ਆਉਂਦਾ-ਜਾਂਦਾ ਰਿਹਾ ਸੀ, ਨੇ ਪਹਿਲਾਂ ਹੀ ਸੋਚ ਲਿਆ ਸੀ ਕਿ ਕੀ ਹੋਵੇਗਾ।

‘ਮੈਂ ਸੁਣਿਆ ਹੈ ਕਿ ਗ੍ਰਿਫ਼ਤਾਰੀ ਤੋਂ ਬਾਅਦ ਉਹ ਤੁਹਾਨੂੰ ਕਿਤੇ ਦੂਰ ਲੈ ਜਾਂਦੇ ਹਨ ਅਤੇ ਛੱਡ ਆਉਂਦੇ ਹਨ, ਇਸ ਲਈ ਕੋਈ ਸਮੱਸਿਆ ਨਹੀਂ ਹੋਵੇਗੀ; ਮੈਂ ਵਾਪਸ ਆ ਸਕਦਾ ਹਾਂ,’ ਉਸਨੇ ਕਿਹਾ। ਉਸਨੇ ਆਪਣੇ ਪਰਿਵਾਰ ਨੂੰ ਦੱਸਿਆ ਸੀ ਕਿ ਉਹ ਪ੍ਰਦਰਸ਼ਨ ਵਾਲੀ ਜਗ੍ਹਾ ’ਤੇ ਹੈ ਅਤੇ ਇੱਕ ਹਫ਼ਤਾ ਰਹਿਣ ਦੀ ਯੋਜਨਾ ਬਣਾ ਰਿਹਾ ਸੀ, ‘ਪਰ ਜੇ ਮੇਰੀ ਹਾਲਤ ਖਰਾਬ ਹੋ ਗਈ ਤਾਂ ਮੈਨੂੰ ਵਾਪਸ ਜਾਣਾ ਪਵੇਗਾ।’

ਫੁਰਕਾਨ ਖ਼ਾਨ, ਜੋ ਅਜੇ 20 ਦਾ ਵੀ ਨਹੀਂ ਹੋਇਆ, ਆਪਣੀ ਮਾਂ ਦੀਆਂ ਇੱਛਾਵਾਂ ਦੇ ਉਲਟ, ਇੰਟਰਵਿਊ ਤੋਂ ਇੱਕ ਰਾਤ ਪਹਿਲਾਂ ਅਲੀਗੜ੍ਹ ਤੋਂ ਪਹੁੰਚਿਆ ਸੀ। ‘ਉਹ ਮੈਂ ਅੱਲਾ ’ਤੇ ਛੱਡ ਦਿੱਤਾ ਹੈ। ਮੈਂ ਬਸ ਬਹਾਦਰ ਬਣਨ ਜਾ ਰਿਹਾ ਹਾਂ, ਭਾਵੇਂ 10 ਪੁਲਿਸ ਅਧਿਕਾਰੀ ਹੋਣ ਜਾਂ 20’ ਉਸਨੇ ਕਿਹਾ। ਉਸਨੇ ਆਪਣੇ ਆਪ ਨੂੰ ਅਨਪੜ੍ਹ ਦੱਸਿਆ ਅਤੇ ਕਿਹਾ ਕਿ ਉਹ ਆਪਣੇ ਭਰਾ ਦੇ ਬੱਚਿਆਂ ਲਈ ਆਪਣੀ ਅਵਾਜ਼ ਉਠਾਉਣ ਆਇਆ ਸੀ। ‘ਮੇਰੇ ਕੋਲ ਸਰਕਾਰ ਨੂੰ ਦੱਸਣ ਲਈ ਕੁਝ ਖ਼ਾਸ ਨਹੀਂ ਹੈ; ਅਸੀਂ ਆਪਣੇ ਅਧਿਕਾਰਾਂ ਲਈ ਆਪਣੀ ਆਵਾਜ਼ ਉਠਾ ਰਹੇ ਹਾਂ।’

ਇਸ ਦੌਰਾਨ ਕਿਸ਼ਨ ਨੇ ਕਿਹਾ ਕਿ ਉਸਨੇ ਅਤੇ ਦੂਸਰਿਆਂ ਨੇ ਏਨਾ ਅੱਗੇ ਨਹੀਂ ਸੋਚਿਆ ਸੀ, ਅਤੇ ਇਹ ਉਸਦੇ ਉਨ੍ਹਾਂ ਦੋਸਤਾਂ ਲਈ ਲੜਾਈ ਸੀ ਜੋ ਉਸ ਸਮੇਂ ਪੜ੍ਹ ਰਹੇ ਸਨ।

### *‘ਪੜ੍ਹੇਗਾ ਇੰਡੀਆ, ਤਬ ਹੀ ਤੋਂ ਬੜ੍ਹੇਗਾ ਇੰਡੀਆ’*

ਅਰੁਣ ਨੇ ਕਿਹਾ, ‘ਮੈਂ ਚਾਹੁੰਦਾ ਹਾਂ ਕਿ ਸਰਕਾਰ ਮੁਲਕ ਵਿਚ ਸਿਹਤ ਅਤੇ ਸਿੱਖਿਆ ਦਾ ਵਿਕਾਸ ਕਰੇ। ਮੁਲਕ ਉਦੋਂ ਹੀ ਵਿਕਸਤ ਹੋਵੇਗਾ ਜੇ ਨੌਜਵਾਨ ਸਿੱਖਿਅਤ ਹੋਣਗੇ। ਸਿਰਫ਼ ਤਾਂ ਹੀ ਇੰਡੀਆ ਸਿੱਖੇਗਾ ਤਾਂ ਹੀ ਇੰਡੀਆ ਵਧੇਗਾ (ਪੜ੍ਹੇਗਾ ਇੰਡੀਆ, ਤਬ ਹੀ ਤੋਂ ਬੜ੍ਹੇਗਾ ਇੰਡੀਆ)। ਸਰਕਾਰ ਨੂੰ ਸਮਝਣਾ ਚਾਹੀਦਾ ਹੈ ਕਿ ਭਾਵੇਂ ਉਹ ਸਿੱਖਿਅਤ ਨਹੀਂ ਹਨ, ਉਨ੍ਹਾਂ ਨੂੰ ਪੜ੍ਹਨ ਵਿਚ ਮਦਦ ਕਰਨੀ ਚਾਹੀਦੀ ਹੈ ਜੋ ਸਿੱਖਿਅਤ ਹੋਣਾ ਚਾਹੁੰਦੇ ਹਨ।’ ਸ਼ਾਹਰੁਖ ਇਸ ਗੱਲ ਨੂੰ ਬਾਖ਼ੂਬੀ ਸਮਝਦਾ ਸੀ ਕਿ ਸਟੇਟ ਦੀ ਨੌਜਵਾਨਾਂ ਪ੍ਰਤੀ ਕੀ ਜ਼ਿੰਮੇਵਾਰੀ ਹੈ। ‘ਸਾਡੀਆਂ ਫ਼ਿਕਰਮੰਦੀਆਂ ਸੁਣੀਆਂ ਨਹੀਂ ਜਾ ਰਹੀਆਂ; ਇਹ ਛੇਤੀ ਹੋਣਾ ਚਾਹੀਦਾ ਹੈ। ਫ਼ਿਕਰਮੰਦੀਆਂ ਨੂੰ 20 ਤਰੀਕ ਨੂੰ ਹੀ ਸੰਬੋਧਿਤ ਕੀਤਾ ਜਾਣਾ ਚਾਹੀਦਾ ਸੀ ਕਿਉਂਕਿ ਉਸ ਦਿਨ ਨੌਜਵਾਨਾਂ ਦੀ ਵੱਡੀ ਗਿਣਤੀ ਸੀ। ਸਰਕਾਰ ਨੂੰ ਇੱਧਰ ਧਿਆਨ ਦੇਣਾ ਚਾਹੀਦਾ ਹੈ ਅਤੇ ਸੋਚਣਾ ਚਾਹੀਦਾ ਹੈ ਕਿ ਇਹ ਮੇਰੇ ਮੁਲਕ ਦੇ ਨੌਜਵਾਨ ਹਨ ਅਤੇ ਸਾਨੂੰ ਉਨ੍ਹਾਂ ਲਈ ਕੁਝ ਕਰਨ ਦੀ ਲੋੜ ਹੈ। ਉਨ੍ਹਾਂ ਨੇ ਹਿੰਸਾ ਅਤੇ ਅੱਥਰੂ ਗੈਸ ਦੀ ਵਰਤੋਂ ਕੀਤੀ, ਜੋ ਕਿ ਗ਼ਲਤ ਸੀ। ਨੌਜਵਾਨਾਂ ਨੂੰ ਛੇਤੀਂ ਨਿਆਂ ਮਿਲਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਨੂੰ ਹੁਣ ਤੱਕ ਕੁਝ ਨਹੀਂ ਮਿਲਿਆ ਹੈ।’ ਇੱਕ ਦਿਨ ਬਾਅਦ, ਸ਼ਾਹਰੁਖ ਦੀ ਮੰਗ ਪੂਰੀ ਹੋ ਗਈ। ਅਤੇ ਜਦੋਂ ਇਸਦਾ ਐਲਾਨ ਹੋਇਆ, ਤਾਂ ਇਹ ਪ੍ਰਾਪਤੀ ਜਿੰਨੀ ਵਿਦਿਆਰਥੀਆਂ ਦੀ ਸੀ ਓਨੀਂ ਹੀ ਇਨ੍ਹਾਂ ਤਮਾਮ ਕਾਮਿਆਂ ਦੀ ਸੀ।

# ਕਾਕਰੋਚ ਲੋਕਤੰਤਰ: ਨਿਹੱਥਾ ਅਤੇ ਖ਼ਤਰਨਾਕ

***ਬੁੱਕਰ ਇਨਾਮ ਜੇਤੂ ਵਿਸ਼ਵ ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ ਨੇ ਮੋਦੀ ਸਰਕਾਰ ਨੂੰ ਕੰਬਣੀ ਛੇੜਨ ਵਾਲੇ ਕਾਕਰੋਚ ਅੰਦੋਲਨ ਦੇ ਹਵਾਲੇ ਨਾਲ ਫਾਸ਼ੀਵਾਦੀ ਹਕੂਮਤ ਦੇ ਤਹਿਤ ਮੁਲਕ ਦੇ ਅਜੋਕੇ ਹਾਲਾਤ, ਕਾਕਰੋਚ ਅੰਦੋਲਨ ਦੀ ਸ਼ਾਨਦਾਰ ਭੂਮਿਕਾ ਇਸ ਦੀਆਂ ਸੰਭਾਵਨਾਵਾਂ ਅਤੇ ਸੀਮਤਾਈਆਂ ਵਰਗੇ ਕਈ ਪੱਖਾਂ ਬਾਰੇ ਵਿਸਤਾਰਤ ਟਿੱਪਣੀ ਕੀਤੀ ਹੈ। ਜਿਸਦਾ ਪੰਜਾਬੀ ਰੂਪ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਪਾਠਕਾਂ ਦੀ ਜਾਣਕਾਰੀ ਲਈ ਸਾਂਝਾ ਕੀਤਾ ਹੈ।-ਸੰਪਾਦਕ॥***





ਕੀ ਸਾਰੇ ਲੋਕਾਂ ਨੂੰ ਹਰ ਵਕਤ ਬੇਵਕੂਫ਼ ਬਣਾਇਆ ਜਾ ਸਕਦਾ ਹੈ? ਕੀ ਡੇਢ ਅਰਬ ਦੀ ਆਬਾਦੀ ਵਾਲੇ ਮੁਲਕ ਨੂੰ ਹਮੇਸ਼ਾ ਲਈ ਇੱਕ ਲਾਸ਼ ਵਾਂਗ ਘਸੀਟਿਆ ਜਾ ਸਕਦਾ ਹੈ? ਨਹੀਂ, ਇਹ ਨਹੀਂ ਹੋ ਸਕਦਾ। ਕਾਕਰੋਚ ਬਾਹਰ ਨਿੱਕਲ ਆਏ ਹਨ। ਵਰ੍ਹਿਆਂ ਬਾਅਦ ਪਹਿਲੀ ਵਾਰ, ਭਾਰਤੀ ਹੋਣਾ ਅਦਭੁੱਤ ਲੱਗ ਰਿਹਾ ਹੈ। ਜਦੋਂ ਉਮੀਦ ਖ਼ਤਮ ਹੁੰਦੀ ਲੱਗ ਰਹੀ ਸੀ, ਓਦੋਂ ਉਹ ਆ ਗਏ। ਮੀਂਹ ਦੇ ਨਾਲ ਆਏ ਨੌਜਵਾਨ ਕਾਕਰੋਚ। ਇੱਕ ਜੱਜ ਅਤੇ ਇੱਕ ਮਜ਼ਾਕ ਦੇ ਨਾਜਾਇਜ਼ ਮੇਲ ਦੀ ਔਲਾਦ।

ਇਹ ਕਹਾਣੀ ਅਸੀਂ ਸਭ ਜਾਣਦੇ ਹਾਂ, ਪਰ ਇੱਥੇ ਰਿਕਾਰਡ ਲਈ ਲਿਖੀ ਜਾ ਰਹੀ ਹੈ। ਭਾਰਤ ਦੇ ਚੀਫ਼ ਜਸਟਿਸ ਸੂਰਿਆ ਕਾਂਤ ਦੀ ਇੱਕ

**ਅਰੁੰਧਤੀ ਰਾਏ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਹੰਕਾਰੀ ਅਤੇ ਬੇਇਜ਼ਤੀ ਭਰੀ ਟਿੱਪਣੀ ਦੇ ਜਵਾਬ ਵਿਚ, ਜਿਸ ਵਿਚ ਉਸ ਨੇ ਕੁਝ ਬੇਰੁਜ਼ਗਾਰ ਨੌਜਵਾਨ ਭਾਰਤੀਆਂ ਨੂੰ ਕਾਕਰੋਚ ਕਿਹਾ ਸੀ, ਬੋਸਟਨ ਵਿਚ ਰਹਿੰਦੇ ਇੱਕ ਵਿਦਿਆਰਥੀ ਅਭਿਜੀਤ ਦੀਪਕੇ ਨੇ ਇੰਸਟਾਗ੍ਰਾਮ ਉੱਤੇ ਇੱਕ ਟਿੱਪਣੀ ਪਾਈ: 'ਕੀ ਹੋਵੇਗਾ ਜੇ ਸਾਰੇ ਕਾਕਰੋਚ ਇਕੱਠੇ ਹੋ ਜਾਣ?' ਲੱਖਾਂ ਲੋਕਾਂ ਨੇ ਜਵਾਬ ਦਿੱਤਾ। ਅਤੇ ਇਸ ਤਰ੍ਹਾਂ ਕਾਕਰੋਚ ਜਨਤਾ ਪਾਰਟੀ ਦਾ ਜਨਮ ਹੋਇਆ। ਦੀਪਕੇ ਕਾਕਰੋਚਾਂ ਦਾ ਪਾਈਡ ਪਾਈਪਰ (ਮੁਰਲੀਧਰ) ਬਣ ਗਿਆ। ਇਸ ਦੀ ਪਹਿਲੀ ਮੰਗ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦਾ ਅਸਤੀਫ਼ਾ ਮੰਗਣਾ ਸੀ, ਜੋ ਇੱਕ ਭ੍ਰਿਸ਼ਟ ਅਤੇ ਸੜੇ ਹੋਏ ਮੰਤਰਾਲੇ ਉੱਪਰ ਮੌਜ ਨਾਲ ਬਿਰਾਜਮਾਨ ਹਨ, ਜਿਸ ਦੇ ਅਧੀਨ ਪਬਲਿਕ ਪ੍ਰੀਖਿਆਵਾਂ ਦੇ ਪੇਪਰ ਬਾਕਾਇਦਗੀ ਨਾਲ ਲੀਕ ਹੁੰਦੇ ਹਨ। ਵਿਰੋਧੀ ਧਿਰ ਦੀਆਂ ਪਾਰਟੀਆਂ ਦੇ ਅਨੁਸਾਰ, 2014 ਤੋਂ ਲੈ ਕੇ 152 ਵਾਰ ਲੀਕ ਹੋ ਚੁੱਕੇ ਹਨ। ਇਨ੍ਹਾਂ ਲੀਕ ਪ੍ਰੀਖਿਆਵਾਂ ਨੇ ਲੱਖਾਂ ਨੌਜਵਾਨਾਂ ਦੀ ਜ਼ਿੰਦਗੀ ਤਬਾਹ ਕਰ ਦਿੱਤੀ, ਜਿਨ੍ਹਾਂ ਨੇ ਇਨ੍ਹਾਂ ਪ੍ਰੀਖਿਆਵਾਂ ਦੀ ਤਿਆਰੀ ਵਿਚ ਸਾਲ ਗੁਜ਼ਾਰੇ। ਉਨ੍ਹਾਂ ਵਿਚੋਂ ਕੁਝ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਦੀ ਪੜ੍ਹਾਈ ਦਾ ਖ਼ਰਚਾ ਚੁੱਕਣ ਅਤੇ ਇਨ੍ਹਾਂ ਪ੍ਰੀਖਿਆਵਾਂ ਵਿਚ ਬੈਠਣ ਦਾ ਹੱਕ ਹਾਸਲ ਕਰਨ ਲਈ ਫ਼ੀਸ ਭਰਨ ਦੀ ਖ਼ਾਤਰ ਆਪਣੀ ਜ਼ਮੀਨ ਜਾਂ ਘਰ ਵੇਚਣੇ ਪਏ। ਇਹ ਕਾਨੂੰਨੀ ਜ਼ਬਰੀ-ਵਸੂਲੀ ਦਾ ਇੱਕ ਨਵਾਂ ਰੂਪ ਹੈ। ਹਾਲ ਹੀ ਵਿਚ ਨੈਸ਼ਨਲ ਐਲਿਜ਼ਿਬਿਲਿਟੀ ਕਮ ਐਂਟਰੈਂਸ ਟੈਸਟ—ਨੀਟ—ਦਾ ਪੇਪਰ ਲੀਕ ਹੋਣ ਤੋਂ ਬਾਅਦ 12 ਦੁਖੀ ਅਤੇ ਤਬਾਹ ਹੋ ਚੁੱਕੇ ਵਿਦਿਆਰਥੀਆਂ ਨੇ ਖ਼ੁਦਕੁਸ਼ੀ ਕਰ ਲਈ।

ਜਿਵੇਂ-ਜਿਵੇਂ ਕਾਕਰੋਚਾਂ ਦਾ ਗੁੱਸਾ ਆਨਲਾਈਨ ਸੁਨਾਮੀ ਵਿਚ ਬਦਲਦਾ ਗਿਆ, ਦੀਪਕੇ 6 ਜੂਨ ਨੂੰ ਬੋਸਟਨ ਤੋਂ ਵਾਪਸ ਆਇਆ ਅਤੇ ਸਿੱਧਾ ਹਵਾਈ ਅੱਡੇ ਤੋਂ ਦਿੱਲੀ ਦੇ ਮਸ਼ਹੂਰ ਪ੍ਰਦਰਸ਼ਨ ਸਥਾਨ ਜੰਤਰ-ਮੰਤਰ ਪਹੁੰਚਿਆ। ਲੱਦਾਖ ਤੋਂ ਮਸ਼ਹੂਰ ਕਾਰਕੁਨ ਅਤੇ ਸਿੱਖਿਆ ਸੁਧਾਰਕ ਸੋਨਮ ਵਾਂਗਚੁਕ ਵੀ ਉਨ੍ਹਾਂ ਨਾਲ ਆ ਕੇ ਸ਼ਾਮਲ ਹੋਏ ਅਤੇ ਅਣਮਿੱਥੇ ਸਮੇਂ ਲਈ ਭੁੱਖ ਹੜਤਾਲ ਦਾ ਐਲਾਨ ਕੀਤਾ। ਛੇ ਯੂਨੀਵਰਸਿਟੀ ਵਿਦਿਆਰਥੀਆਂ—ਨੇਹਾ ਬੋਰਾ, ਮਨੀਸ਼ ਕੁਮਾਰ, ਆਮੀਨ ਅਮਿਤੋਸ਼, ਦਾਨਿਸ਼ ਅਲੀ, ਰਿਸ਼ੀਕੇਸ਼ ਅਤੇ ਦੀਪਕ—ਜੋ ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ, ਏਆਈਐਸਏ, ਦੇ ਮੈਂਬਰ ਹਨ, ਜੋ ਸੀ.ਪੀ.ਆਈ.ਐੱਮ.ਐੱਲ. -ਲਿਬਰੇਸ਼ਨ ਦਾ ਵਿਦਿਆਰਥੀ ਵਿੰਗ ਹੈ, ਨੇ ਐਲਾਨ ਕੀਤਾ ਕਿ ਉਹ ਵੀ ਭੁੱਖ ਹੜਤਾਲ ਕਰਨਗੇ ਅਤੇ ਨੇੜੇ ਬਣੇ ਇੱਕ ਮੰਚ ਉੱਪਰ ਭੁੱਖ ਹੜਤਾਲ 'ਤੇ ਬੈਠ ਗਏ। ਦੂਜੇ ਸ਼ਹਿਰਾਂ ਵਿਚ ਵੀ ਪ੍ਰਦਰਸ਼ਨ ਸ਼ੁਰੂ ਹੋ ਗਏ। ਜਿਵੇਂ-ਜਿਵੇਂ ਭੁੱਖ ਹੜਤਾਲ ਕਰਨ ਵਾਲਿਆਂ ਦੀ ਹਾਲਤ ਨਾਜ਼ੁਕ ਹੁੰਦੀ ਗਈ, ਇੰਟਰਨੈੱਟ ਉੱਤੇ ਛਾਏ ਨੌਜਵਾਨ ਕਾਕਰੋਚ ਵਾਸਤਵ ਵਿਚ ਜੰਤਰ-ਮੰਤਰ ਉੱਤੇ ਆਉਣੇ ਸ਼ੁਰੂ ਹੋ ਗਏ। ਕਾਕਰੋਚ ਜਨਤਾ ਪਾਰਟੀ ਨੇ ਐਲਾਨ ਕੀਤਾ ਕਿ 20 ਜੁਲਾਈ ਨੂੰ, ਜਿਸ ਦਿਨ ਸੰਸਦ ਦਾ ਮਾਨਸੂਨ ਸੈਸ਼ਨ ਸ਼ੁਰੂ ਹੋਣਾ ਸੀ, ਉਹ ਸੰਸਦ ਵੱਲ ਮਾਰਚ ਕਰਨਗੇ। ਤੈਅ ਮਾਰਚ ਤੋਂ ਦੋ ਦਿਨ ਪਹਿਲਾਂ ਸੋਨਮ ਵਾਂਗਚੁਕ ਨੂੰ ਪੁਲਿਸ ਨੇ ਮੰਚ ਤੋਂ ਧੂਹ ਕੇ ਹਿਰਾਸਤ ਵਿਚ ਲੈ ਲਿਆ—ਪਹਿਲਾਂ ਇੱਕ ਸਰਕਾਰੀ ਹਸਪਤਾਲ ਵਿਚ ਅਤੇ ਬਾਅਦ ਵਿਚ, ਉਨ੍ਹਾਂ ਦੀ ਪਤਨੀ ਦੇ ਜ਼ੋਰ ਪਾਉਣ ਉੱਤੇ, ਇੱਕ ਨਿੱਜੀ ਹਸਪਤਾਲ ਵਿਚ ਹਿਰਾਸਤ ਵਿਚ ਰੱਖਿਆ ਗਿਆ। ਉਹ ਅਜੇ ਵੀ ਭੁੱਖ ਹੜਤਾਲ ਉੱਤੇ ਹਨ (ਲੇਖ ਸੋਨਮ ਵੱਲੋਂ ਭੁੱਖ ਹੜਤਾਲ ਖ਼ਤਮ ਕੀਤੇ ਜਾਣ ਤੋਂ ਪਹਿਲਾਂ ਦਾ ਲਿਖਿਆ ਹੋਇਆ ਹੈ)। 20 ਜੁਲਾਈ ਦੀ ਸਵੇਰ, ਮਾਰਚ ਵਾਲੇ ਦਿਨ, ਏ.ਆਈ.ਐੱਸ.ਏ. ਦੇ ਵਿਦਿਆਰਥੀਆਂ ਨੇ ਆਪਣੀ ਭੁੱਖ ਹੜਤਾਲ ਖ਼ਤਮ ਕਰ ਦਿੱਤੀ।

ਕਾਕਰੋਚਾਂ ਨੇ ਰਾਜਧਾਨੀ ਸ਼ਹਿਰ ਨੂੰ ਤੂਫ਼ਾਨ ਵਾਂਗ ਆਪਣੇ ਕਬਜ਼ੇ ਵਿਚ ਲੈ ਲਿਆ। ਉਹ ਰੇਲ, ਬੱਸ, ਹਵਾਈ ਜਹਾਜ਼ ਅਤੇ ਮੈਟਰੋ ਰਾਹੀਂ ਆਏ। ਉਨ੍ਹਾਂ ਦੀ ਗਿਣਤੀ ਹਰ ਘੰਟੇ ਵਧਦੀ ਗਈ। ਸੂਰਜ ਦੀ ਪਹਿਲੀ ਕਿਰਨ ਤੋਂ ਕਈ ਘੰਟੇ ਪਹਿਲਾਂ, ਜਦੋਂ ਦਿੱਲੀ ਦੇ ਮਾਨਸੂਨੀ ਅਸਮਾਨ ਵਿਚ ਚਾਨਣ ਫੈਲ ਰਿਹਾ ਸੀ, ਉਹ ਹਜ਼ਾਰਾਂ ਦੀ ਗਿਣਤੀ ਵਿਚ ਜੰਤਰ-ਮੰਤਰ ਵਿਚ ਉਮੜਨੇ ਸ਼ੁਰੂ ਹੋ ਗਏ। ਸੂਰਜ ਚੜ੍ਹਨ ਤੱਕ ਇਹ ਸਾਫ਼ ਸੀ ਕਿ ਨਿਰਾਸ਼ ਅਤੇ ਗੁੱਸੇ ਨਾਲ ਭਰੀ ਨੌਜਵਾਨਾਂ ਦੀ ਇੱਕ ਪੀੜ੍ਹੀ, ਜਿਸ ਨੇ ਆਪਣਾ ਭਵਿੱਖ ਆਪਣੀਆਂ ਅੱਖਾਂ ਸਾਹਮਣੇ ਬੁਝਦਾ ਵੇਖਿਆ ਹੈ, ਉਹ ਚੀਜ਼ ਮੁੜ ਹਾਸਲ ਕਰਨ ਜਾ ਰਹੀ ਸੀ ਜਿਸ ਨੂੰ ਉਨ੍ਹਾਂ ਦੇ ਮਾਪਿਆਂ ਅਤੇ ਦਾਦੇ-ਦਾਦੀਆਂ ਦੀਆਂ ਪੀੜ੍ਹੀਆਂ ਨੇ ਤਿਆਗ ਦਿੱਤਾ ਸੀ: ਲੋਕਾਂ ਅਤੇ ਇੱਕ ਮੁਲਕ ਵਜੋਂ ਸਾਡੀ ਇੱਜ਼ਤ। ਇੱਕ ਲੋਕਤੰਤਰ ਦੇ ਨਾਗਰਿਕਾਂ ਵਜੋਂ ਸਾਡੇ ਹੱਕ। ਪ੍ਰਦਰਸ਼ਨਕਾਰੀਆਂ ਨੇ ਆਪਣੇ ਹੌਸਲੇ, ਸੁਘੜਤਾ ਅਤੇ ਹਾਸੇ ਨਾਲ ਉਸ ਖੋਖਲੇ ਕਰ ਦੇਣ ਵਾਲੇ ਡਰ ਨੂੰ ਬਾਹਰ ਕੱਢ ਦਿੱਤਾ, ਜੋ ਸਾਡੇ ਲਈ ਦੂਜਾ ਸੁਭਾਅ ਬਣ ਗਿਆ ਹੈ। ਦਿਨ ਦੇ ਅੰਤ ਤੱਕ ਇਹ ਸਾਫ਼ ਸੀ ਕਿ ਪ੍ਰਦਰਸ਼ਨ ਪ੍ਰਦਰਸ਼ਨਕਾਰੀਆਂ ਜਾਂ ਉਨ੍ਹਾਂ ਦੇ ਆਗੂਆਂ ਦੀਆਂ ਮੰਗਾਂ ਨਾਲੋਂ ਕਿਤੇ ਵੱਡੀ ਗੱਲ ਬਾਰੇ ਹੋ ਗਿਆ ਸੀ। ਧਰਮੇਂਦਰ ਪ੍ਰਧਾਨ ਹੁਣ ਛੋਟੀ ਗੱਲ ਹੈ। ਦਾਅ ਕਿਤੇ ਵੱਡੇ ਹਨ। ਸ਼ਾਸਨ ਵਿਵਸਥਾ ਵਿਚ ਉੱਪਰੋਂ ਹੇਠਾਂ ਤੱਕ ਸੜਿਆਂਦ ਸਾਫ਼ ਦਿਖਾਈ ਦੇ ਰਹੀ ਹੈ ਅਤੇ ਇੱਕ ਗਲ-ਸੜ ਰਹੀ ਲਾਸ਼ ਵਾਂਗ ਬਦਬੂ ਮਾਰ ਰਹੀ ਹੈ। ਇੱਥੋਂ ਤੱਕ ਕਿ ਸਭ ਤੋਂ ਛੋਟੇ ਕਾਕਰੋਚ, ਜਿਨ੍ਹਾਂ ਵਿਚੋਂ ਕੁਝ ਸੱਤ ਜਾਂ ਅੱਠ ਸਾਲ ਤੋਂ ਵੱਧ ਉਮਰ ਦੇ ਨਹੀਂ ਸਨ, ਵੀ ਇਸ ਨੂੰ ਸਾਫ਼ ਤੌਰ ਉੱਤੇ ਬਿਆਨ ਕਰਨ ਦੇ ਸਮਰੱਥ ਸਨ।

ਮਾਰਚ ਤੋਂ ਕੁਝ ਦਿਨ ਪਹਿਲਾਂ ਇੱਕ ਨਵੇਂ ਪੁਲਿਸ ਮੁਖੀ ਦੀ ਤੇਜ਼ੀ ਨਾਲ ਅਤੇ ਲਗਭਗ ਗੁਪਤ ਨਿਯੁਕਤੀ ਦੇ ਬਾਵਜੂਦ, ਅਤੇ ਸਾਡੇ ਭਿਆਨਕ ਗ੍ਰਹਿ ਮੰਤਰੀ ਦੀ ਡਰਾਉਣੀ ਕਾਰਗੁਜ਼ਾਰੀ ਬਾਰੇ ਚਿੰਤਾਜਨਕ ਫੁਸਫੁਸਾਹਟਾਂ ਦੇ ਬਾਵਜੂਦ, ਪੁਲਿਸ ਅਤੇ ਗ੍ਰਹਿ ਮੰਤਰਾਲੇ ਦੋਵਾਂ ਨੇ 20 ਜੁਲਾਈ ਨੂੰ ਦਿੱਲੀ ਵਿਚ ਆਈ ਸੁਨਾਮੀ ਦੇ ਪੈਮਾਨੇ ਦਾ ਪੂਰੀ ਤਰ੍ਹਾਂ ਗਲਤ ਅੰਦਾਜ਼ਾ ਲਾਇਆ। ਉਨ੍ਹਾਂ ਨੇ ਸਭ ਕੁਝ ਕਰਨ ਦੀ ਕੋਸ਼ਿਸ਼ ਕੀਤੀ। ਬੱਸਾਂ, ਸੜਕਾਂ ਅਤੇ ਮੈਟਰੋ ਸਟੇਸ਼ਨ ਬੰਦ ਕਰ ਦਿੱਤੇ। ਇਸ ਨਾਲ ਕੋਈ ਫ਼ਾਇਦਾ ਨਹੀਂ ਹੋਇਆ। ਇੰਟਰਨੈੱਟ ਜਾਮ ਕਰਨ ਦੀ ਕੋਸ਼ਿਸ਼ ਕੀਤੀ। ਪਰ ਇੰਟਰਨੈੱਟ ਦੀ ਪੈਦਾਇਸ਼ ਨੌਜਵਾਨ ਕਾਕਰੋਚ ਨੇ ਕਿਸੇ ਤਰ੍ਹਾਂ ਮੀਮਾਂ ਅਤੇ ਵੀਡੀਓਆਂ ਦੇ ਹੜ੍ਹ ਨਾਲ ਉਸ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ, ਜਿਨ੍ਹਾਂ ਨੂੰ ਵੇਖ ਕੇ ਤੁਹਾਨੂੰ ਇਕੱਠੇ ਹਾਸਾ ਅਤੇ ਰੋਣਾ ਆਉਂਦਾ ਸੀ। ਪ੍ਰਦਰਸ਼ਨ ਵਿਚ ਸ਼ਾਮਲ ਨੌਜਵਾਨ ਔਰਤਾਂ ਨੇ ਕਿਹਾ ਕਿ ਉਹ ਦੁਨੀਆ ਦੀਆਂ ਸਾਰੀਆਂ ਥਾਵਾਂ ਵਿਚੋਂ, ਦਿੱਲੀ ਭੀੜ ਵਿਚ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰ ਰਹੀਆਂ ਸਨ—ਹਾਲਾਂਕਿ ਕੁਝ ਨੇ ਪੁਲਿਸ ਵਾਲਿਆਂ ਵੱਲੋਂ ਛੇੜਛਾੜ ਕੀਤੇ ਜਾਣ ਦੀ ਸ਼ਿਕਾਇਤ ਕੀਤੀ। ਅਸੀਂ ਹਿੰਦੂਆਂ, ਮੁਸਲਮਾਨਾਂ, ਸਿੱਖਾਂ, ਈਸਾਈਆਂ, ਬੋਧੀਆਂ ਅਤੇ ਹਰ ਜਾਤ ਤੇ ਵਰਗ ਦੇ ਲੋਕਾਂ ਨੂੰ ਇਕੱਠੇ ਆਉਂਦੇ, ਇੱਕ-ਦੂਜੇ ਦੀ ਮਦਦ ਕਰਦੇ ਅਤੇ ਇੱਕ-ਦੂਜੇ ਦੀ ਰੱਖਿਆ ਕਰਦੇ ਵੇਖਿਆ, ਜਦੋਂ ਉਹ ਪੁਲਿਸ ਦਾ ਸਾਹਮਣਾ ਕਰ ਰਹੇ ਸਨ। ਸਾਨੂੰ ਉਪਦੇਸ਼ ਦੇਣ ਜਾਂ ਵੱਡੇ-ਵੱਡੇ ਭਾਸ਼ਣ ਦੇਣ ਦੀ ਬਜਾਏ, ਉਨ੍ਹਾਂ ਨੇ ਸਾਨੂੰ ਦਿਖਾਇਆ, ਸਾਡੇ ਸਾਹਮਣੇ ਪੇਸ਼ ਕੀਤਾ—ਸੰਭਵ ਭਾਰਤ, ਸਾਡੇ ਸੁਪਨਿਆਂ ਦਾ ਸੋਹਣਾ ਭਾਰਤ।

ਇਸ ਖ਼ਤਰੇ ਨਾਲ ਨਜਿੱਠਣ ਲਈ ਪੁਲਿਸ ਨੇ ਆਪਣੇ ਪੀਲੀ ਧਾਤ ਦੇ ਬੈਰੀਕੇਡ ਜੋੜ ਲਏ ਅਤੇ ਆਪਣਾ ਅਜ਼ਮਾਇਆ ਹੋਇਆ ਸਾਜ਼ੋ-ਸਾਮਾਨ ਲੈ ਆਈ: ਪੱਥਰਾਂ ਨਾਲ ਭਰੇ ਟਰੱਕ ਅਤੇ ਪਹਿਲਾਂ ਤੋਂ ਨੁਕਸਾਨੇ ਵਾਹਨ, ਇਸ ਉਮੀਦ ਨਾਲ ਕਿ ਉਹ ਇਹ ਦਿਖਾ ਸਕਣ ਕਿ ਨੌਜਵਾਨ ਹਿੰਸਕ ਹੋ ਗਏ ਸਨ ਅਤੇ ਪੁਲਿਸ ਸਵੈ-ਰੱਖਿਆ ਵਿਚ ਕਾਰਵਾਈ ਕਰ ਰਹੀ ਸੀ। ਉਹ ਬੈਂਤਾਂ ਅਤੇ ਡੰਡਿਆਂ ਨਾਲ ਲੈਸ ਸਾਦੇ ਕੱਪੜਿਆਂ ਵਾਲੇ ਗੁੰਡਿਆਂ ਦੀ ਫ਼ੌਜ ਲੈ ਆਏ। ਕਾਰਵਾਈ ਦੀ ਤਿਆਰੀ ਲਈ ਰੈਪਿਡ ਐਕਸ਼ਨ ਫੋਰਸ—ਆਰ.ਏ.ਐੱਫ.—ਨੇ ਆਪਣੀਆਂ ਵਰਦੀਆਂ ਤੋਂ ਆਪਣੀਆਂ ਨੇਮ-ਪਲੇਟਾਂ ਹਟਾ ਦਿੱਤੀਆਂ। ਵਫ਼ਾਦਾਰ ਮੁੱਖਧਾਰਾ ਦੇ ਟੀਵੀ ਚੈਨਲਾਂ ਨੂੰ ਝੂਠੀਆਂ ਖ਼ਬਰਾਂ ਦੇਣ ਲਈ ਤਿਆਰ ਕਰਕੇ ਖੜ੍ਹਾ ਕੀਤਾ ਗਿਆ ਸੀ। (ਕੁਝ ਨੇ ਜਲਦਬਾਜ਼ੀ ਕੀਤੀ ਅਤੇ ਉਨ੍ਹਾਂ ਗੱਲਾਂ ਦੀ ਰਿਪੋਰਟਿੰਗ ਕਰਨੀ ਸ਼ੁਰੂ ਕਰ ਦਿੱਤੀ ਜੋ ਅਜੇ ਤੱਕ ਹੋਈਆਂ ਹੀ ਨਹੀਂ ਸਨ। ਭਾਰਤ ਵਿਚ ਖ਼ਬਰਾਂ ਅਕਸਰ ਵਰਤਮਾਨ ਦੀ ਬਜਾਏ ਭਵਿੱਖ ਬਾਰੇ ਹੁੰਦੀਆਂ ਹਨ।) ਕੁਝ ਵੀ ਕੰਮ ਨਾ ਆਇਆ। ਪੁਲਿਸ ਅਤੇ ਆਰ.ਏ.ਐੱਫ. ਨੇ ਬੇਤਹਾਸ਼ਾ ਲਾਠੀਆਂ ਚਲਾਈਆਂ, ਬੱਚਿਆਂ ਦੇ ਸਿਰ ਭੰਨੇ ਅਤੇ ਹੱਥ-ਪੈਰ ਤੋੜੇ। ਅੱਥਰੂ ਗੈਸ ਦੇ ਗੋਲੇ ਸੁੱਟੇ। ਪਰ ਨੌਜਵਾਨ ਮਾਰਚ ਕਰਦੇ ਰਹੇ। ਸਿੱਧੇ ਸੰਸਦ ਵੱਲ। ਸਿੱਧੇ ਉਸ ਥਾਂ ਵੱਲ ਜਿੱਥੇ ਉਨ੍ਹਾਂ ਨੇ ਜਾਣ ਦਾ ਐਲਾਨ ਕੀਤਾ ਸੀ। ਜਿਵੇਂ ਹੀ ਉਹ ਨੇੜੇ ਆਏ, ਸੁਰੱਖਿਆ ਬਲਾਂ ਨੇ ਪੁਜੀਸ਼ਨਾਂ ਲੈ ਲਈਆਂ, ਉਨ੍ਹਾਂ ਨੇ ਆਪਣੀਆਂ ਏਕੇ-47 ਰਾਈਫ਼ਲਾਂ ਉਨ੍ਹਾਂ ਨਿਹੱਥੇ ਵਿਦਿਆਰਥੀਆਂ ਵੱਲ ਤਾਣੀਆਂ ਹੋਈਆਂ ਸਨ। ਫਿਰ ਵੀ ਕਾਕਰੋਚ ਮਾਰਚ ਕਰਦੇ ਰਹੇ। ਅਤੇ ਜਿਵੇਂ-ਜਿਵੇਂ ਉਹ ਮਾਰਚ ਕਰਦੇ ਗਏ, ਉਨ੍ਹਾਂ ਨੇ ਸਰਕਾਰ ਦੀ ਲੋਹੇ ਦੀ ਮੁੱਠੀ ਨੂੰ ਢਕਣ ਲਈ ਪਾਏ ਮਖ਼ਮਲੀ ਦਸਤਾਨੇ ਦੇ ਹਰ ਬਚੇ-ਖੁੱਚੇ ਨਿਸ਼ਾਨ ਨੂੰ ਲਾਹ ਕੇ ਸੁੱਟ ਦਿੱਤਾ ਅਤੇ ਮੌਜੂਦਾ ਹਕੂਮਤ ਨੂੰ ਉਸ ਦੇ ਅਸਲੀ ਰੂਪ 'ਚ ਬੇਨਕਾਬ ਕਰ ਦਿੱਤਾ—ਜੋ ਉਹ ਹੈ ਅਤੇ ਹਮੇਸ਼ਾ ਤੋਂ ਰਹੀ ਹੈ। ਇੱਕ ਫ਼ਾਸ਼ੀਵਾਦੀ ਲੋਹੇ ਦੀ ਮੁੱਠੀ। ਬਦਮਾਸ਼ਾਂ ਦਾ ਗਰੋਹ, ਜਿਸ ਕੋਲ ਉਸ ਮੁਲਕ ਦੇ ਇਤਿਹਾਸ ਅਤੇ ਵੰਨ-ਸੁਵੰਨਤਾ ਨੂੰ ਸਮਝਣ ਦੀ ਕੋਈ ਸਮਰੱਥਾ ਨਹੀਂ ਹੈ, ਜਿਸ ਉੱਤੇ ਉਹ ਰਾਜ ਕਰਦਾ ਹੈ। ਅਜਿਹੇ ਲੋਕ ਜੋ ਸਿਰਫ਼ ਨਫ਼ਰਤ ਕਰਨਾ ਜਾਣਦੇ ਹਨ, ਪਰ ਉਨ੍ਹਾਂ ਨੂੰ ਪਿਆਰ ਕਰਨਾ ਜਾਂ ਸੋਚਣਾ ਨਹੀਂ ਆਉਂਦਾ।

ਜਿਵੇਂ ਹੀ ਮਾਰਚ ਕਰਨ ਵਾਲੇ ਨੇੜੇ ਆਏ, ਸਾਡੇ ਬਹਾਦਰ ਅਤੇ ਸ਼ੇਖ਼ੀਬਾਜ਼ ਪ੍ਰਧਾਨ ਮੰਤਰੀ ਨੂੰ ਸੁਰੱਖਿਅਤ ਥਾਂ ਉੱਤੇ ਪਹੁੰਚਾ ਦਿੱਤਾ ਗਿਆ। ਸੰਸਦ ਮੈਂਬਰਾਂ ਨੂੰ ਚਮਕਾਂ ਮਾਰਦੇ ਨਵੇਂ ਸੰਵਿਧਾਨ ਸੰਸਦ ਭਵਨ ਵਿਚੋਂ ਬਾਹਰ ਨਿਕਲਣ ਤੋਂ ਰੋਕ ਦਿੱਤਾ ਗਿਆ, ਜਿਸ ਦਾ ਪੂਰਾ ਮਕਸਦ ਨਿੱਤ ਦਿਨ ਸੰਵਿਧਾਨ ਨੂੰ ਕਮਜ਼ੋਰ ਕਰਨਾ ਜਾਪਦਾ ਹੈ।

ਸ਼ਾਮ ਤੱਕ ਪੁਲਿਸ ਨੇ ਪ੍ਰਦਰਸ਼ਨ ਸਥਾਨ ਉੱਤੇ ਮੁੱਖ ਮੰਚ ਤੋੜ ਦਿੱਤਾ ਸੀ। ਰਾਤ ਤੱਕ ਲੋਕਾਂ ਨੇ ਉਸ ਨੂੰ ਮੁੜ ਆਪਣੇ ਕਬਜ਼ੇ ਵਿਚ ਲੈ ਲਿਆ। ਜਿਵੇਂ ਹੀ ਪੁਲਿਸ ਰਾਤ ਲਈ ਪਿੱਛੇ ਹਟੀ, ਕਾਕਰੋਚਾਂ ਨੇ ਉਨ੍ਹਾਂ ਨੂੰ ਖੜ੍ਹੇ ਹੋ ਕੇ ਤਾਲੀਆਂ ਵਜਾ ਕੇ ਉਨ੍ਹਾਂ ਦਾ ਸਨਮਾਨ ਕੀਤਾ। ਬੱਚਿਆਂ ਨੂੰ ਕੁੱਟਣ ਲਈ। ਵਾਹ ਮੋਦੀ ਜੀ! ਵਾਹ!

ਇਸ ਤੋਂ ਵੱਡੇ ਰਾਜਨੀਤਿਕ ਬਦਲਾਅ ਦੀ ਉਮੀਦ ਕਰਨਾ ਮੂਰਖਤਾ ਹੋਵੇਗੀ। ਪਰ ਇਸ ਨੂੰ ਸਿਰਫ਼ ਇੱਕ ਉਤਸ਼ਾਹ ਭਰੇ ਪਲ ਵਜੋਂ ਖਾਰਜ ਕਰ ਦੇਣਾ ਵੀ ਅਸੰਵੇਦਨਸ਼ੀਲ ਹੋਵੇਗਾ। ਇਹ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਵਾਇਰਜ਼ ਅਤੇ ਲਾਈਵ-ਸਕ੍ਰੀਮਿੰਗ ਟੀਵੀ ਚੈਨਲ ਵਿਦੇਸ਼ੀ ਫੰਡਿੰਗ ਅਤੇ ਸੀ.ਆਈ.ਏ. ਸਾਜ਼ਿਸ਼ਾਂ ਬਾਰੇ ਗੱਪਾਂ, ਇਸ਼ਾਰਿਆਂ ਅਤੇ ਸਾਜ਼ਿਸ਼ੀ ਸਿਧਾਂਤਾਂ ਦੀ ਅੱਗ ਨਾਲ ਮੱਚ ਰਹੇ ਹਨ। ਮਾਣਮੱਤੇ ਅੰਦੋਲਨਜੀਵੀ—ਮੋਦੀ ਵੱਲੋਂ ਮੇਰੇ ਵਰਗੇ ਲੋਕਾਂ ਲਈ ਵਰਤਿਆ ਗਿਆ ਅਪਮਾਨਜਨਕ ਨਾਮ—ਵਜੋਂ ਮੈਂ ਮੰਨਦੀ ਹਾਂ ਕਿ ਜਦੋਂ ਇਹ ਸਭ ਸ਼ੁਰੂ ਹੋਇਆ, ਮੈਂ ਵੀ ਚੁਕੰਨੀ ਸੀ। ਮੈਨੂੰ ਚਿੰਤਾ ਸੀ ਕਿ ਅਸੀਂ ਇੱਕ ਹੋਰ ਅੰਨਾ ਹਜ਼ਾਰੇ ਪਲ ਵੱਲ ਜਾ ਰਹੇ ਹਾਂ—2011 ਦਾ ਕਥਿਤ ਭ੍ਰਿਸ਼ਟਾਚਾਰ ਵਿਰੋਧੀ ਜਨ-ਅੰਦੋਲਨ—ਜੋ ਆਪਣੇ ਸ਼ੁਰੂਆਤੀ ਇਰਾਦਿਆਂ ਦੇ ਬਾਵਜੂਦ ਅਖ਼ੀਰ ਸਾਨੂੰ ਤਿੰਨ ਕਾਰਜਕਾਲਾਂ ਲਈ ਅਜਿਹੀ ਰਾਜਨੀਤਿਕ ਪਾਰਟੀ ਦੇ ਰਾਜ ਦੀ ਸੌਗਾਤ ਦੇ ਗਿਆ, ਜਿਸ ਨੇ ਇਸ ਮੁਲਕ ਦੀ ਹਰ ਸੰਸਥਾ ਤਬਾਹ ਕਰ ਦਿੱਤੀ ਹੈ। ਇੱਕ ਅਜਿਹੀ ਪਾਰਟੀ ਜੋ ਆਪਣੇ ਆਪ ਨੂੰ ਇੱਕ ਰਾਜਨੀਤਿਕ ਪਾਰਟੀ ਅਤੇ ਭਾਰਤ ਸਰਕਾਰ ਵਿਚਕਾਰ ਕੋਈ ਫ਼ਰਕ ਨਹੀਂ ਦੇਖਦੀ, ਜੋ ਨਾ ਮੁਲਕ ਦਾ ਆਦਰ ਕਰਦੀ ਹੈ ਅਤੇ ਨਾ ਆਪਣੇ ਨਾਗਰਿਕਾਂ ਦਾ, ਅਤੇ ਜਿਸ ਨੇ ਸਾਨੂੰ ਅੰਤਰਰਾਸ਼ਟਰੀ ਪੱਧਰ ਉੱਤੇ ਸ਼ਰਮਿੰਦਾ ਕੀਤਾ ਹੈ ਅਤੇ ਭਾਰਤ ਨੂੰ ਗੋਡਿਆਂ ਭਾਰ ਕਰ ਦਿੱਤਾ ਹੈ।

ਪਰ ਕਾਕਰੋਚ ਜਨਤਾ ਪਾਰਟੀ ਬਾਰੇ ਮੇਰੇ ਸ਼ੱਕ ਉਦੋਂ ਦੂਰ ਹੋ ਗਏ ਜਦੋਂ ਮੈਂ ਮੁੱਖਧਾਰਾ ਦੇ ਮੀਡੀਆ ਦਾ ਉਨ੍ਹਾਂ ਪ੍ਰਤੀ ਦੁਸ਼ਮਣੀ ਭਰਿਆ ਰਵੱਈਆ ਵੇਖਿਆ। ਇਹ ਮੇਰੇ ਲਈ ਪਹਿਲਾ ਅਤੇ ਸਭ ਤੋਂ ਭਰੋਸਾ ਦਿਵਾਉਣ ਵਾਲਾ ਸੰਕੇਤ ਸੀ। ਮੈਨੂੰ ਇਹ ਜਾਣ ਕੇ ਬਹੁਤ ਖ਼ੁਸ਼ੀ ਹੋਈ ਕਿ ਅਭਿਜੀਤ ਦੀਪਕੇ ਇੱਕ ਦਲਿਤ ਭਾਈਚਾਰੇ ਨਾਲ ਸੰਬੰਧਤ ਹਨ, ਅਤੇ ਇਸ ਤੋਂ ਵੀ ਵੱਧ ਖ਼ੁਸ਼ੀ ਇਸ ਗੱਲ ਦੀ ਹੋਈ ਕਿ ਕਿਸੇ ਦਾ ਧਿਆਨ ਉਸ ਉੱਤੇ ਕੇਂਦਰਿਤ ਨਹੀਂ ਸੀ। ਮੇਰੇ ਲਈ ਸਭ ਕੁਝ ਉਦੋਂ ਬਦਲ ਗਿਆ ਜਦੋਂ ਮੈਂ ਉਸ ਨੂੰ ਇਹ ਕਹਿੰਦੇ ਸੁਣਿਆ: 'ਜੇ ਮੇਰਾ ਨਾਮ ਖ਼ਾਲਿਦ ਹੁੰਦਾ, ਜਾਂ ਜੇ ਮੈਂ ਮੁਸਲਮਾਨ ਹੁੰਦਾ, ਤਾਂ ਮੈਂ ਹੁਣ ਤੱਕ ਜੇਲ੍ਹ ਵਿਚ ਹੁੰਦਾ।' ਉਸ ਵਿਚ ਭਾਰਤ ਵਿਚ ਚੀਜ਼ਾਂ ਅਸਲ ਵਿਚ ਕਿਵੇਂ ਕੰਮ ਕਰਦੀਆਂ ਹਨ, ਉਸ ਦੀ ਅਸ਼ਲੀਲਤਾ ਨੂੰ ਬੇਨਕਾਬ ਕਰਨ ਦਾ ਹੌਸਲਾ ਸੀ—ਇਹ ਤੱਥ ਕਿ ਸਾਡੇ ਮੁਲਕ ਵਿਚ ਸਭ ਕੁਝ, ਖ਼ਾਸ ਕਰਕੇ ਕਾਨੂੰਨ, ਸਭ ਉੱਤੇ ਇੱਕੋ ਜਿਹਾ ਲਾਗੂ ਨਹੀਂ ਹੁੰਦਾ। ਸਭ ਕੁਝ ਪੂਰੀ ਤਰ੍ਹਾਂ ਤੁਹਾਡੇ ਧਰਮ, ਜਾਤ, ਵਰਗ, ਨਸਲੀ ਪਛਾਣ ਅਤੇ ਲਿੰਗ ਉੱਤੇ ਨਿਰਭਰ ਕਰਦਾ ਹੈ। ਇਹ ਬਹੁਤ ਸਾਦਗੀ ਨਾਲ ਕਹੀ ਗਈ ਡੂੰਘੀ ਟਿੱਪਣੀ ਸੀ। ਉਸ ਵੱਲੋਂ ਇਹ ਗੱਲ ਜਨਤਕ ਤੌਰ ਉੱਤੇ ਕਹਿਣ ਨੇ—ਜਦੋਂ ਵਿਰੋਧੀ ਧਿਰ ਦੇ ਰਾਜਨੇਤਾ ਵੀ 'ਹਿੰਦੂ ਪ੍ਰਤੀਕਿਰਿਆ' ਦੇ ਡਰ ਕਾਰਨ 'ਮੁਸਲਮਾਨ' ਕਹਿਣ ਦੀ ਬਜਾਏ ਸਿਰਫ਼ 'ਘੱਟਗਿਣਤੀ ਭਾਈਚਾਰਾ' ਕਹਿੰਦੇ ਹਨ—ਮੈਨੂੰ ਤੁਰੰਤ ਜੰਤਰ-ਮੰਤਰ ਵੱਲ ਜਾਣ ਲਈ ਮਜਬੂਰ ਕਰ ਦਿੱਤਾ। ਮੈਨੂੰ ਇਹ ਵੀ ਪਤਾ ਸੀ ਕਿ ਜਦੋਂ ਦੀਪਕੇ ਨੇ 'ਖ਼ਾਲਿਦ' ਨਾਮ ਚੁਣਿਆ, ਉਹ ਉਮਰ ਖ਼ਾਲਿਦ ਦੀ ਗੱਲ ਕਰ ਰਿਹਾ ਸੀ—ਜੇ.ਐਨ.ਯੂ. ਦਾ ਵਿਦਵਾਨ, ਜੋ ਸ਼ਰਜੀਲ ਇਮਾਮ ਅਤੇ ਕਈ ਹੋਰਾਂ ਨਾਲ ਲਗਭਗ ਛੇ ਸਾਲਾਂ ਤੋਂ ਬਿਨਾਂ ਮੁਕੱਦਮੇ ਦੇ ਜੇਲ੍ਹ ਵਿਚ ਡੱਕਿਆ ਹੋਇਆ ਹੈ। ਉਮਰ ਦਾ ਜੁਰਮ? 2020 ਦੇ ਨਾਗਰਿਕਤਾ ਸੋਧ ਕਾਨੂੰਨ—ਸੀਏਏ—ਵਿਰੁੱਧ ਪ੍ਰਦਰਸ਼ਨਾਂ ਦੌਰਾਨ ਪ੍ਰਦਰਸ਼ਨਕਾਰੀਆਂ ਨੂੰ ਅਹਿੰਸਕ ਰਹਿਣ ਦੀ ਅਪੀਲ ਕਰਨਾ, ਜਦੋਂ ਦਿੱਲੀ ਹਿੰਦੂ ਚੌਕਸੀ ਗਰੋਹਾਂ ਦੇ ਗੁੰਡਿਆਂ ਵੱਲੋਂ ਭੜਕਾਈ ਅੱਗਜ਼ਨੀ, ਕਤਲਾਂ ਅਤੇ ਮਸਜਿਦਾਂ ਸਾੜਨ ਦੀਆਂ ਘਟਨਾਵਾਂ ਨਾਲ ਜੂਝ ਰਹੀ ਸੀ, ਜੋ ਪੁਲਿਸ ਨਿਗਰਾਨੀ ਹੇਠ ਹੁੰਦੀਆਂ ਸਨ ਅਤੇ ਕਈ ਵਾਰ ਪੁਲਿਸ ਉਨ੍ਹਾਂ ਵਿਚ ਹਿੱਸਾ ਵੀ ਲੈਂਦੀ ਸੀ। ਜ਼ਮਾਨਤ ਲਈ ਉਸਦੀ ਇੱਕ ਤੋਂ ਬਾਅਦ ਇੱਕ ਅਪੀਲ ਉਨ੍ਹਾਂ ਜੱਜਾਂ ਨੇ ਰੱਦ ਕਰ ਦਿੱਤੀ, ਜੋ ਇੰਝ ਜਾਪਦਾ ਹੈ ਕਿ ਇਹ ਕਰਨ ਜਾਂ ਸਮਝਣ ਦਾ ਹੌਸਲਾ ਗੁਆ ਚੁੱਕੇ ਹਨ ਕਿ ਸਹੀ ਕੀ ਹੈ।

ਜਿਵੇਂ-ਜਿਵੇਂ ਕਾਕਰੋਚ ਮਾਰਚ ਕਰਦੇ ਗਏ ਅਤੇ ਉਨ੍ਹਾਂ ਦੀ ਗਿਣਤੀ ਵਧਦੀ ਗਈ, ਮੈਂ ਸੋਚਿਆ: ਸ਼ੁਕਰ ਹੈ ਕਿ ਉਹ ਜ਼ਿਆਦਾਤਰ ਮੁਸਲਮਾਨ, ਸਿੱਖ, ਈਸਾਈ ਜਾਂ ਆਦਿਵਾਸੀ ਨਹੀਂ ਹਨ। ਉਨ੍ਹਾਂ ਨੂੰ ਕੁਚਲ ਦਿੱਤਾ ਜਾਂਦਾ, ਮਾਰ ਦਿੱਤਾ ਜਾਂਦਾ, ਗੋਲੀਆਂ ਮਾਰ ਦਿੱਤੀਆਂ ਜਾਂਦੀਆਂ, ਜੇਲ੍ਹਾਂ ਵਿਚ ਸੁੱਟ ਦਿੱਤਾ ਜਾਂਦਾ। ਸ਼ੁਕਰ ਹੈ ਕਿ ਉਹ ਕਸ਼ਮੀਰੀ ਨਹੀਂ ਹਨ। ਉਨ੍ਹਾਂ ਨੂੰ ਅੰਨ੍ਹਾ ਕਰ ਦਿੱਤਾ ਜਾਂਦਾ (ਹਾਲਾਂਕਿ ਕੁਝ ਨੂੰ ਪੈਲਟ ਗੰਨਾਂ ਦੇ ਛਰਿਆਂ ਵਰਗੀਆਂ ਚੋਟਾਂ ਜ਼ਰੂਰ ਲੱਗੀਆਂ)। ਸ਼ੁਕਰ ਹੈ ਕਿ ਉਹ ਜ਼ਿਆਦਾਤਰ ਹਿੰਦੂ ਹਨ। ਭਾਰਤ ਵਿਚ ਇਸ ਵੇਲੇ ਹਾਲਤ ਕਿੰਨੀ ਦੁਖਦਾਈ ਹੈ। ਹਾਲਾਂਕਿ ਹਾਲਤ ਇੱਕ ਮਿੰਟ ਵਿਚ ਬਦਲ ਸਕਦੀ ਹੈ। ਅਸੀਂ ਇੱਕ 'ਵਿਕਾਸਸ਼ੀਲ ਸਥਿਤੀ' ਵਿਚ ਹਾਂ। ਦੂਜੇ ਰਾਜਾਂ ਤੋਂ ਹਜ਼ਾਰਾਂ ਨੀਮ-ਫ਼ੌਜੀ ਬਲਾਂ ਨੂੰ ਹਵਾਈ ਜਹਾਜ਼ਾਂ ਰਾਹੀਂ ਲਿਆਂਦੇ ਜਾਣ ਦੀਆਂ ਖ਼ਬਰਾਂ ਆ ਰਹੀਆਂ ਹਨ। ਅਸੀਂ ਨਹੀਂ ਜਾਣਦੇ ਕਿ ਆਉਣ ਵਾਲੇ ਦਿਨ ਕੀ ਲੈ ਕੇ ਆਉਣਗੇ।

ਇਹ ਸਭ ਸਾਨੂੰ ਕਿੱਥੇ ਛੱਡ ਦਿੰਦਾ ਹੈ? ਅੰਨਾ ਹਜ਼ਾਰੇ ਅੰਦੋਲਨ ਦੇ ਉਲਟ, ਜਿਸ ਨੂੰ ਸੈਂਕੜਿਆਂ ਉਤਾਵਲੇ, ਕਾਰਪੋਰੇਟ ਮਲਕੀਅਤ ਵਾਲੇ ਟੀਵੀ ਚੈਨਲਾਂ ਉੱਤੇ ਹਫ਼ਤਿਆਂ ਤੱਕ ਚੌਵੀ ਘੰਟੇ ਉਤਸ਼ਾਹੀ ਅਤੇ ਲਗਾਤਾਰ ਕਵਰੇਜ ਮਿਲੀ, ਕਾਕਰੋਚ ਜਨਤਾ ਪਾਰਟੀ ਕੋਲ ਸਿਰਫ਼ ਆਪਣੇ ਆਪ ਅਤੇ ਇੰਟਰਨੈੱਟ ਉੱਤੇ ਭਰੋਸਾ ਕਰਨ ਦਾ ਸਾਧਨ ਹੈ। ਅੰਨਾ ਅੰਦੋਲਨ ਦੇ ਉਲਟ, ਜਿਸ ਵਿਚ ਰਾਸ਼ਟਰੀ ਸਵੈਂਸੇਵਕ ਸੰਘ—ਆਰ.ਐੱਸ.ਐੱਸ.—ਨੇ ਘੁਸਪੈਠ ਕਰਕੇ ਉਸ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਸੀ, ਅਤੇ ਮੋਦੀ ਦੀ ਅਗਵਾਈ ਵਾਲੀ ਭਾਜਪਾ ਪੈਦਾ ਹੋਏ ਟੀ.ਵੀ. ਜਨੂੰਨ ਤੋਂ ਚੁਣਾਵੀ ਲਾਭ ਲੈਣ ਲਈ ਪੂਰੀ ਤਰ੍ਹਾਂ ਤਿਆਰ-ਬਰ-ਤਿਆਰ ਦਰਵਾਜ਼ੇ ਉੱਤੇ ਖੜ੍ਹੀ ਸੀ, ਕਾਕਰੋਚਾਂ ਕੋਲ ਪਿੱਛੇ ਪਰ ਤੋਲ ਰਹੀਆਂ ਸੰਗਠਿਤ ਵਿਰੋਧੀ-ਧਿਰ ਦੀ ਪਾਰਟੀ ਨਹੀਂ ਹੈ ਜੋ ਚੀਜ਼ਾਂ ਨੂੰ ਅੱਗੇ ਲੈ ਜਾਣ ਲਈ ਤਿਆਰ ਹੋਵੇ। ਅਸੀਂ ਜੋ ਸੁਭਾਵਿਕ ਗੁੱਸਾ ਦੇਖ ਰਹੇ ਹਾਂ, ਉਹ ਉਦੋਂ ਤੱਕ ਖ਼ਤਮ ਹੋ ਜਾਵੇਗਾ ਜਦੋਂ ਤੱਕ ਕੋਈ ਅਸਲ ਰਾਜਨੀਤਿਕ ਕੰਮ ਸ਼ੁਰੂ ਨਹੀਂ ਹੁੰਦਾ। ਜਦੋਂ ਤੱਕ ਵੱਡੇ ਲੋਕ ਅਤੇ ਵਿਰੋਧੀ ਧਿਰ ਦੀਆਂ ਪਾਰਟੀਆਂ ਆਪਣੇ ਜੋੜ-ਤੋੜ ਅਤੇ ਛੋਟੇ-ਮੋਟੇ ਝਗੜੇ ਛੱਡ ਕੇ ਕੁਝ ਏਕਤਾ ਨਹੀਂ ਦਿਖਾਉਂਦੇ। ਸਰਕਾਰ ਜਾਣਦੀ ਹੈ ਕਿ ਇਹ ਅਸੰਭਵ ਹੈ। ਉਹ ਬੇਅਸਰ ਬੈਠੀ ਰਹਿੰਦੀ ਹੈ, ਕਿਉਂਕਿ ਉਸ ਨੂੰ ਲੱਗਦਾ ਹੈ ਕਿ ਉਸ ਨੂੰ ਸਿਰਫ਼ ਇੰਤਜ਼ਾਰ ਕਰਨ ਦੀ ਜ਼ਰੂਰਤ ਹੈ। ਰਾਜਾਂ ਕੋਲ ਇੰਤਜ਼ਾਰ ਕਰਨ ਦੀ ਤਾਕਤ ਹੁੰਦੀ ਹੈ। ਲੋਕਾਂ ਕੋਲ ਨਹੀਂ।

ਇਸ ਵੇਲੇ ਕਾਕਰੋਚ ਵਿਦਰੋਹ ਭਾਰਤ ਭਰ ਵਿਚ ਚੱਲ ਰਹੇ ਕਈ ਵਿਰੋਧ ਪ੍ਰਦਰਸ਼ਨਾਂ ਵਿਚੋਂ ਇੱਕ ਹੈ। ਮੱਧ ਪ੍ਰਦੇਸ਼ ਵਿਚ ਆਦਿਵਾਸੀ ਕੇਨ-ਬੇਤਵਾ ਨਦੀ ਜੋੜੋ ਪ੍ਰਾਜੈਕਟ ਦਾ ਵਿਰੋਧ ਕਰ ਰਹੇ ਹਨ। ਉੱਤਰਾਖੰਡ ਵਿਚ ਪਿੰਡਾਂ ਦੇ ਲੋਕ ਵੱਡੇ ਪੱਧਰ ਉੱਤੇ ਦਰੱਖ਼ਤਾਂ ਦੀ ਕਟਾਈ ਦਾ ਵਿਰੋਧ ਕਰ ਰਹੇ ਹਨ। ਲੋਕ ਗ੍ਰੇਟਰ ਨਿਕੋਬਾਰ ਟਾਪੂਆਂ ਦੇ ਵਾਤਾਵਰਣੀ ਅਪਮਾਨ ਦਾ ਵਿਰੋਧ ਕਰ ਰਹੇ ਹਨ। ਮਣੀਪੁਰ ਉਬਲ ਰਿਹਾ ਹੈ। ਨੌਕਰੀਆਂ ਗਾਇਬ ਹੋ ਰਹੀਆਂ ਹਨ। ਕੀਮਤਾਂ ਅਸਮਾਨ ਛੂਹ ਰਹੀਆਂ ਹਨ। ਗੁੱਸਾ ਵਧ ਰਿਹਾ ਹੈ। ਅਤੇ ਭਾਜਪਾ-ਆਰਐੱਸਐੱਸ ਦਾ 'ਭਗਵਾਨ' ਵਾਲਾ ਖੇਡ ਆਪਣੇ

*(ਬਾਕੀ ਅਗਲੇ ਸਫੇ 'ਤੇ)*

# ਗੋਦੀ ਮੀਡੀਆ ਨੂੰ ਲਤਾੜ ਗਿਆ 'ਕਾਕਰੋਚ ਅੰਦੋਲਨ'

ਨੌਜਵਾਨਾਂ ਦੀ 'ਕਾਕਰੋਚ ਕ੍ਰਾਂਤੀ' ਅੱਗੇ ਕੁਝ ਹੀ ਦਿਨਾਂ ਵਿਚ ਨਾ ਸਿਰਫ਼ ਇਸ ਰਾਸ਼ਟਰ ਦੇ ਉਸ ਪ੍ਰਮੁੱਖ ਨੂੰ ਝੁਕਣਾ ਪਿਆ, ਜੋ ਸਿਰਫ਼ ਆਪਣੇ 'ਮਨ ਦੀ ਗੱਲ' ਕਰਨੀ ਜਾਣਦਾ ਹੈ ਅਤੇ ਦੂਜਿਆਂ ਦੇ ਮਨ ਦੀ ਗੱਲ ਸੁਣਨ ਤੋਂ ਮੁਨਕਰ ਰਿਹਾ ਹੈ; ਸਗੋਂ ਇਸ ਇਤਿਹਾਸਕ ਅੰਦੋਲਨ ਨੇ ਗੋਦੀ ਮੀਡੀਆ ਦਾ ਵੀ ਲੱਕ ਤੋੜ ਕੇ ਰੱਖ ਦਿੱਤਾ। ਕੀ ਇਹ ਇਹ ਉਹੀ ਮੀਡੀਆ ਨਹੀਂ ਹੈ, ਜੋ ਮੁੱਠੀ ਭਰ ਸਰਮਾਏਦਾਰਾਂ ਅਤੇ ਸਰਕਾਰ ਦਾ ਪਿੱਠੂ ਬਣ ਕੇ ਲੋਕਤੰਤਰ ਦੇ ਚੌਥੇ ਥੰਮ੍ਹ ਦੀ ਪ੍ਰਮਾਣਿਕਤਾ ਨੂੰ ਲਗਾਤਾਰ ਦਾਗ਼ਦਾਰ ਕਰ ਰਿਹਾ ਸੀ?

ਕਿਸਾਨ ਅੰਦੋਲਨ ਵੇਲੇ ਵੀ ਅਤੇ ਮੌਜੂਦਾ ਕੇਂਦਰ ਸਰਕਾਰ ਦੇ ਪਿਛਲੇ 12 ਸਾਲਾਂ ਦੇ ਕਾਰਜਕਾਲ ਦੌਰਾਨ ਹੋਏ ਹੋਰਨਾਂ ਜਨ-ਸੰਘਰਸ਼ਾਂ ਦੌਰਾਨ ਵੀ, ਗੋਦੀ ਮੀਡੀਆ ਦੀ ਭੂਮਿਕਾ ਉਨੀ ਹੀ ਨਿੰਦਣਯੋਗ ਅਤੇ ਪੱਖਪਾਤੀ ਰਹੀ, ਜਿੰਨੀ ਮੌਜੂਦਾ ਹਕੂਮਤ ਦੀ। ਪਰ ਇਸ ਨੌਜਵਾਨ ਅੰਦੋਲਨ ਦੀ ਸਿਰੜ ਅੱਗੇ ਗੋਦੀ ਮੀਡੀਆ ਦੇ ਓਹਲੇ ਰਾਜ ਕਰਨ ਵਾਲੀ ਹਕੂਮਤ ਨੂੰ ਇੱਕ ਵਾਰ ਫਿਰ ਮੂੰਹ ਦੀ ਖਾਣੀ ਪਈ। ਨੌਜਵਾਨਾਂ ਦੇ ਭਾਰੇ ਰੋਸ ਅੱਗੇ ਪ੍ਰਧਾਨ ਮੰਤਰੀ ਨੂੰ ਝੁਕਣਾ ਪਿਆ ਅਤੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਪ੍ਰਵਾਨ ਕਰਨੀਆਂ ਪਈਆਂ।



**ਗੁਰਮੀਤ ਸਿੰਘ ਪਲਾਹੀ**
**ਫੋਨ: 9815802070**

ਦੇਸ਼ ਦੇ ਕੋਨੇ-ਕੋਨੇ ਤੋਂ ਪਹੁੰਚੇ ਇਹ ਨੌਜਵਾਨ ਕੇਂਦਰੀ ਸਿੱਖਿਆ ਮੰਤਰੀ ਦੇ ਅਸਤੀਫ਼ੇ, ਸਿੱਖਿਆ ਢਾਂਚੇ ਵਿਚ ਪਾਰਦਰਸ਼ਤਾ, ਪੇਪਰ ਲੀਕ ਮਾਫ਼ੀਆ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਅਤੇ ਭਰਤੀ ਪ੍ਰੀਖਿਆਵਾਂ ਵਿਚ ਜਵਾਬਦੇਹੀ ਦੀ ਮੰਗ ਕਰ ਰਹੇ ਸਨ। ਇਹ ਰੋਸ ਕਿਸੇ ਇੱਕ ਵਿਅਕਤੀ, ਸੰਗਠਨ ਜਾਂ ਸਿਆਸੀ ਧਿਰ ਤੱਕ ਸੀਮਤ ਨਹੀਂ ਸੀ, ਬਲਕਿ ਇਹ ਦੇਸ਼ ਦੇ ਲੱਖਾਂ ਬੇਰੋਜ਼ਗਾਰ ਅਤੇ ਪੀੜਤ ਨੌਜਵਾਨਾਂ ਦੇ ਮਨਾਂ ਵਿਚ ਸਾਲਾਂ ਤੋਂ ਪਣਪ ਰਹੇ ਵਿਆਪਕ ਅੰਦਰੂਨੀ ਉਬਾਲ ਦਾ ਪ੍ਰਗਟਾਵਾ ਸੀ।

ਇਸ ਸੰਘਰਸ਼ ਵਿਚ ਜਨਤਕ ਅਤੇ ਬੁਨਿਆਦੀ ਮੁੱਦੇ ਏਨੇ ਹਾਵੀ ਹੋ ਗਏ ਕਿ ਰਵਾਇਤੀ ਨੇਤਾਵਾਂ ਦੀ ਪ੍ਰਸੰਗਿਕਤਾ ਹੀ ਖ਼ਤਮ ਹੋ ਗਈ-ਠੀਕ ਉਵੇਂ ਹੀ ਜਿਵੇਂ ਇਤਿਹਾਸਕ ਕਿਸਾਨ ਅੰਦੋਲਨ ਦੌਰਾਨ ਦੇਖਣ ਨੂੰ ਮਿਲਿਆ ਸੀ। ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਗੋਦੀ ਮੀਡੀਆ ਨੂੰ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਦੇ ਇਹ ਪੜ੍ਹੇ-ਲਿਖੇ ਨੌਜਵਾਨ ਵੀ 'ਦੇਸ਼ ਨੂੰ ਤੋੜਨ ਵਾਲੀਆਂ ਵਿਦੇਸ਼ੀ ਤਾਕਤਾਂ' ਦੇ ਮੋਹਰੇ ਹੀ ਜਾਪੇ।

ਇਸ ਵਿਕੇ ਹੋਏ ਮੀਡੀਆ ਨੇ ਪ੍ਰਸਿੱਧ ਵਾਤਾਵਰਨ ਪ੍ਰੇਮੀ ਸੋਨਮ ਵਾਂਗਚੁਕ ਦੇ ਮਰਨ ਵਰਤ ਦਾ ਮਜ਼ਾਕ ਉਡਾਇਆ। ਟੀਵੀ ਸਕਰੀਨਾਂ 'ਤੇ ਬੈਠੇ ਕੁਝ ਕਥਿਤ ਬੁੱਧੀਜੀਵੀ ਹਰ ਰੋਜ਼ ਹਕੂਮਤ ਦੀ ਭਗਤੀ ਕਰਦੇ ਅਤੇ 'ਕਾਕਰੋਚ ਅੰਦੋਲਨ' ਦੇ ਆਗੂ ਅਭਿਜੀਤ ਦਿਪਕੇ 'ਤੇ ਤੀਰ ਛੱਡਦੇ ਦਿਖਾਈ ਦਿੱਤੇ। ਗੋਦੀ ਮੀਡੀਆ ਨੇ ਇਹ ਸਾਬਤ ਕਰਨ ਲਈ ਪੂਰਾ ਤਾਣ ਲਗਾਇਆ ਕਿ ਇਹ ਪ੍ਰਦਰਸ਼ਨਕਾਰੀ ਉਹੀ 'ਰਾਸ਼ਟਰ-ਵਿਰੋਧੀ' ਹਨ, ਜਿਨ੍ਹਾਂ ਨੂੰ ਸ਼ਾਹੀਨ ਬਾਗ਼ ਜਾਂ ਕਿਸਾਨ ਅੰਦੋਲਨ 'ਚ ਦੇਖਿਆ ਗਿਆ ਸੀ-ਜਿਨ੍ਹਾਂ ਨੂੰ ਪ੍ਰਧਾਨ ਮੰਤਰੀ ਨੇ 'ਅੰਦੋਲਨਜੀਵੀ' ਆਖ ਕੇ ਭੰਡਿਆ ਸੀ।

ਪਰ ਗੋਦੀ ਮੀਡੀਆ ਨੇ ਜਾਣ-ਬੁੱਝ ਕੇ ਇਹ ਸੱਚ ਛੁਪਾਉਣ ਦੀ ਕੋਸ਼ਿਸ਼ ਕੀਤੀ ਕਿ ਇਸ ਮੁਹਿੰਮ ਦੀ ਚੰਗਿਆੜੀ ਸੁਪਰੀਮ ਕੋਰਟ ਦੀ ਉਸ ਅਫ਼ਸੋਸਜਨਕ ਟਿੱਪਣੀ 'ਤੋਂ ਭੜਕੀ ਸੀ, ਜਿਸ 'ਚ ਵਿਦਿਆਰਥੀਆਂ ਦੇ ਰੋਸ ਨੂੰ ਵਿਅੰਗ ਨਾਲ 'ਕਾਕਰੋਚ' ਵਾਂਗ ਦੇਖਿਆ ਗਿਆ। ਨੀਟ ਪੇਪਰ ਲੀਕ ਦੇ ਧੱਕੇਸ਼ਾਹੀ ਭਰੇ ਫ਼ੈਸਲਿਆਂ ਨੇ ਨੌਜਵਾਨਾਂ ਦੇ ਮਨਾਂ 'ਚ ਗੁੱਸਾ ਭਰ ਦਿੱਤਾ। ਸੋਸ਼ਲ ਮੀਡੀਆ 'ਤੇ ਸ਼ੁਰੂ ਹੋਈ ਵਿਅੰਗਾਤਮਕ ਮੁਹਿੰਮ ਨੇ ਅਜਿਹਾ ਜਨ-ਅੰਦੋਲਨ ਖੜ੍ਹਾ ਕੀਤਾ, ਜਿਸ ਨੇ ਸਿਰਫ਼ 70 ਦਿਨਾਂ ਦੇ ਅੰਦਰ-ਅੰਦਰ ਕੇਂਦਰੀ ਸਿੱਖਿਆ ਮੰਤਰੀ ਨੂੰ ਕੁਰਸੀ ਛੱਡਣ ਲਈ ਮਜਬੂਰ ਕਰ ਦਿੱਤਾ।




ਇਸ ਅੰਦੋਲਨ ਦਾ ਕੋਈ ਪ੍ਰੰਪਰਾਗਤ ਸਿਆਸੀ ਰਹਿਬਰ ਨਹੀਂ ਸੀ, ਬਲਕਿ ਇੰਸਟਾਗ੍ਰਾਮ ਅਤੇ 'ਐਕਸ' ਵਰਗੇ ਡਿਜੀਟਲ ਪਲੇਟਫਾਰਮਾਂ 'ਤੇ ਬਣੇ ਨੈੱਟਵਰਕ ਨੇ ਇਸ ਦੀ ਨੀਂਹ ਰੱਖੀ। ਵਿਦਿਆਰਥੀਆਂ ਨੇ ਬੜੀ ਸੂਝ-ਬੂਝ ਨਾਲ ਸੋਸ਼ਲ ਮੀਡੀਆ 'ਤੇ 15-15 ਜਾਂ 30-30 ਸੈਕਿੰਡਾਂ ਦੀਆਂ ਛੋਟੀਆਂ-ਛੋਟੀਆਂ ਵੀਡੀਓਜ਼ ਪਾ ਕੇ ਆਪਣੇ ਅੰਦੋਲਨ ਨੂੰ ਇੰਨਾ ਮਜ਼ਬੂਤ ਕਰ ਦਿੱਤਾ ਕਿ ਇਸ ਦਾ ਸੁਨੇਹਾ ਦੇਸ਼ ਦੇ ਹਰ ਕੋਨੇ ਤੱਕ ਪਹੁੰਚ ਗਿਆ। ਬਿਨਾਂ ਕਿਸੇ ਵੱਡੇ ਦਾਅਵੇ ਜਾਂ ਫੋਕੀ ਬਿਆਨਬਾਜ਼ੀ ਦੇ, ਉਹ ਬਹੁਤ ਹੀ ਸੁਚੇਤ ਰੂਪ ਵਿਚ ਆਪਣੇ ਨਿਸ਼ਾਨੇ 'ਤੇ ਕੰਮ ਕਰਦੇ ਨਜ਼ਰ ਆਏ। ਉਨ੍ਹਾਂ ਨੇ ਆਪਣੇ ਆਪ ਨੂੰ ਸਿੱਖਿਆ ਦੇ ਖੇਤਰ 'ਚ ਹੋਈਆਂ ਧਾਂਦਲੀਆਂ ਅਤੇ ਇਸ ਨਾਲ ਜੁੜੇ ਬੇਰੋਜ਼ਗਾਰੀ ਦੇ ਗੰਭੀਰ ਮੁੱਦੇ ਤੱਕ ਹੀ ਕੇਂਦਰਿਤ ਰੱਖਿਆ।

ਇਹ ਆਵਾਜ਼ ਦਿੱਲੀ ਦੇ ਜੰਤਰ-ਮੰਤਰ ਤੋਂ ਹੁੰਦੀ ਹੋਈ ਦੇਸ਼ ਦੀਆਂ ਤਮਾਮ ਯੂਨੀਵਰਸਿਟੀਆਂ ਦੇ ਗਲਿਆਰਿਆਂ ਤੱਕ ਗੂੰਜ ਉਠੀ। ਇਸ ਮੁਹਿੰਮ ਨੇ ਜਿੱਥੇ ਗੋਦੀ ਮੀਡੀਆ ਦੇ ਪੱਖਪਾਤੀ ਚਿਹਰੇ ਨੂੰ ਬੇਨਕਾਬ ਕੀਤਾ, ਉੱਥੇ ਹੀ ਨੌਜਵਾਨਾਂ ਨੂੰ ਆਪਣੇ ਹੱਕਾਂ ਲਈ ਆਰ-ਪਾਰ ਦੀ ਲੜਾਈ ਲੜਨ ਦਾ ਰਾਹ ਵੀ ਦਿਖਾਇਆ।

ਇਹ ਸਮਝਣਾ ਜ਼ਰੂਰੀ ਹੈ ਕਿ ਇਹ ਲੜਾਈ ਸਿਰਫ਼ ਨੀਟ ਪ੍ਰੀਖਿਆ ਤੱਕ ਸੀਮਤ ਨਹੀਂ ਸੀ; ਇਹ ਖ਼ਰਾਬ ਪ੍ਰੀਖਿਆ ਪ੍ਰਣਾਲੀ, ਬੇਰੋਜ਼ਗਾਰੀ ਅਤੇ ਨੌਜਵਾਨਾਂ ਦੇ ਰੁਲਦੇ ਭਵਿੱਖ ਪ੍ਰਤੀ ਫੈਲੀ ਵਿਆਪਕ ਬੇਚੈਨੀ ਦਾ ਵਿਸਫ਼ੋਟ ਸੀ, ਜੋ ਇੱਕ ਕ੍ਰਾਂਤੀ ਵਿਚ ਬਦਲ ਗਿਆ।

ਜੇਕਰ ਇਤਿਹਾਸ 'ਤੇ ਝਾਤ ਮਾਰੀਏ ਤਾਂ ਵਿਦਿਆਰਥੀ ਅੰਦੋਲਨਾਂ ਨੇ ਹਮੇਸ਼ਾ ਦੇਸ਼ ਦੀ ਰਾਜਨੀਤੀ ਨੂੰ ਨਵੀਂ ਦਿਸ਼ਾ ਦਿੱਤੀ ਹੈ: 1906 ਵਿਚ ਡਾ. ਰਾਜੇਂਦਰ ਪ੍ਰਸਾਦ ਦੀ ਅਗਵਾਈ ਹੇਠ 'ਬਿਹਾਰੀ ਸਟੂਡੈਂਟਸ ਸੈਂਟਰਲ ਐਸੋਸੀਏਸ਼ਨ' ਨੇ ਆਜ਼ਾਦੀ ਸੰਗਰਾਮ 'ਚ ਅਹਿਮ ਭੂਮਿਕਾ ਨਿਭਾਈ। 11 ਅਗਸਤ 1942 ਨੂੰ ਪਟਨਾ ਵਿਧਾਨ ਸਭਾ 'ਤੇ ਝੰਡਾ ਲਹਿਰਾਉਂਦਿਆਂ 7 ਵਿਦਿਆਰਥੀ ਸ਼ਹੀਦ ਹੋਏ। 1955 ਵਿਚ ਬਿਹਾਰ 'ਚ ਬੱਸ ਕਿਰਾਇਆ ਵਾਧੇ ਵਿਰੁੱਧ ਹੋਏ ਵਿਦਿਆਰਥੀ ਅੰਦੋਲਨ ਕਾਰਨ ਮੰਤਰੀ ਨੂੰ ਅਸਤੀਫ਼ਾ ਦੇਣਾ ਪਿਆ ਸੀ। 1973-74 ਦਾ ਗੁਜਰਾਤ ਦਾ 'ਨਵਨਿਰਮਾਣ ਅੰਦੋਲਨ' ਵਿਦਿਆਰਥੀਆਂ ਦੀ ਤਾਕਤ ਸੀ, ਜਿਸ ਨੇ ਚਿਮਨਭਾਈ ਪਟੇਲ ਦੀ ਸਰਕਾਰ ਦਾ ਤਖ਼ਤਾ ਪਲਟ ਦਿੱਤਾ। 1974 ਦਾ ਇਤਿਹਾਸਕ 'ਜੇ.ਪੀ. ਅੰਦੋਲਨ' ਵੀ ਵਿਦਿਆਰਥੀਆਂ ਦੇ ਰੋਸ ਤੋਂ ਸ਼ੁਰੂ ਹੋਇਆ, ਜਿਸ ਦੇ ਸਿੱਟੇ ਵਜੋਂ ਦੇਸ਼ 'ਚ ਐਮਰਜੈਂਸੀ ਲੱਗੀ ਅਤੇ ਕਾਂਗਰਸ ਸੱਤਾ ਤੋਂ ਬਾਹਰ ਹੋਈ। 1979-1985 ਤੱਕ ਅਸਾਮ ਦੇ ਵਿਦਿਆਰਥੀ ਅੰਦੋਲਨ ਨੇ ਕੇਂਦਰ ਸਰਕਾਰ ਨੂੰ 'ਅਸਾਮ ਸਮਝੌਤਾ' ਕਰਨ ਲਈ ਮਜਬੂਰ ਕੀਤਾ। 1990 ਦਾ ਮੰਡਲ ਕਮਿਸ਼ਨ

***(ਬਾਕੀ ਅਗਲੇ ਸਫੇ 'ਤੇ)***

## ਕਾਕਰੋਚ ਲੋਕਤੰਤਰ: ਨਿਹੱਥਾ ਅਤੇ ਖ਼ਤਰਨਾਕ

***(ਪਿਛਲੇ ਸਫੇ ਦਾ ਬਾਕੀ)***

ਅਸਲੀ ਰੂਪ 'ਚ ਬੇਨਕਾਬ ਹੋ ਰਿਹਾ ਹੈ। ਇੱਕ ਝਾਂਸਾ। ਗੁੰਡਿਆਂ ਵੱਲੋਂ ਸੰਚਾਲਿਤ ਅਣਕਿਆਸੇ ਲਾਭ ਦੀ ਦੌੜ। ਅਯੁੱਧਿਆ ਵਿਚ ਰਾਮ ਮੰਦਰ ਦੀ ਲੁੱਟ ਨੇ ਸਾਨੂੰ ਇੱਕ ਮਾੜੀ ਬਾਲੀਵੁੱਡ ਸਕ੍ਰਿਪਟ ਦਿੱਤੀ ਹੈ, ਜੋ ਸਾਡੀਆਂ ਅੱਖਾਂ ਸਾਹਮਣੇ ਖੇਡੀ ਜਾ ਰਹੀ ਹੈ: ਆਕਰਸ਼ਕ ਭਗਵਾਨ ਅਤੇ ਭ੍ਰਿਸ਼ਟ ਰਾਜਨੇਤਾ ਹੋਟਲ ਬਣਾ ਰਹੇ ਹਨ, ਜਾਇਦਾਦਾਂ ਇਕੱਠੀਆਂ ਕਰ ਰਹੇ ਹਨ, ਐਸ.ਯੂ.ਵੀ. ਗੱਡੀਆਂ ਵਿਚ ਘੁੰਮ ਰਹੇ ਹਨ ਅਤੇ ਗਰੀਬ ਤੇ ਭੋਲੇ-ਭਾਲੇ ਲੋਕਾਂ ਦੇ ਵਿਸ਼ਵਾਸ ਉੱਪਰ ਗੋਗੜਾਂ ਵਧਾ ਰਹੇ ਹਨ। ਭ੍ਰਿਸ਼ਟਾਚਾਰ ਅਤੇ ਦਿਨ-ਦਿਹਾੜੇ ਲੁੱਟ ਦਾ ਜਾਲ ਉੱਪਰ ਤੱਕ ਫੈਲਿਆ ਹੋਇਆ ਹੈ।

ਕੀ ਕਾਕਰੋਚਾਂ ਦੀ ਤਾਕਤ ਸਾਨੂੰ ਇਸ ਖੱਡ ਵਿਚੋਂ ਬਾਹਰ ਕੱਢ ਸਕਦੀ ਹੈ? ਇਹ ਸੌਖਾ ਨਹੀਂ ਹੈ। ਭਾਰਤ ਵਿਚ ਜਨ-ਅੰਦੋਲਨਾਂ ਦੇ ਨਤੀਜਿਆਂ ਉੱਤੇ ਤੇਜ਼ੀ ਨਾਲ ਨਜ਼ਰ ਮਾਰਿਆਂ ਸਥਿਤੀ ਉਤਸ਼ਾਹਜਨਕ ਨਹੀਂ ਹੈ। ਇਹ ਸੁੰਗੜਦੀਆਂ ਮਹੱਤਵ ਆਕਾਖਿਆਵਾਂ ਅਤੇ ਟੁੱਟੇ ਹੋਏ ਸੁਪਨਿਆਂ ਦਾ ਸੰਖੇਪ ਇਤਿਹਾਸ ਹੈ। ਸੱਠ ਅਤੇ ਸੱਤਰ ਦੇ ਦਹਾਕਿਆਂ ਵਿਚ ਵੱਖ-ਵੱਖ ਅੰਦੋਲਨਾਂ ਨੇ—ਜਿਨ੍ਹਾਂ ਵਿਚ ਨਕਸਲੀਆਂ ਦਾ ਹਥਿਆਰਬੰਦ ਵਿਦਰੋਹ ਵੀ ਸ਼ਾਮਲ ਸੀ—ਦੌਲਤ ਅਤੇ ਜ਼ਮੀਨ ਦੀ ਮੁੜ ਵੰਡ ਦੀ ਮੰਗ ਕੀਤੀ, ਅਤੇ ਕਿਹਾ ਕਿ ਜ਼ਮੀਨ ਉਸ ਦੀ ਹੋਵੇ ਜੋ ਉਸ ਨੂੰ ਵਾਹੁੰਦਾ ਹੈ। ਉਨ੍ਹਾਂ ਨੂੰ ਕੁਚਲ ਦਿੱਤਾ ਗਿਆ। ਅੱਸੀ ਅਤੇ ਨੱਬੇ ਦੇ ਦਹਾਕਿਆਂ ਵਿਚ ਸਮਾਜਿਕ ਅੰਦੋਲਨਾਂ, ਖ਼ਾਸ ਕਰਕੇ 'ਨਰਮਦਾ ਬਚਾਓ ਅੰਦੋਲਨ' ਅਤੇ ਬਾਅਦ ਵਿਚ ਆਂਧਰਾ ਪ੍ਰਦੇਸ਼, ਛੱਤੀਸਗੜ੍ਹ ਅਤੇ ਝਾਰਖੰਡ ਵਿਚ ਮਾਓਵਾਦੀਆਂ ਨੇ ਕਿਸਾਨਾਂ ਅਤੇ ਆਦਿਵਾਸੀ ਲੋਕਾਂ ਨੂੰ ਉਨ੍ਹਾਂ ਦੀ ਜ਼ਮੀਨ ਤੋਂ ਉਜਾੜੇ ਜਾਣ ਦੇ ਵਿਰੁੱਧ ਲੜਾਈ ਲੜੀ। ਦੂਜੇ ਸ਼ਬਦਾਂ ਵਿਚ, ਉਹ ਮੰਗ ਕਰ ਰਹੇ ਸਨ ਕਿ ਗਰੀਬਾਂ ਕੋਲ ਜੋ ਕੁਝ ਬਚਿਆ ਹੈ, ਉਹ ਨਾ ਖੋਹਿਆ ਜਾਵੇ। ਉਨ੍ਹਾਂ ਨੂੰ ਵੀ ਕੁਚਲ ਦਿੱਤਾ ਗਿਆ। 2000 ਦੇ ਦਹਾਕੇ ਤੱਕ ਉਹ ਨੈਸ਼ਨਲ ਰੂਰਲ ਐਮਪਲਾਇਮੈਂਟ ਗਾਰੰਟੀ ਐਕਟ—ਨਰੇਗਾ—ਦੇ ਸ਼ੁਕਰਗੁਜ਼ਾਰ ਰਹਿਣ ਤੱਕ ਸੀਮਿਤ ਹੋ ਗਏ। ਘੱਟੋ-ਘੱਟ ਮਜ਼ਦੂਰੀ ਦੇ ਆਧਾਰ 'ਤੇ ਸਾਲ ਵਿਚ ਤਿੰਨ ਮਹੀਨਿਆਂ ਦੇ ਰੁਜ਼ਗਾਰ ਦਾ ਹੱਕ—ਇੱਕ ਅਜਿਹੀ ਰਕਮ, ਜੋ ਕਿਸੇ ਸ਼ਹਿਰ ਦੇ ਮਹਿੰਗੇ ਰੈਸਤਰਾਂ ਵਿਚ ਇੱਕ ਵਧੀਆ ਖਾਣੇ ਦੇ ਮੁੱਲ ਦੇ ਬਰਾਬਰ ਹੈ। ਉਸ ਨੂੰ ਵੀ ਇਸ ਸ਼ਾਸਨ ਵੱਲੋਂ ਖ਼ਤਮ ਕਰ ਦਿੱਤਾ ਗਿਆ ਹੈ, ਅਤੇ ਉਸ ਦੀ ਥਾਂ ਜੀਉਂਦੇ ਰਹਿਣ ਜਿੰਨਾ ਰਾਸ਼ਨ—ਮੋਦੀ ਦੀ ਫੋਟੋ ਵਾਲੀਆਂ ਸਹੂਲਤਾਂ ਦੀਆਂ ਥੈਲੀਆਂ—ਲੋਕਾਂ ਵੱਲ ਤਿਰਸਕਾਰ ਨਾਲ ਸੁੱਟੀਆਂ ਗਈਆਂ ਹਨ, ਜਿਵੇਂ ਚੱਲਦੀ ਕਾਰ ਵਿਚੋਂ ਭਿਖਾਰੀਆਂ ਵੱਲ ਭੀਖ ਸੁੱਟੀ ਜਾਂਦੀ ਹੈ, ਬਦਲੇ ਵਿਚ ਸ਼ੁਕਰਾਨੇ ਅਤੇ ਵੋਟਾਂ ਲਈ। ਜਿਵੇਂ-ਜਿਵੇਂ ਆਰਥਿਕਤਾ ਲੜਖੜਾ ਰਹੀ ਹੈ, ਇਹ ਵੀ ਸੰਕਟ ਵਿਚ ਹੈ।





ਅੱਜ, 2026 ਵਿਚ, ਅਸੀਂ ਆਪਣੇ ਵੋਟ ਪਾਉਣ ਦੇ ਆਪਣੇ ਅਧਿਕਾਰ ਅਤੇ ਆਪਣੀ ਨਾਗਰਿਕਤਾ ਲਈ ਲੜਨ ਤੱਕ ਸੀਮਿਤ ਹੋ ਗਏ ਹਾਂ। ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ.) ਨੈਸ਼ਨਲ ਰਜਿਸਟਰ ਆਫ਼ ਸਿਟੀਜ਼ਨਜ਼ (ਐਨ.ਆਰ.ਸੀ.) ਦੇ ਨਾਲ ਮਿਲ ਕੇ ਨਾਜ਼ੀ ਜਰਮਨੀ ਦੇ 1935 ਦੇ ਨਿਊਰਨਬਰਗ ਕਾਨੂੰਨਾਂ ਦਾ ਹਿੰਦੂ ਰਾਸ਼ਟਰ ਐਡੀਸ਼ਨ ਹੈ, ਜਿਨ੍ਹਾਂ ਰਾਹੀਂ ਤੀਜੀ ਰਾਈਖ (ਨਾਜ਼ੀ ਪਾਰਲੀਮੈਂਟ) ਨੇ ਜਰਮਨ ਨਾਗਰਿਕਾਂ ਨੂੰ ਉਨ੍ਹਾਂ ਦੇ 'ਵਿਰਾਸਤੀ ਕਾਗਜ਼ਾਂ' ਦੇ ਆਧਾਰ ਉੱਤੇ ਨਾਗਰਿਕਤਾ ਦਿੱਤੀ ਸੀ। ਭਾਰਤ ਵਿਚ ਕਿੰਨੇ ਲੋਕਾਂ ਕੋਲ ਇਹ ਕਾਗਜ਼ ਹਨ? ਸੀ.ਏ.ਏ.-ਐਨ.ਆਰ.ਸੀ. ਵਿਰੋਧੀ ਅੰਦੋਲਨ ਵੱਡੇ ਪੱਧਰ ਦੇ ਵਿਰੋਧ ਪ੍ਰਦਰਸ਼ਨਾਂ ਕਾਰਨ ਪ੍ਰਦਰਸ਼ਨਕਾਰੀਆਂ ਦੇ ਕਤਲਾਂ ਅਤੇ ਕਾਰਕੁਨਾਂ ਨੂੰ ਜੇਲ੍ਹਾਂ ਵਿਚ ਡੱਕੇ ਜਾਣ ਤੋਂ ਬਾਅਦ ਮੱਠਾ ਪੈ ਗਿਆ। ਪਰ ਵਿਰੋਧ ਪ੍ਰਦਰਸ਼ਨਾਂ ਦੇ ਕਾਰਨ ਸਰਕਾਰ ਨੂੰ ਇਨ੍ਹਾਂ ਨਵੇਂ ਕਾਨੂੰਨਾਂ ਨੂੰ ਲਾਗੂ ਕਰਨ ਦੀ ਰਫ਼ਤਾਰ ਹੌਲੀ ਕਰਨੀ ਪਈ। ਪਰ ਹੁਣ ਸੀ.ਏ.ਏ.-ਐਨ.ਆਰ.ਸੀ., ਜਿਸ ਬਾਰੇ ਬਹੁਤ ਸਾਰੇ ਲੋਕ ਠੀਕ ਸਮਝਦੇ ਸਨ ਕਿ ਇਹ ਮੁੱਖ ਤੌਰ ਉੱਤੇ ਮੁਸਲਮਾਨਾਂ ਵਿਰੁੱਧ ਹੈ, ਚੋਣ ਸੂਚੀਆਂ ਦੀ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐਸ.ਆਈ.ਆਰ.) ਭਾਵ ਵੋਟਰ ਸੂਚੀਆਂ ਦੀ ਬਾਰੀਕੀ ਨਾਲ ਸੋਧ ਦੇ ਰੂਪ ਵਿਚ ਭੇਸ ਬਦਲ ਕੇ ਵਾਪਸ ਆ ਗਿਆ ਹੈ। ਸਾਨੂੰ ਬਿਨਾਂ ਕਿਸੇ ਰਸਮੀ ਕਾਰਵਾਈ ਦੇ ਦੱਸ ਦਿੱਤਾ ਗਿਆ ਹੈ ਕਿ ਸਾਡੇ ਪਾਸਪੋਰਟ ਵੀ ਨਾਗਰਿਕਤਾ ਦਾ ਸਬੂਤ ਨਹੀਂ ਹਨ। ਲੱਖਾਂ ਲੋਕਾਂ ਨੂੰ ਵੋਟਰ ਸੂਚੀਆਂ ਵਿਚੋਂ ਹਟਾਇਆ ਜਾ ਰਿਹਾ ਹੈ। ਪੂਰਾ ਮੁਲਕ ਘਬਰਾ ਕੇ 'ਵਿਰਾਸਤੀ ਕਾਗਜ਼' ਲੱਭ ਰਿਹਾ ਹੈ। ਸਾਨੂੰ ਨਹੀਂ ਪਤਾ ਕਿ ਅਸੀਂ ਕਿੱਥੇ ਖੜ੍ਹੇ ਹਾਂ। ਕੀ ਅਸੀਂ ਕਾਨੂੰਨੀ ਹਾਂ? ਗੈਰਕਾਨੂੰਨੀ? ਕੀ ਸਾਡੇ ਕੋਲ ਹੱਕ ਹਨ? ਸਾਡੇ ਵਿਚੋਂ ਕੌਣ 'ਸ਼ੱਕੀ ਨਾਗਰਿਕਾਂ' ਲਈ ਬਣਾਏ ਜਾ ਰਹੇ ਵਿਸ਼ਾਲ ਨਜ਼ਰਬੰਦੀ ਕੇਂਦਰਾਂ ਵਿਚ ਹੋਵੇਗਾ? ਕੀ ਅਸੀਂ ਆਪਣੇ ਦਿਨ ਇੱਕ ਟ੍ਰਿਬਿਊਨਲ ਤੋਂ ਦੂਜੇ ਟ੍ਰਿਬਿਊਨਲ ਤੱਕ ਦੌੜਦਿਆਂ ਗੁਜ਼ਾਰਾਂਗੇ? ਫ਼ਾਸ਼ੀਵਾਦੀਆਂ ਨੂੰ ਅਫ਼ਰਾ-ਤਫ਼ਰੀ ਅਤੇ ਭਰਮ ਪਸੰਦ ਹੁੰਦੇ ਹਨ।

ਸਾਡੀ ਘਬਰਾਹਟ ਅਤੇ ਪੀੜ ਸਾਨੂੰ ਕਾਕਰੋਚ ਵਿਦਰੋਹ ਉੱਤੇ ਬਹੁਤ ਜ਼ਿਆਦਾ ਉਮੀਦ ਰੱਖਣ ਲਈ ਪ੍ਰੇਰਿਤ ਕਰ ਸਕਦੀ ਹੈ। ਕੁਝ ਲੋਕਾਂ ਨੇ ਇਸ ਦੀ ਤੁਲਨਾ ਉਸ ਨੌਜਵਾਨ ਵਿਦਰੋਹ ਨਾਲ ਕੀਤੀ ਹੈ ਜਿਸ ਕਾਰਨ ਬੰਗਲਾਦੇਸ਼, ਨੇਪਾਲ ਅਤੇ ਸ੍ਰੀਲੰਕਾ ਵਿਚ ਹਕੂਮਤੀ ਬਦਲਾਅ ਹੋਏ। ਪਰ ਭਾਰਤ ਇੰਨਾ ਵਿਸ਼ਾਲ ਮੁਲਕ ਹੈ ਕਿ ਅਜਿਹਾ ਹੋ ਸਕਣਾ ਸੌਖਾ ਨਹੀਂ ਹੈ। ਹੋਰ ਲੋਕ ਇਸ ਦੀ ਤੁਲਨਾ ਜੈਪ੍ਰਕਾਸ਼ ਨਰੈਣ ਦੀ ਅਗਵਾਈ ਵਾਲੇ ਅੰਦੋਲਨ ਨਾਲ ਕਰਦੇ ਹਨ, ਜਿਸ ਨੇ 1977 ਵਿਚ ਇੰਦਰਾ ਗਾਂਧੀ ਦਾ ਤਖ਼ਤ ਪਲਟ ਦਿੱਤਾ ਸੀ। ਇਹ ਤੁਲਨਾਵਾਂ ਮਦਦਗਾਰ ਨਹੀਂ ਹਨ। ਕਾਕਰੋਚ ਜਨਤਾ ਪਾਰਟੀ ਇਨ੍ਹਾਂ ਵਿਚੋਂ ਕੋਈ ਵੀ ਨਹੀਂ ਹੈ। ਇਹ ਆਪਣੇ ਆਪ ਵਿਚ ਇੱਕ ਅਨੋਖੀ ਚੀਜ਼ ਹੈ। ਆਪਣੇ ਸਮੇਂ ਦੀ ਇੱਕ ਅਨੋਖੀ ਪੈਦਾਇਸ਼। ਇਹ ਕਮਜ਼ੋਰ ਨੌਜਵਾਨ ਹਨ, ਜੋ ਕਰੂਰ, ਬਦਲੇਖੋਰ ਸਰਕਾਰ ਦੇ ਵਿਰੁੱਧ ਖੜ੍ਹੇ ਹਨ, ਜਿਸ ਨੇ ਖ਼ੁਦ ਨੂੰ ਆਪਣੇ ਵਿਰੋਧੀਆਂ ਪ੍ਰਤੀ ਕਰੂਰ ਸਾਬਤ ਕੀਤਾ ਹੈ। ਬਦਲਾ ਯਕੀਨਨ ਹੀ ਯੋਜਨਾਬੱਧ ਕੀਤਾ ਜਾ ਰਿਹਾ ਹੋਵੇਗਾ ਅਤੇ ਉਨ੍ਹਾਂ ਲੋਕਾਂ ਉੱਤੇ ਥੋਪਿਆ ਜਾਵੇਗਾ, ਜਿਨ੍ਹਾਂ ਨੂੰ ਉਹ ਮੁੱਖ ਉਕਸਾਉਣ ਵਾਲੇ ਮੰਨਦੀ ਹੈ।

ਇੱਕ ਸ਼ਾਸਨ, ਜੋ ਸਾਫ਼ ਤੌਰ ਉੱਤੇ ਬਹੁਤ ਬਦਨਾਮ ਹੁੰਦਾ ਜਾ ਰਿਹਾ ਹੈ, ਖ਼ੁਦ ਨੂੰ ਵੋਟ ਪਾਉਣ ਵਾਲੇ ਲੋਕਾਂ ਨੂੰ ਕੋਈ ਰਿਆਇਤ ਨਾ ਦੇਣ ਦਾ ਆਤਮਵਿਸ਼ਵਾਸ ਕਿੱਥੋਂ ਲਿਆਉਂਦਾ ਹੈ? ਸ਼ਾਇਦ ਇਸ ਲਈ ਕਿ ਉਸ ਨੂੰ ਲੱਗਦਾ ਹੈ ਕਿ ਉਸ ਨੇ ਚੁਣਾਵੀ ਕਾਰੋਬਾਰ ਵਿਚ ਸਫ਼ਲਤਾਪੂਰਵਕ ਹੇਰਾਫੇਰੀ ਕਰ ਲਈ ਹੈ। ਉਸ ਨੇ ਪੂਰੀ ਮਸ਼ੀਨਰੀ ਉੱਤੇ ਕਬਜ਼ਾ ਕਰ ਲਿਆ ਹੈ। ਚੋਣ ਕਮਿਸ਼ਨ ਆਪਣੀ ਬਣਤਰ ਵਿਚ ਹੀ ਦੋਸ਼ਪੂਰਨ ਹੈ ਅਤੇ ਹੁਣ ਉਸ ਤੋਂ ਨਿਰਪੱਖ ਹੋਣ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਈ.ਵੀ.ਐਮ. ਨਾਲ ਛੇੜਛਾੜ ਕੀਤੀ ਗਈ ਹੈ, ਵੋਟਰ ਸੂਚੀਆਂ ਵਿਚ ਲੱਖਾਂ ਅਸਲੀ ਲੋਕਾਂ ਨੂੰ ਸ਼ਾਮਲ ਨਹੀਂ ਕੀਤਾ ਗਿਆ ਅਤੇ ਲੱਖਾਂ ਕਾਲਪਨਿਕ ਨਾਮ ਸ਼ਾਮਲ ਕਰ ਦਿੱਤੇ ਗਏ ਹਨ। ਚੋਣਾਂ ਦੀ ਨਿਗਰਾਨੀ ਕਰਨ ਵਾਲੀ ਨੌਕਰਸ਼ਾਹੀ ਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਮਿਲੀਭੁਗਤ ਵਾਲੀ ਸਾਬਤ ਕੀਤਾ ਹੈ। ਅਦਾਲਤਾਂ ਉੱਤੇ ਗੰਭੀਰ ਬੇਨਿਯਮੀਆਂ ਵਿਚ ਦੇਰੀ ਕਰਨ ਜਾਂ ਉਨ੍ਹਾਂ ਤੋਂ ਅੱਖਾਂ ਮੀਟ ਲੈਣ ਲਈ ਭਰੋਸਾ ਕੀਤਾ ਜਾ ਸਕਦਾ ਹੈ। ਪੁਲਿਸ ਨੂੰ ਨਿਰਪੱਖਤਾ ਬਾਰੇ ਕੋਈ ਪਤਾ ਹੀ ਨਹੀਂ ਹੈ। ਜਦੋਂ ਸੱਤਾ ਵਿਚ ਬੈਠਾ ਕੋਈ ਵਿਅਕਤੀ ਆਪਣੀਆਂ ਉਂਗਲੀਆਂ ਖੜਕਾਉਂਦਾ ਹੈ ਤਾਂ ਪ੍ਰੈੱਸ ਹਰ ਵਾਰ ਝੁਕ ਜਾਂਦੀ ਹੈ। ਚੋਣ ਹਲਕਿਆਂ ਦੀ ਮੁੜ ਹੱਦਬੰਦੀ ਇਹ ਯਕੀਨੀ ਬਣਾਉਣ ਲਈ ਇਸ ਤਰ੍ਹਾਂ ਕੀਤੀ ਜਾ ਰਹੀ ਹੈ ਕਿ ਇਹ ਹਮੇਸ਼ਾ ਭਾਜਪਾ ਦੇ ਹੱਕ ਵਿਚ ਰਹੇ। ਸੱਤਾਧਾਰੀ ਪਾਰਟੀ ਨੂੰ ਕਿਸ ਗੱਲ ਦਾ ਡਰ ਹੋਣਾ ਚਾਹੀਦਾ ਹੈ? ਉਸ ਨੂੰ ਕਿਸੇ ਦੀ ਗੱਲ ਕਿਉਂ ਸੁਣਨੀ ਚਾਹੀਦੀ ਹੈ? ਇਹ ਧਰਤੀ ਦੀ ਸਭ ਤੋਂ ਧਨਾਢ ਰਾਜਨੀਤਿਕ ਪਾਰਟੀ ਹੈ, ਜਿਸ ਨੂੰ ਦੁਨੀਆ ਦੇ ਸਭ ਤੋਂ ਅਮੀਰ ਉਦਯੋਗਪਤੀਆਂ ਦੀ ਹਮਾਇਤ ਹਾਸਲ ਹੈ। ਇਹ ਕੁਝ ਵੀ ਖ਼ਰੀਦ ਸਕਦੀ ਹੈ। ਅਤੇ ਕਿਸੇ ਨੂੰ ਵੀ। ਜਾਂ ਘੱਟੋ-ਘੱਟ ਇਸ ਨੂੰ ਇਹੀ ਯਕੀਨ ਹੈ।

ਪਰ ਕੀ ਇਹ ਖੇਡ ਹਮੇਸ਼ਾ ਚੱਲ ਸਕਦੀ ਹੈ? ਕੀ ਸਾਰੇ ਲੋਕਾਂ ਨੂੰ ਹਰ ਵਕਤ ਬੇਵਕੂਫ਼ ਬਣਾਇਆ ਜਾ ਸਕਦਾ ਹੈ? ਕੀ ਡੇਢ ਅਰਬ ਦੀ ਆਬਾਦੀ ਵਾਲੇ ਮੁਲਕ ਨੂੰ ਹਮੇਸ਼ਾ ਲਈ ਲਾਸ਼ ਵਾਂਗ ਘਸੀਟਿਆ ਜਾ ਸਕਦਾ ਹੈ? ਨਹੀਂ, ਇਹ ਨਹੀਂ ਹੋ ਸਕਦਾ। ਕਾਕਰੋਚ ਬਾਹਰ ਆ ਗਏ ਹਨ। ਕਿਸਾਨ ਇੱਕ ਵਾਰ ਫਿਰ ਦਿੱਲੀ ਵੱਲ ਮਾਰਚ ਕਰਨ ਲੱਗ ਪਏ ਹਨ, ਇਸ ਵਾਰ ਭਾਰਤ-ਅਮਰੀਕਾ ਵਪਾਰ ਸਮਝੌਤੇ ਦਾ ਵਿਰੋਧ ਕਰਨ ਲਈ—ਮੌਤ ਦੀ ਸਜ਼ਾ, ਜਿਸ ਉੱਤੇ ਭਾਰਤ ਸਰਕਾਰ ਨੇ ਉਨ੍ਹਾਂ ਦੇ ਵੱਲੋਂ ਗ਼ੁਲਾਮੀ ਭਰੇ ਢੰਗ ਨਾਲ ਦਸਤਖ਼ਤ ਕਰਨ ਲਈ ਸਹਿਮਤੀ ਦਿੱਤੀ ਹੈ। ਸ਼ਹਿਰ ਦੀਆਂ ਹੱਦਾਂ ਸੀਲ ਕਰ ਦਿੱਤੀਆਂ ਗਈਆਂ ਹਨ, ਪਰ ਇਸ ਨਾਲ ਉਨ੍ਹਾਂ ਨੂੰ ਰੋਕ ਲਏ ਜਾਣ ਦੀ ਸੰਭਾਵਨਾ ਨਹੀਂ ਹੈ। ਸ਼ਾਇਦ ਅਸੀਂ ਬਾਕੀ ਲੋਕ ਆਪਣੇ ਕਿਸਾਨਾਂ ਅਤੇ ਆਪਣੇ ਕਾਕਰੋਚਾਂ ਤੋਂ ਸਬਕ ਸਿੱਖ ਸਕਦੇ ਹਾਂ ਕਿ ਥੋੜ੍ਹੇ ਖ਼ਤਰਨਾਕ ਕਿਵੇਂ ਬਣਿਆ ਜਾਵੇ। ਨੌਜਵਾਨਾਂ ਨੇ ਸਾਨੂੰ ਇੱਕ ਤੋਹਫ਼ਾ ਦਿੱਤਾ ਹੈ। ਇਹ ਸਾਡੇ ਸਾਰਿਆਂ ਉੱਤੇ, ਸਾਡੇ ਵਿਚੋਂ ਹਰੇਕ ਉੱਤੇ ਨਿਰਭਰ ਕਰਦਾ ਹੈ ਕਿ ਉਨ੍ਹਾਂ ਨੇ ਜੋ ਕੀਤਾ ਹੈ, ਉਸ ਨੂੰ ਸਾਰਥਕ ਬਣਾਈਏ।

ਇੱਕ ਵਾਰ ਜਦੋਂ ਕੋਈ ਪ੍ਰਧਾਨ ਮੰਤਰੀ ਸਰੀਰਕ ਤੌਰ ਉੱਤੇ ਭੱਜ ਜਾਂਦਾ ਹੈ, ਤਾਂ ਦੇਰ ਨਹੀਂ ਲੱਗਦੀ ਕਿ ਉਸ ਨੂੰ ਰਾਜਨੀਤਿਕ ਤੌਰ ਉੱਤੇ ਵੀ ਭੱਜਣਾ ਪਵੇ।

ਪਰ ਇਹ ਸ਼ਾਸਨ ਆਸਾਨੀ ਨਾਲ ਨਹੀਂ ਜਾਵੇਗਾ। ਇਹ ਰਾਜਧਾਨੀ ਦੀਆਂ ਸੜਕਾਂ ਉੱਤੇ ਅਪਮਾਨਿਤ ਹੋਣਾ ਬਰਦਾਸ਼ਤ ਨਹੀਂ ਕਰੇਗਾ। ਸਾਨੂੰ ਖ਼ੂਨ-ਖਰਾਬਾ ਦੇਖਣ ਨੂੰ ਮਿਲ ਸਕਦਾ ਹੈ। ਨੌਜਵਾਨਾਂ ਦਾ ਮਿਜ਼ਾਜ ਤਿੱਖਾ ਹੋ ਰਿਹਾ ਹੈ। ਇਸ ਉਤੇਜਿਤ ਅਤੇ ਉਤਸ਼ਾਹੀ ਭੀੜ ਵਿਚ ਕਿਸੇ ਦਾ ਸਬਰ ਕਦੋਂ ਟੁੱਟ ਜਾਵੇਗਾ ਅਤੇ ਪੁਲਿਸ ਨੂੰ ਗੋਲੀ ਚਲਾਉਣ ਦਾ ਬਹਾਨਾ ਦੇ ਦੇਵੇਗਾ? ਉਹ ਸਾਨੂੰ ਤੋੜਨ ਲਈ ਹਰ ਸੰਭਵ ਯਤਨ ਕਰਨਗੇ। ਸਾਨੂੰ ਉਨ੍ਹਾਂ ਨੂੰ ਰੋਕਣ ਲਈ ਹਰ ਸੰਭਵ ਯਤਨ ਕਰਨਾ ਚਾਹੀਦਾ ਹੈ। **(ਦੀ ਵਾਇਰ ਦੇ ਧੰਨਵਾਦ, 22 ਜੁਲਾਈ 2026)**

# ਭਾਰਤ ਦੇ ਚੀਫ਼ ਜਸਟਿਸ ਨੂੰ ਵਿਰੋਧੀ ਪਾਰਟੀਆਂ ਦਾ ਖ਼ਤ

***ਆਦਰਯੋਗ ਚੀਫ਼ ਜਸਟਿਸ ਸਾਹਿਬ,***

ਆਮ ਹਾਲਾਤਾਂ ਵਿਚ ਅਸੀ ਤੁਹਾਨੂੰ ਇਹ ਪੱਤਰ ਨਾ ਲਿਖਦੇ। ਪਰ ਇਹ ਵੇਖਦੇ ਹੋਏ ਕਿ ਸਾਡਾ ਲੋਕਤੰਤਰ ਖ਼ਤਰੇ ਵਿਚ ਹੈ, ਅਸੀਂ ਇਹ ਅਸਾਧਾਰਣ ਰਸਤਾ ਚੁਣਿਆ ਹੈ।

ਲੋਕਤੰਤਰ ਤਦ ਹੀ ਕਾਇਮ ਰਹਿ ਸਕਦਾ ਹੈ, ਜਦੋਂ ਉਹ ਮਿਲ-ਜੁਲ ਕੇ ਕੰਮ ਕਰਨ ਦੀ ਪ੍ਰਕਿਰਿਆ ਵਿਚ ਹੋਵੇ। ਤਦ ਹੀ ਸਾਡਾ ਦੇਸ਼ ਗੌਰਵ ਦੀ ਆਪਣੀ ਹੋਣੀ ਨੂੰ ਪ੍ਰਾਪਤ ਕਰ ਸਕੇਗਾ।

ਸੰਸਦ, ਜੋ ਲੋਕਤੰਤਰ ਦਾ ਇੱਕ ਅਹਿਮ ਥੰਮ੍ਹ ਹੈ, ਕਾਨੂੰਨ ਬਣਾਉਂਦੀ ਹੈ। ਇਨ੍ਹਾਂ ਕਾਨੂੰਨਾਂ ਦੀ ਸੰਵਿਧਾਨਕ ਵੈਧਤਾ ਦੀ ਪਰਖ ਲੋਕਤੰਤਰ ਦੇ ਸ਼ਾਇਦ ਸਭ ਤੋਂ ਮਹੱਤਵਪੂਰਨ ਥੰਮ੍ਹ ਸਾਡੀ ਨਿਆਂਪਾਲਿਕਾ ਦੁਆਰਾ ਕੀਤੀ ਜਾਂਦੀ ਹੈ। ਇਸ ਦੇ ਬਾਅਦ ਮੀਡੀਆ ਦੀ ਭੂਮਿਕਾ ਆਉਂਦੀ ਹੈ, ਜੋ ਜ਼ਮੀਨੀ ਪੱਧਰ 'ਤੇ ਇਨ੍ਹਾਂ ਕਾਨੂੰਨਾਂ ਦੇ ਸਵਰੂਪ ਅਤੇ ਉਨ੍ਹਾਂ ਦੇ ਅਸਰ 'ਤੇ ਸਵਾਲ ਉਠਾਉਂਦਾ ਹੈ। ਮੁੜ ਇਸ ਨਾਲ ਇੱਕ ਸਹਿਯੋਗੀ ਜਮਹੂਰੀ ਪ੍ਰਕਿਰਿਆ ਦਾ ਰਸਤਾ ਖੁੱਲ੍ਹਦਾ ਹੈ।

ਕਾਰਜਪਾਲਿਕਾ ਦੀ ਇਹ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਇਨ੍ਹਾਂ ਕਾਨੂੰਨਾਂ ਨੂੰ ਉਨ੍ਹਾਂ ਦੀ ਅਸਲ ਭਾਵਨਾ ਦੇ ਅਨੁਰੂਪ ਲਾਗੂ ਕਰੇ।

ਇਨ੍ਹਾਂ ਸੰਸਥਾਵਾਂ ਨੂੰ ਜੀਵੰਤ ਬਣਾਉਣ ਵਾਲਾ ਕਦਮ ਹੈ ਬਾਲਗ ਦੇ ਵੋਟ ਦੇਣ ਦੇ ਅਧਾਰ 'ਤੇ ਚੋਣ ਕਰਨਾ, ਜੋ ਸੰਵਿਧਾਨਕ ਰੂਪ ਵਿਚ ਸੁਤੰਤਰ ਅਤੇ ਨਿਰਪੱਖ ਹੋਣਾ ਚਾਹੀਦਾ ਹੈ। ਇਸ ਬੁਨਿਆਦੀ ਸਿਧਾਂਤ ਦਾ ਮਕਸਦ ਇਹ ਸੁਨਿਸ਼ਚਿਤ ਕਰਨਾ ਹੈ ਕਿ ਕੇਂਦਰ ਜਾਂ ਰਾਜਾਂ ਵਿਚ ਸਰਕਾਰ ਬਣਾਉਣ ਲਈ ਚੋਣ ਦੇ ਨਤੀਜੇ ਲੋਕਾਂ ਦੀ ਸੱਚੀ ਇੱਛਾ ਨੂੰ ਜ਼ਾਹਿਰ ਕਰਨ। ਜਦੋਂ ਇਹ ਪ੍ਰਕਿਰਿਆ ਇਸ ਜਾਂ ਉਸ ਵਜ੍ਹਾ ਨਾਲ ਦੂਸ਼ਿਤ ਹੋ ਜਾਂਦੀ ਹੈ, ਤਾਂ ਨਤੀਜੇ 'ਤੇ ਸੰਦੇਹ ਪੈਦਾ ਹੁੰਦਾ ਹੈ। ਲੋਕਾਂ ਦੀ ਭਾਵਨਾ ਇਸ ਧੋਖੇ ਦਾ ਸ਼ਿਕਾਰ ਹੋ ਜਾਂਦੀ ਹੈ।

ਸਭ ਤੋਂ ਪਹਿਲਾਂ ਅਸੀਂ ਉਸ ਭਾਵਨਾ ਨੂੰ ਸਪਸ਼ਟ ਕਰਨਾ ਚਾਹੁੰਦੇ ਹਾਂ, ਜਿਸ ਨਾਲ ਅਸੀ ਇਹ ਖ਼ਤ ਲਿਖ ਰਹੇ ਹਾਂ। ਇਹ ਇਸ ਮਾਨਯੋਗ ਅਦਾਲਤ ਨੂੰ ਸੰਬੋਧਿਤ ਹੈ, ਅਤੇ ਭਾਰਤ ਦੇ ਚੀਫ਼ ਜਸਟਿਸ ਰਾਹੀਂ ਸਾਰੇ ਵਿਭਾਗਾਂ ਨੂੰ ਵੀ, ਕਿਉਂਕਿ ਇਹ ਉਹ ਸੰਸਥਾ ਹੈ, ਜਿਸ 'ਤੇ ਦੇਸ਼ ਦੇ ਲੋਕਾਂ ਦਾ ਅਟੁੱਟ ਵਿਸ਼ਵਾਸ ਹੈ। ਇਹ ਖ਼ਤ ਕਿਸੇ ਐਸੇ ਜੱਜ ਨੂੰ ਸੰਬੋਧਤ ਨਹੀਂ ਹੈ ਅਤੇ ਨਾ ਹੀ ਉਨ੍ਹਾਂ ਲਈ ਹੈ, ਜੋ ਮੌਜੂਦਾ ਜਾਂ ਭਵਿਖ 'ਚ ਇਥੇ ਦੱਸੇ ਗਏ ਮਾਮਲੇ 'ਚ ਸੁਣਵਾਈ ਕਰ ਰਹੇ ਸਨ ਜਾਂ ਕਰਨਗੇ ਅਤੇ ਸਾਡੀ ਕਿਸੇ ਵੀ ਗੱਲ ਦਾ ਉਦੇਸ਼ ਕਿਸੇ ਵੀ ਅਦਾਲਤ ਜਾਂ ਲਟਕਦੇ ਆ ਰਹੇ ਮਾਮਲਿਆਂ ਨੂੰ ਪ੍ਰਭਾਵਿਤ ਕਰਨਾ ਨਹੀਂ ਹੈ। ਸਾਡਾ ਇੱਕ ਮਾਤਰ ਉਦੇਸ਼ ਸਾਡੀਆਂ ਜਮਹੂਰੀ ਸੰਸਥਾਵਾਂ ਵਿਚ ਲੋਕਾਂ ਦੇ ਵਿਸ਼ਵਾਸ ਨੂੰ ਮਜ਼ਬੂਤ ਕਰਨਾ ਹੈ, ਨਾ ਕਿ ਕਮਜ਼ੋਰ ਕਰਨਾ ਅਤੇ ਆਪਣੀਆਂ ਚਿੰਤਾਵਾਂ ਨੂੰ ਨੇਕਨੀਯਤੀ ਨਾਲ ਸਾਹਮਣੇ ਰੱਖਣਾ ਹੈ, ਜਿੱਥੇ ਭਾਰਤ ਦੇ ਨਾਗਰਿਕਾਂ ਨੇ ਹਮੇਸ਼ਾ ਆਪਣਾ ਅੰਤਮ ਵਿਸ਼ਵਾਸ ਜਤਾਇਆ ਹੈ।

ਅਸੀ ਸਾਰੇ, ਇੱਕੋ-ਜਿਹੀ ਵਿਚਾਰਧਾਰਾ ਵਾਲੀਆਂ ਸਿਆਸੀ ਪਾਰਟੀਆਂ ਦੀ ਨੁਮਾਇੰਦਗੀ ਕਰਦੇ ਹਾਂ ਅਤੇ ਭਾਜਪਾ ਦਾ ਮਜ਼ਬੂਤੀ ਨਾਲ ਵਿਰੋਧ ਕਰਦੇ ਹਾਂ। ਅਸੀਂ ਇਹ ਮੰਨਦੇ ਹਾਂ ਕਿ ਚੋਣ ਪ੍ਰਕਿਰਿਆ 'ਚ ਹੇਰਾ-ਫੇਰੀ ਕੀਤੀ ਜਾ ਰਹੀ ਹੈ ਅਤੇ ਬਹੁਤ ਸਾਰੇ ਮਾਮਲਿਆਂ 'ਚ ਨਤੀਜੇ ਲੋਕਾਂ ਦੀ ਭਾਵਨਾ ਨੂੰ ਪ੍ਰਤੀਬਿੰਬਤ ਨਹੀਂ ਕਰਦੇ। ਇਸ ਦੇ ਕਈ ਕਾਰਨ ਹਨ।

ਸਭ ਤੋਂ ਪਹਿਲਾਂ ਚੋਣ ਕਮਿਸ਼ਨ ਦਾ ਗਠਨ ਕਿਵੇਂ ਹੋਵੇਗਾ, ਇਹ ਹਮੇਸ਼ਾ ਸੱਤਾ 'ਚ ਮੌਜੂਦ ਸਰਕਾਰ ਹੀ ਤੈਅ ਕਰਦੀ ਰਹੀ ਹੈ। 2014 ਤੋਂ ਪਹਿਲਾਂ ਕੁਝ ਅਪਵਾਦਾਂ ਨੂੰ ਛੱਡ ਕੇ, ਸ਼ਾਇਦ ਹੀ ਕੋਈ ਅਜਿਹੀ ਘਟਨਾ ਵਾਪਰੀ ਹੋਵੇ, ਜਦੋਂ ਕਮਿਸ਼ਨ ਦੇ ਮੈਂਬਰਾਂ ਦੀ ਈਮਾਨਦਾਰੀ 'ਤੇ ਸਵਾਲ ਉਠਾਏ ਗਏ ਹੋਣ। ਪਰ 2014 ਤੋਂ ਬਾਅਦ, ਸਰਕਾਰ ਨੇ ਲਗਭਗ ਹਰੇਕ ਨਿਯੁਕਤੀ ਅਜਿਹੇ ਲੋਕਾਂ ਦੀ ਕੀਤੀ ਹੈ ਜੋ ਉਸ ਨਾਲ ਨੇੜੇ ਤੋਂ ਜੁੜੇ ਰਹੇ ਹਨ ਅਤੇ ਜਿਨ੍ਹਾਂ ਨੂੰ ਸ਼ਰੇਆਮ ਸਰਕਾਰ ਦੇ ਇਸ਼ਾਰੇ 'ਤੇ ਕੰਮ ਕਰਦਿਆਂ ਦੇਖਿਆ ਗਿਆ ਹੈ, ਤਾਂ ਕਿ ਚੋਣ ਨਤੀਜਿਆਂ ਨੂੰ ਪ੍ਰਭਾਵਿਤ ਕੀਤਾ ਜਾ ਸਕੇ।

ਇਸ ਸੰਦਰਭ ਵਿਚ ਇਸ ਮਾਨਯੋਗ ਅਦਾਲਤ ਦੀ ਸੰਵਿਧਾਨਕ ਬੈਂਚ ਨੇ 'ਅਨੂਪ ਬਰਨਵਾਲ ਬਨਾਮ ਭਾਰਤ ਗਣਤੰਤਰ' ਮਾਮਲੇ ਵਿਚ ਨਿਯੁਕਤੀ ਦੀ ਇੱਕ ਹੋਰ ਆਜ਼ਾਦ ਅਤੇ ਪਾਰਦਰਸ਼ੀ ਪ੍ਰਕਿਰਿਆ ਅਪਨਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਹੈ। ਸੰਸਦ ਦੁਆਰਾ ਬਣਾਇਆ ਗਿਆ ਕਾਨੂੰਨ ਨਾ ਹੋਣ ਦੀ ਸਥਿਤੀ ਵਿਚ ਇਸ ਮਾਣਯੋਗ ਅਦਾਲਤ ਨੇ ਰਾਏ ਦਿੱਤੀ ਸੀ ਕਿ ਜਦੋਂ ਤੱਕ ਕੋਈ ਸੰਸਦ ਕਾਨੂੰਨ ਨਹੀਂ ਬਣਾਉਂਦੀ ਉਦੋਂ ਤੱਕ ਮੁੱਖ ਚੋਣ ਕਮਿਸ਼ਨਰ ਦੀ ਨਿਯੁਕਤੀ ਅਜਿਹੀ ਕਮੇਟੀ ਦੁਆਰਾ ਕੀਤੀ ਜਾਵੇਗੀ ਜਿਸ ਵਿਚ ਭਾਰਤ ਦੇ ਪ੍ਰਧਾਨ ਮੰਤਰੀ, ਭਾਰਤ ਦੇ ਚੀਫ਼ ਜਸਟਿਸ ਅਤੇ ਲੋਕ ਸਭਾ ਦੇ ਵਿਰੋਧੀ ਧਿਰ ਦੇ ਨੇਤਾ ਸ਼ਾਮਲ ਹੋਣਗੇ। ਅਸੀਂ ਉਸ ਫ਼ੈਸਲੇ ਦੇ ਆਧਾਰ ਜਾਂ ਤਰਕ 'ਤੇ ਨਹੀਂ ਜਾਣਾ ਚਾਹੁੰਦੇ । ਬਾਅਦ ਵਿਚ ਸੰਸਦ ਨੇ ਇੱਕ ਕਾਨੂੰਨ ਬਣਾਇਆ, ਜਿਸ ਵਿਚ ਇੱਕ ਅਜਿਹੀ ਕਮੇਟੀ ਦੀ ਤਜਵੀਜ਼ ਰੱਖੀ ਗਈ ਜਿਸ ਵਿਚ ਪ੍ਰਧਾਨ ਮੰਤਰੀ, ਉਨ੍ਹਾਂ ਵੱਲੋਂ ਨਾਮਜ਼ਦ ਇਕ ਕੇਂਦਰੀ ਮੰਤਰੀ, ਅਤੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਆਗੂ ਸ਼ਾਮਲ ਹੋਣ । ਇਸ ਕਾਨੂੰਨ ਨੇ ਕਮੇਟੀ ਦੇ ਮੈਂਬਰਾਂ ਦੇ ਤੌਰ 'ਤੇ ਭਾਰਤ ਦੇ ਚੀਫ਼ ਜਸਟਿਸ ਨੂੰ ਹਟਾ ਦਿੱਤਾ ਹੈ। ਜਿਸ ਨਾਲ ਨਿਯੁਕਤੀ ਪ੍ਰਕਿਰਿਆ 'ਚ ਕਾਰਜਪਾਲਿਕਾ ਦਾ ਨਿਯੰਤਰਣ ਸਥਾਪਤ ਹੋ ਗਿਆ। ਉਸ ਕਾਨੂੰਨ ਨੂੰ ਚੁਣੌਤੀ ਦਿੱਤੀ ਗਈ ਹੈ। ਅਤੇ ਉਹ ਇਸ ਮਾਣਯੋਗ ਅਦਾਲਤ ਦੇ ਸਾਹਮਣੇ ਫ਼ੈਸਲੇ ਲਈ ਪਿਆ ਹੈ।

ਸਾਡੀ ਡੂੰਘੀ ਚਿੰਤਾ ਦਾ ਕਾਰਨ ਭਾਰਤ ਦੇ ਚੋਣ ਕਮਿਸ਼ਨ ਅਤੇ ਖ਼ਾਸ ਤੌਰ 'ਤੇ ਮੁੱਖ ਚੋਣ ਕਮਿਸ਼ਨਰ ਦਾ ਸ਼ਰੇਆਮ ਪੱਖਪਾਤੀ ਰਵੱਈਆ ਹੈ। ਚੋਣ ਪ੍ਰਕਿਰਿਆ ਦੇ ਦੌਰਾਨ ਅਤੇ ਨਤੀਜਿਆਂ ਵਿਚ ਭਾਜਪਾ ਨੂੰ ਖੁੱਲ੍ਹਾ ਅਤੇ ਬੇਝਿਜਕ ਸਮਰਥਨ ਮਿਲਦਾ ਹੈ। ਕਮਿਸ਼ਨ ਨੇ ਨਿਰਪੱਖ ਵਿਹਾਰ ਨਹੀਂ ਕੀਤਾ ਹੈ। ਜਦੋਂ ਸੱਤਾਧਾਰੀ ਸਿਆਸੀ ਪਾਰਟੀ ਨੇ ਆਦਰਸ਼ ਕੋਡ ਦਾ ਉਲੰਘਣ ਕੀਤਾ ਤਾਂ ਕਮਿਸ਼ਨ ਨੇ ਕੋਈ ਕਾਰਵਾਈ ਨਹੀਂ ਕੀਤੀ, ਜਦਕਿ ਵਿਰੋਧੀ ਧਿਰ ਦੇ ਲੋਕਾਂ ਨੂੰ ਨਿਸ਼ਾਨਾ ਬਣਾਇਆ ਗਿਆ। ਕਈ ਮੌਕਿਆਂ 'ਤੇ ਭਾਜਪਾ ਦੇ ਲੋਕਾਂ ਨੇ ਆਦਰਸ਼ ਕੋਡ ਦੇ ਸਿਧਾਂਤਾਂ ਵਿਰੁੱਧ ਜਾ ਕੇ ਖੁੱਲ੍ਹਆਮ ਜ਼ਹਿਰੀਲੇ ਅਤੇ ਫਿਰਕਾਪ੍ਰਸਤੀ ਭਰੇ ਬਿਆਨ ਦਿੱਤੇ, ਤਾਂ ਵੀ ਚੋਣ ਕਮਿਸ਼ਨ ਨੇ ਚੁੱਪ ਹੀ ਧਾਰੀ ਰੱਖੀ।

ਸਭ ਤੋਂ ਮਾੜਾ ਤਦ ਹੋਇਆ ਜਦ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਹਰੇਕ ਸੂਬੇ 'ਚ ਵੋਟਰ ਸੂਚੀਆਂ ਨੂੰ ਠੀਕ ਕਰਨ ਦਾ ਫ਼ੈਸਲਾ ਕੀਤਾ। ਮਕਸਦ ਇਹ ਯਕੀਨੀ ਬਣਾਉਣਾ




ਸੀ ਕਿ ਸੂਚੀਆਂ ਵਿਚ ਸਿਰਫ਼ ਉਨ੍ਹਾਂ ਹੀ ਲੋਕਾਂ ਦੇ ਨਾਮ ਹੋਣ ਜਾ ਉਹ ਹੀ ਵੋਟ ਪਾਉਣ ਲਈ ਹੱਕਦਾਰ ਹੋਣ, ਜਿਵੇਂ ਕਿ ਸੰਵਿਧਾਨ ਅਤੇ 'ਲੋਕ ਨੁਮਾਇੰਦਗੀ ਕਾਨੂੰਨ, 1951' 'ਚ ਦੱਸਿਆ ਗਿਆ ਹੈ। ਮੁੱਖ ਚੋਣ ਕਮਿਸ਼ਨਰ ਅਨੁਸਾਰ, ਵੋਟਰ ਸੂਚੀ ਦੀ ਸ਼ੁੱਧਤਾ ਬਣਾਈ ਰੱਖਣ ਲਈ 'ਵਿਸ਼ੇਸ਼ ਡੂੰਘੀ ਸੋਧ' (ਐਸ.ਆਈ.ਆਰ.) ਦੀ ਪ੍ਰਕਿਰਿਆ ਜ਼ਰੂਰੀ ਸੀ। ਪਰ ਨਤੀਜਾ ਇਸ ਦੇ ਬਿਲਕੁਲ ਉਲਟ ਨਿਕਲਿਆ।

ਵਿਧਾਨ ਸਭਾ ਦੀਆਂ ਚੋਣਾਂ ਤੋਂ ਠੀਕ ਪਹਿਲਾਂ ਕੀਤੀ ਗਈ ਇਹ ਕਵਾਇਦ ਗਲਤ ਸਮੇਂ 'ਤੇ ਕੀਤੀ ਗਈ ਸੀ ਅਤੇ ਇਸ ਨੂੰ ਗਲਤ ਢੰਗ ਨਾਲ ਲਾਗੂ ਕਰਨਾ ਇੱਕ ਬਹੁਤ ਵੱਡੀ ਗੜਬੜ ਸਾਬਤ ਹੋਈ। ਇਸ ਤੱਥ ਦੇ ਬਾਵਜੂਦ ਕਿ 2002 'ਚ ਵੋਟਰ ਸੂਚੀਆਂ ਦਾ ਡਿਜੀਟਲਕਰਨ ਕੀਤਾ ਗਿਆ ਸੀ, ਕਮਿਸ਼ਨ ਨੇ ਲਗਾਤਾਰ ਉਸ ਵਿਚ ਸੁਧਾਰ ਕੀਤਾ ਜਿਸ ਕਰਕੇ ਇਹ ਗੜਬੜ ਪੈਦਾ ਹੋਈ। ਵੋਟਰ ਸੂਚੀਆਂ ਨੂੰ ਅੱਪਡੇਟ ਕਰਨ ਦਾ ਕਮਿਸ਼ਨ ਨੇ ਜੋ ਤਰੀਕਾ ਅਪਨਾਇਆ, ਉਸ ਤਰ੍ਹਾਂ ਪਹਿਲਾਂ ਕਦੇ ਨਹੀਂ ਕੀਤਾ ਗਿਆ। ਆਮ ਤੌਰ 'ਤੇ ਅਜਿਹਾ ਕੰਮ ਕਰਨ 'ਚ ਬੇਸ਼ੱਕ ਸਮਾਂ ਇਕ ਸਾਲ ਦੇ ਕਰੀਬ ਲੱਗਦਾ ਹੈ। ਦਸਤਾਵੇਜ਼ੀਕਰਨ ਦੀ ਪ੍ਰਕਿਰਿਆ, ਜੋ ਪਹਿਲੀ ਵਾਰ ਅਪਣਾਈ ਗਈ ਸੀ, ਵਿਚ ਲੋਕਾਂ ਨੂੰ ਸੂਚੀ ਦੇ ਬਾਹਰ ਕਰਨ ਦੀ ਗੁੰਜਾਇਸ਼ ਸੀ ਅਤੇ ਇਹ ਸਿਆਸੀ ਕਾਰਨਾਂ ਤੋਂ ਪ੍ਰੇਰਿਤ ਸੀ। ਫਾਰਮ ਭਰਨ ਅਤੇ ਦਸਤਾਵੇਜ਼ ਦਿਖਾਉਣ ਦੇ ਆਧਾਰ 'ਤੇ ਵੋਟਰਾਂ ਦੀ ਜਾਂਚ ਅਤੇ ਉਨ੍ਹਾਂ ਦੀ ਨਾਗਰਿਕਤਾ 'ਤੇ ਸਵਾਲ ਉਠਾਉਣ 'ਤੇ ਕਈ ਵੋਟਰ ਵੋਟ ਦੇ ਅਧਿਕਾਰ ਤੋਂ ਵਾਂਝੇ ਰਹਿ ਗਏ। ਲੱਖਾਂ ਵੋਟਰਾਂ ਕੋਲ ਦਸਤਾਵੇਜ਼ ਨਹੀਂ ਸਨ। ਉਨ੍ਹਾਂ 'ਚੋਂ ਬਹੁਤੇ ਲੋਕਾਂ 'ਚ ਫਾਰਮ ਭਰਨ ਲਈ ਮਿੱਥੇ ਢੰਗ ਨਾਲ ਫਾਰਮ ਜਮਾ ਕਰਵਾਉਣ ਦੀ ਸਮੱਰਥਾ ਨਹੀਂ ਸੀ। ਇਹ ਗੱਲ ਗ਼ਰੀਬਾਂ ਅਤੇ ਅਨਪੜ ਲੋਕਾਂ 'ਤੇ ਖ਼ਾਸ ਤੌਰ 'ਤੇ ਲਾਗੂ ਹੁੰਦੀ ਸੀ, ਜਿਨ੍ਹਾਂ 'ਚ ਦਲਿਤ, ਆਦਿਵਾਸੀ, ਘੱਟਗਿਣਤੀਆਂ ਭਾਈਚਾਰੇ ਦੇ ਲੋਕ ਅਤੇ ਪ੍ਰਵਾਸੀ ਮਜ਼ਦੂਰ ਸ਼ਾਮਲ ਸਨ। ਅਜਿਹੇ ਮਾਮਲੇ ਵੀ ਸਾਹਮਣੇ ਆਏ ਅਤੇ ਇਸ ਦੀ ਕਮਿਸ਼ਨ ਨੂੰ ਜਾਣਕਾਰੀ ਵੀ ਦਿੱਤੀ ਗਈ ਸੀ, ਸੋਸ਼ਲ ਮੀਡੀਆ 'ਤੇ ਵਾਇਰਲ ਵੀਡੀਓ 'ਚ ਬੂਥ ਪੱਧਰ ਦੇ ਅਧਿਕਾਰੀ ਖ਼ੁਦ ਨਕਲੀ ਹਸਤਾਖ਼ਰ ਕਰਕੇ ਫਾਰਮ ਭਰਦਿਆਂ ਅਤੇ ਕੁਛ ਮਾਮਲਿਆਂ 'ਚ ਵੋਟਰਾਂ ਦੀ ਮੰਨਜ਼ੂਰੀ ਦੇ ਬਿਨਾ ਫਾਰਮ ਅਪਲੋਡ ਕਰਦਿਆਂ ਦੇਖੇ ਗਏ। ਇੱਥੋਂ ਤੱਕ ਕਿ ਮਰ ਚੁੱਕੇ ਵਿਅਕਤੀਆਂ ਦੇ ਵੀ ਫਾਰਮ ਜਮਾ ਦਿਖਾਏ ਗਏ ਹਨ। ਇਸ ਪ੍ਰਕਿਰਿਆ ਨੂੰ ਲਾਗੂ ਕਰਨ 'ਚ ਪਾਰਦਰਸ਼ਕਤਾ ਦੀ ਭਾਰੀ ਕਮੀ ਸੀ ਅਤੇ ਪ੍ਰਸ਼ਾਸਨਿਕ ਉਲਝਣਾਂ ਸਨ।

ਸ਼ਿਕਾਇਤ ਨਿਵਾਰਣ ਦੇ ਢੰਗ 'ਚ ਵੀ ਬੜੀਆਂ ਖ਼ਾਮੀਆਂ ਸਨ ਅਤੇ ਬਿਨਾ ਕਿਸੇ ਸਹੀ ਨੋਟਿਸ ਦੇ ਬਹੁਤ ਸਾਰੇ ਨਾਮ ਆਪ-ਹੁਦਰੇ ਢੰਗ ਨਾਲ ਹਟਾ ਦਿੱਤੇ ਗਏ। ਇਸ ਕਵਾਇਦ ਦਾ ਮਕਸਦ ਵੋਟਰ ਸੂਚੀਆਂ 'ਚ ਉਨ੍ਹਾਂ ਦੇ ਨਾਮ ਹਟਾਉਣਾ ਸੀ ਜੋ ਡੁਪਲੀਕੇਟ ਵੋਟਰ ਸਨ ਜਾਂ ਮਰ ਚੁੱਕੇ ਸਨ ਜਾਂ ਖੇਤਰ ਛੱਡ ਕੇ ਕਿਸੇ ਦੂਸਰੇ ਇਲਾਕੇ 'ਚ ਰਹਿ ਰਹੇ ਸਨ। ਪੱਛਮੀ ਬੰਗਾਲ 'ਚ ਹਾਲ ਹੀ 'ਚ ਹੋਈਆਂ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਸਥਿਤੀ ਹੋਰ ਵੀ ਖ਼ਰਾਬ ਹੋ ਗਈ। ਇੰਝ ਲੱਗਿਆ ਕਿ ਕਮਿਸ਼ਨ ਦਾ ਧਿਆਨ ਸਿਰਫ਼ ਚੋਣ ਨਤੀਜਿਆਂ 'ਤੇ ਸੀ, ਕਿਉਂਕਿ ਉਸ ਨੇ ਤਾਮਿਲਨਾਡੂ, ਕੇਰਲ ਅਤੇ ਆਸਾਮ ਵਰਗੇ ਸੂਬਿਆ 'ਚ ਹੇਰਾਫੇਰੀ ਦੇ ਕਿਸੇ ਵੀ ਅਸਲੀ ਮੁੱਦੇ ਨੂੰ ਨਹੀਂ ਲਿਆ, ਜਿੱਥੇ ਐਸ.ਆਈ.ਆਰ. ਨੂੰ ਉਸ ਢੰਗ ਨਾਲ ਲਾਗੂ ਨਹੀ ਕੀਤਾ ਗਿਆ। ਇਹ ਸਾਫ਼ ਸੀ ਕਿ 2 ਲੱਖ 40 ਹਜ਼ਾਰ ਸੀ.ਏ.ਪੀ.ਐਫ ਜਵਾਨਾ ਦੀ ਮੌਜੂਦਗੀ ਕਰਕੇ ਪੱਛਮੀ ਬੰਗਾਲ ਸਰਕਾਰ ਦਬਾਅ 'ਚ ਸੀ।

2024 'ਚ ਵੋਟਰ ਸੂਚੀਆਂ 'ਚ ਵੱਡੀ ਗਿਣਤੀ 'ਚ ਨਾਮ ਹਟਾਏ ਗਏ ਜਿਨ੍ਹਾਂ 'ਚ 'ਤਾਰਕਿਕ ਢੰਗ ਕੁਜੋੜਤਾਵਾਂ' ਜਿਹੇ ਪਹਿਲਾਂ ਕਦੇ ਨਾ ਵਰਤੀਆਂ ਗਈਆਂ ਕੈਟੇਗਰੀ ਦੇ ਤਹਿਤ ਮਨਮਾਨੇ ਢੰਗ ਨਾਲ ਹਟਾਏ ਗਏ ਨਾਮ ਵੀ ਸ਼ਾਮਲ ਹਨ। ਇਸ ਤਰ੍ਹਾਂ ਕਰੀਬ 27 ਲੱਖ ਵੋਟਰ ਵੋਟ ਦੇ ਅਧਿਕਾਰ ਤੋਂ ਵਾਂਝੇ ਕਰ ਦਿੱਤੇ ਗਏ।

ਵੱਡੇ ਪੱਧਰ 'ਤੇ ਨਾਮ ਹਟਾਏ ਜਾਣਾ, ਅਪਾਰਦਰਸ਼ੀ ਪ੍ਰਕਿਰਿਆਵਾਂ, ਵੱਡੀ ਗਿਣਤੀ 'ਚ ਸੀ.ਏ.ਪੀ.ਐਫ. ਦੀ ਤੈਨਾਤੀ ਕੇਂਦਰ ਸਰਕਾਰ ਦੁਆਰਾ ਆਪਣੀ ਮਨ ਪਸੰਦ ਦੇ ਨੁਮਾਇੰਦਿਆਂ ਨੂੰ ਨਾਮਜ਼ਦ ਕਰਨਾ ਅਤੇ ਵੋਟ ਗਿਣਤੀ ਕੇਂਦਰਾਂ 'ਤੇ ਚੋਣ ਕਮਿਸ਼ਨ ਦਾ ਸਰੇਆਮ ਪੱਖਪਾਤੀ ਰਵੱਈਆ ਅਤੇ ਪੁਲਿਸ ਆਦਿ ਇਨ੍ਹਾਂ ਸਭ ਨੇ ਮਿਲ ਕੇ ਚੋਣ ਪ੍ਰਕਿਰਿਆ ਨੂੰ ਪੱਖਪਾਤੀ ਅਤੇ ਸ਼ੱਕੀ ਬਣਾ ਦਿੱਤਾ।

ਅਸੀਂ ਜੋ ਗੱਲਾਂ ਕਹੀਆਂ ਹਨ, ਉਨ੍ਹਾਂ ਨੂੰ ਦੇਖਦਿਆਂ ਉਮੀਦ ਹੈ ਕਿ ਐਸ.ਆਈ.ਆਰ. ਦੀ ਆਗਾਮੀ ਪ੍ਰਕਿਰਿਆ ਨੂੰ ਰੋਕ ਦਿੱਤਾ ਜਾਵੇਗਾ ਅਤੇ ਇਸ ਨੂੰ ਓਦੋਂ ਸ਼ੁਰੂ ਕੀਤਾ ਜਾਵੇਗਾ, ਜਦੋਂ ਅਗਲੀਆਂ ਵਿਧਾਨ ਸਭਾਈ ਚੋਣਾਂ 'ਚ ਘੱਟੋ-ਘੱਟ ਪੰਜ ਸਾਲ ਦਾ ਸਮਾਂ ਬਚਿਆ ਹੋਵੇ। ਇਸ ਨਾਲ ਉਸ ਦਸਤਾਵੇਜ਼ ਆਧਾਰਤ ਪ੍ਰਕਿਰਿਆ ਦੀ ਬਜਾਏ, ਜਿਸ ਨੂੰ ਪਹਿਲਾਂ ਕਦੇ ਨਹੀਂ ਅਪਨਾਇਆ ਗਿਆ ਸੀ, ਕਮਿਸ਼ਨ ਦੇ ਨੁਮਾਇੰਦੇ ਵੋਟਰਾਂ ਦੀ ਤਸਦੀਕ ਲਈ ਘਰ-ਘਰ ਜਾ ਸਕਣਗੇ।

ਅਸੀਂ ਸਾਰਿਆਂ ਹੀ ਸੰਸਥਾਵਾਂ ਦਾ ਆਦਰ ਤੇ ਸਨਮਾਨ ਕਰਦੇ ਹਾਂ ਅਤੇ ਕਰਨਾ ਵੀ ਚਾਹੀਦਾ ਹੈ। ਪਰ ਜਦੋਂ ਸੰਸਥਾਵਾਂ ਖ਼ੁਦ ਹੀ ਦਮਨ ਦਾ ਜ਼ਰੀਆ ਬਣ ਜਾਣ ਅਤੇ ਸਰਕਾਰ ਦਾ ਏਜੰਡਾ ਅੱਗੇ ਵਧਾਉਣ ਲੱਗਣ, ਤਾਂ ਪੂਰੀ ਜਮਹੂਰੀਅਤ ਦਾ ਭਵਿੱਖ ਗੰਭੀਰ ਖ਼ਤਰੇ 'ਚ ਘਿਰ ਜਾਂਦਾ ਹੈ।

ਜਦ ਬਾਕੀ ਸਾਰੇ ਰਾਹ ਬੰਦ ਹੋ ਜਾਂਦੇ ਹਨ, ਓਦੋਂ ਵੀ ਲੋਕ ਨਿਆਂਪਾਲਿਕਾ 'ਤੇ ਭਰੋਸਾ ਬਣਾਈ ਰੱਖਦੇ ਹਨ। ਇਸ ਲਈ ਜਦੋਂ ਨਿਆਂਪਾਲਿਕਾ ਕੋਈ ਪ੍ਰਤੀਕਰਮ ਦੇਣ 'ਚ ਅਸਫ਼ਲ ਹੋ ਜਾਂਦੀ ਹੈ ਤਾਂ ਇਹ ਗਣਰਾਜ ਦੇ ਮੁਕੰਮਲ ਢੰਗ ਨਾਲ ਡਗਮਗਾ ਜਾਣ ਦਾ ਸੰਕੇਤ ਹੁੰਦਾ ਹੈ। ਜਦੋਂ ਸੰਸਥਾਗਤ ਵਿਵਸਥਾਵਾਂ ਪੂਰੀ ਤਰ੍ਹਾਂ ਅਸਫਲ ਹੋ ਜਾਂਦੀਆਂ ਹਨ, ਤਾਂ ਲੋਕਤੰਤਰ ਅਰਾਜਕਤਾ 'ਚ ਬਦਲ ਜਾਂਦਾ ਹੈ। ਇਸ ਲਈ ਇਹ ਸਾਡੀ ਸਭ ਦੀ ਜ਼ਿੰਮੇਦਾਰੀ ਹੈ ਕਿ ਅਸੀਂ ਇਹ ਯਕੀਨੀ ਬਣਾਈਏ ਕਿ ਸੰਸਥਾਵਾਂ 'ਚ ਲੋਕਾਂ ਦਾ ਭਰੋਸਾ ਬਣਿਆ ਰਹੇ। ਅਤੇ ਇਸ ਲਈ, ਸੰਸਥਾਵਾਂ ਨੂੰ ਆਪਣੀ ਭੂਮਿਕਾ ਨਿਭਾਉਣੀ ਹੋਵੇਗੀ।

ਅਸੀਂ ਨਿਆਪਾਲਿਕਾ 'ਤੇ ਸਵਾਲ ਨਹੀਂ ਉਠਾ ਰਹੇ ਹਾਂ। ਦਰਅਸਲ, ਜਦ ਇਹ ਵੀ ਨਾਕਾਮ ਹੋ ਜਾਂਦਾ ਹੈ, ਤਦ ਅਸੀਂ ਅਦਾਲਤਾਂ ਦਾ ਰੁਖ਼ ਕਰਦੇ ਹਾਂ, ਤਾਂ ਇਹ ਸਵਾਲ ਉਠਦਾ ਹੈ- ਹੁਣ ਅਸੀਂ ਕਿਸ ਕੋਲ ਜਾਈਏ?

ਅਸੀਂ ਇਹ ਸਵਾਲ ਤੁਹਾਡੇ ਸੋਚਣ ਲਈ ਛੱਡਦੇ ਹਾਂ।

-28 ਜੂਨ 2026

---

***(ਪਿਛਲੇ ਸਫੇ ਦਾ ਬਾਕੀ)***

ਵਿਰੋਧੀ ਅੰਦੋਲਨ ਹੋਵੇ ਜਾਂ 2016 ਵਿਚ ਹੈਦਰਾਬਾਦ ਯੂਨੀਵਰਸਿਟੀ ਦੇ ਦਲਿਤ ਵਿਦਿਆਰਥੀ ਰੋਹਿਤ ਵੇਮੁਲਾ ਦੀ ਸੰਸਥਾਗਤ ਹੱਤਿਆ ਵਿਰੁੱਧ ਉੱਠਿਆ ਰੋਸ- ਵਿਦਿਆਰਥੀਆਂ ਨੇ ਹਮੇਸ਼ਾ ਹਕੂਮਤਾਂ ਦੀਆਂ ਨੀਂਦਾਂ ਉਡਾਈਆਂ ਹਨ।

2017 ਵਿਚ ਪੰਜਾਬ ਯੂਨੀਵਰਸਿਟੀ (ਪੀਯੂ) ਚੰਡੀਗੜ੍ਹ ਵਿਖੇ ਫ਼ੀਸਾਂ ਦੇ ਭਾਰੀ ਵਾਧੇ ਵਿਰੁੱਧ ਵਿਦਿਆਰਥੀਆਂ ਦਾ ਇਤਿਹਾਸਕ ਸੰਘਰਸ਼, 2019 ਵਿਚ ਜਵਾਹਰਲਾਲ ਨਹਿਰੂ ਯੂਨੀਵਰਸਿਟੀ (ਜੇ.ਐਨ.ਯੂ.) ਦਾ ਫੀਸ ਵਾਧਾ ਵਿਰੋਧੀ ਅੰਦੋਲਨ, ਅਤੇ ਹਾਲ ਹੀ ਵਿਚ 2025 ਵਿਚ ਪੰਜਾਬ ਯੂਨੀਵਰਸਿਟੀ ਦੇ ਲੋਕਤੰਤਰ ਤੇ ਸੈਨੇਟ ਨੂੰ ਬਚਾਉਣ ਲਈ ਲੜਿਆ ਗਿਆ ਅੰਦੋਲਨ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹਨ ਕਿ ਨੌਜਵਾਨ ਚੁੱਪ ਨਹੀਂ ਬੈਠ ਸਕਦੇ।

ਅਫ਼ਸੋਸ ਦੀ ਗੱਲ ਇਹ ਹੈ ਕਿ ਗੋਦੀ ਮੀਡੀਆ ਨੇ ਹਮੇਸ਼ਾ ਇਨ੍ਹਾਂ ਇਤਿਹਾਸਕ ਅੰਦੋਲਨਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ। ਇਸ 'ਕਾਕਰੋਚ ਅੰਦੋਲਨ' ਵੇਲੇ ਵੀ ਮੀਡੀਆ ਨੇ ਪ੍ਰਦਰਸ਼ਨਕਾਰੀਆਂ ਨੂੰ ਗੁਮਰਾਹਕੁੰਨ ਅਤੇ ਦੇਸ਼-ਵਿਰੋਧੀ ਗਰਦਾਨਣ 'ਚ ਕੋਈ ਕਸਰ ਨਹੀਂ ਛੱਡੀ।

ਅੰਕੜੇ ਗਵਾਹ ਹਨ ਕਿ ਪਿਛਲੇ 10 ਸਾਲਾਂ ਵਿਚ 99 ਤੋਂ ਵੱਧ ਪ੍ਰਮੁੱਖ ਪ੍ਰੀਖਿਆਵਾਂ ਦੇ ਪੇਪਰ ਲੀਕ ਹੋਏ, ਜਿਸ ਨਾਲ ਸਾਢੇ ਛੇ ਕਰੋੜ ਵਿਦਿਆਰਥੀਆਂ ਦਾ ਭਵਿੱਖ ਦਾਅ 'ਤੇ ਲੱਗਿਆ। ਪੇਪਰ ਮਾਫ਼ੀਆ ਦਾ ਜਾਲ 19 ਸੂਬਿਆਂ ਵਿਚ ਫੈਲਿਆ ਹੋਇਆ ਹੈ। ਪਰ ਹਕੂਮਤ ਦੀ ਖ਼ਾਮੋਸ਼ੀ ਅਤੇ ਗੋਦੀ ਮੀਡੀਆ ਦੀ ਅੰਨ੍ਹੀ ਵਫ਼ਾਦਾਰੀ ਸ਼ਰਮਨਾਕ ਰਹੀ। ਜਦੋਂ ਨੀਟ ਪ੍ਰੀਖਿਆ ਦੇ ਧਾਂਦਲੇਪਨ ਕਾਰਨ 22 ਦੇ ਲਗਭਗ ਮਾਸੂਮ ਵਿਦਿਆਰਥੀਆਂ ਨੇ ਨਿਰਾਸ਼ਾ ਵਿਚ ਆਤਮਹੱਤਿਆ ਕੀਤੀ, ਤਾਂ ਕਿਸੇ ਟੀਵੀ ਚੈਨਲ ਨੇ ਉਨ੍ਹਾਂ ਦੇ ਪਰਿਵਾਰਾਂ ਦਾ ਦਰਦ ਨਹੀਂ ਦਿਖਾਇਆ।

ਕਾਹਨ ਪਟੇਲ ਨਾਮ ਦੇ ਵਿਦਿਆਰਥੀ ਦੇ ਪਿਤਾ ਪ੍ਰਸ਼ਾਂਤ ਪਟੇਲ ਦੇ ਇਹ ਸ਼ਬਦ ਸਿਸਟਮ ਦੇ ਮੂੰਹ 'ਤੇ ਚਪੇੜ ਹਨ: 'ਮੇਰੇ ਪੁੱਤ ਨੇ ਡਾਕਟਰ ਬਣਨ ਲਈ ਖੇਡਣਾ, ਘੁੰਮਣਾ, ਗਿਟਾਰ ਵਜਾਉਣਾ ਸਭ ਛੱਡ ਦਿੱਤਾ ਸੀ। ਪਰ ਪੇਪਰ ਲੀਕ ਦੀ ਖ਼ਬਰ ਨੇ ਉਸ ਦਾ ਵਿਸ਼ਵਾਸ ਤੋੜ ਦਿੱਤਾ। ਮੇਰਾ ਬੇਟਾ ਆਪ ਨਹੀਂ ਹਾਰਿਆ, ਇਸ ਭ੍ਰਿਸ਼ਟ ਸਿਸਟਮ ਨੇ ਉਸ ਦਾ ਕਤਲ ਕੀਤਾ ਹੈ।'

ਪਰ ਗੋਦੀ ਮੀਡੀਆ ਨੂੰ ਇਹ ਦਰਦ ਨਜ਼ਰ ਨਹੀਂ ਆਉਂਦਾ, ਕਿਉਂਕਿ ਉਹ ਸਿਰਫ਼ ਤਾਕਤ ਦੇ ਸੋਹਲੇ ਗਾਉਣਾ ਜਾਣਦਾ ਹੈ। ਜੰਤਰ-ਮੰਤਰ 'ਤੇ ਜਦੋਂ ਦੇਸ਼ ਦੇ ਭਵਿੱਖ ਉੱਤੇ ਲਾਠੀਆਂ ਅਤੇ ਅੱਥਰੂ ਗੈਸ ਦੇ ਗੋਲੇ ਬਰਸਾਏ ਜਾ ਰਹੇ ਸਨ, ਉਦੋਂ ਮੀਡੀਏ ਦੇ ਕੈਮਰੇ ਬੰਦ ਸਨ। ਹੱਦ ਤਾਂ ਉਦੋਂ ਹੋ ਗਈ ਜਦੋਂ ਸ਼ਾਂਤਮਈ ਪ੍ਰਦਰਸ਼ਨ ਕਰ ਰਹੀਆਂ ਨੌਜਵਾਨ ਧੀਆਂ-ਭੈਣਾਂ ਅਤੇ ਲੜਕੀਆਂ ਨਾਲ ਪੁਲਿਸ ਤੇ ਪ੍ਰਸ਼ਾਸਨ ਵੱਲੋਂ ਬੇਰਹਿਮੀ ਅਤੇ ਬਦਸਲੂਕੀ ਕੀਤੀ ਗਈ। ਉਨ੍ਹਾਂ ਨੂੰ ਧੱਕੇ ਮਾਰੇ ਗਏ, ਘੜੀਸਿਆ ਗਿਆ, ਪਰ ਸਰਕਾਰੀ ਸ਼ਹਿ ਪ੍ਰਾਪਤ ਮੀਡੀਆ ਨੇ ਇਸ ਸ਼ਰਮਨਾਕ ਰਵੱਈਏ ਨੂੰ ਦਿਖਾਉਣ ਦੀ ਥਾਂ ਆਪਣੀਆਂ ਅੱਖਾਂ 'ਤੇ ਪੱਟੀ ਬੰਨ੍ਹੀ ਰੱਖੀ।

ਇਸ ਅੰਦੋਲਨ ਦੀ ਸਭ ਤੋਂ ਵੱਡੀ ਖ਼ਾਸੀਅਤ ਅਤੇ ਖ਼ੂਬਸੂਰਤੀ ਇਹ ਰਹੀ ਕਿ ਇਸ ਨੇ ਕਿਸੇ ਵੀ ਤਰ੍ਹਾਂ ਦਾ ਧਾਰਮਿਕ ਜਾਂ ਫ਼ਿਰਕੂ ਰੂਪ ਅਖ਼ਤਿਆਰ ਨਹੀਂ ਕੀਤਾ। ਹਕੂਮਤ ਅਤੇ ਗੋਦੀ ਮੀਡੀਆ ਨੇ ਇਸ ਨੂੰ ਧਰਮ ਜਾਂ ਜਾਤ ਦੀਆਂ ਵੰਡੀਆਂ 'ਚ ਉਲਝਾਉਣ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਇਹ ਨੌਜਵਾਨ ਕਿਸੇ ਜਾਲ 'ਚ ਨਹੀਂ ਫਸੇ। ਉਹ ਇੱਕ ਸਹੀ, ਨਿਰਪੱਖ ਅਤੇ ਅਗਾਂਹਵਧੂ ਸੋਚ ਨਾਲ ਅੱਗੇ ਵਧੇ, ਜਿੱਥੇ ਉਨ੍ਹਾਂ ਦਾ ਇਕਲੌਤਾ ਧਰਮ-ਇਨਸਾਫ਼, ਸਿੱਖਿਆ ਅਤੇ ਰੁਜ਼ਗਾਰ ਸੀ।


ਇਸ ਦੇ ਨਾਲ ਹੀ ਇੱਕ ਹੋਰ ਮਹੱਤਵਪੂਰਨ ਪਹਿਲੂ ਇਹ ਵੀ ਰਿਹਾ ਕਿ ਵਿਦਿਆਰਥੀ ਪ੍ਰਬੰਧਕਾਂ ਨੇ ਇਸ ਅੰਦੋਲਨ ਨੂੰ ਕਿਸੇ ਵੀ ਰਾਜਨੀਤਿਕ ਪਾਰਟੀ ਦੀ 'ਕੱਠਪੁਤਲੀ' ਨਹੀਂ ਬਣਨ ਦਿੱਤਾ। ਭਾਵੇਂ ਕਿ ਲਗਭਗ ਸਾਰੀਆਂ ਵਿਰੋਧੀ ਧਿਰਾਂ ਨੇ ਇਸ ਸੰਘਰਸ਼ ਦਾ ਸਮਰਥਨ ਕੀਤਾ ਅਤੇ ਅਨੇਕਾਂ ਸਮਾਜਿਕ ਜਥੇਬੰਦੀਆਂ ਵੀ ਵਿਦਿਆਰਥੀਆਂ ਦੇ ਹੱਕ ਵਿਚ ਨਿੱਤਰ ਕੇ ਸਾਹਮਣੇ ਆਈਆਂ, ਪਰ ਅੰਦੋਲਨ ਦੇ ਪ੍ਰਬੰਧਕਾਂ ਨੇ ਸਮਝਦਾਰੀ ਦਿਖਾਉਂਦਿਆਂ ਕਿਸੇ ਵੀ ਸਿਆਸੀ ਧਿਰ ਨੂੰ ਇਸ ਮੰਚ ਨੂੰ ਹਥਿਆਉਣ ਨਹੀਂ ਦਿੱਤਾ। ਨੌਜਵਾਨ ਇਸ ਸੋਚ ਨਾਲ ਅੱਗੇ ਵਧੇ ਕਿ ਇਹ ਅੰਦੋਲਨ ਕਿਸੇ ਪਾਰਟੀ ਦਾ ਮੁਫ਼ਤ ਦਾ ਸਿਆਸੀ ਹਥਿਆਰ ਬਣਨ ਦੀ ਥਾਂ, ਇੱਕ ਅਜਿਹਾ ਸੁਚੇਤ ਜਨ-ਅੰਦੋਲਨ ਬਣੇ ਜੋ ਦੇਸ਼ ਦੇ ਭਵਿੱਖ ਅਤੇ ਆਉਣ ਵਾਲੀ ਰਾਜਨੀਤੀ ਨੂੰ ਇੱਕ ਹਾਂ-ਪੱਖੀ ਤੇ ਨਵੀਂ ਦਿਸ਼ਾ ਦੇਣ ਵਿਚ ਇਤਿਹਾਸਕ ਭੂਮਿਕਾ ਨਿਭਾ ਸਕੇ।

ਨੌਜਵਾਨਾਂ ਨੇ ਇਹ ਵੀ ਸਪਸ਼ਟ ਸੰਦੇਸ਼ ਦਿੱਤਾ ਹੈ ਕਿ ਇਹ ਸੰਘਰਸ਼ ਹੁਣ ਖ਼ਤਮ ਹੋਣ ਵਾਲਾ ਨਹੀਂ ਹੈ। ਜੇਕਰ ਸਰਕਾਰ ਪ੍ਰਵਾਨ ਕੀਤੀਆਂ ਮੰਗਾਂ ਨੂੰ ਸਹੀ ਢੰਗ ਨਾਲ ਲਾਗੂ ਕਰਨ ਤੋਂ ਪਿੱਛੇ ਹਟਦੀ ਹੈ ਜਾਂ ਆਪਣੇ ਵਾਅਦਿਆਂ ਤੋਂ ਮੁਨਕਰ ਹੁੰਦੀ ਹੈ, ਤਾਂ ਇਹ ਅੰਦੋਲਨ ਅਗਲੇ ਚਰਨ ਵਿਚ ਪ੍ਰਧਾਨ ਮੰਤਰੀ ਦੇ ਅਸਤੀਫ਼ੇ ਤੱਕ ਦੀ ਮੰਗ ਵੱਲ ਵਧ ਸਕਦਾ ਹੈ।

ਇਹ ਸੱਚਾਈ ਹੈ ਕਿ ਦੇਸ਼ ਦੀ 1.42 ਅਰਬ ਆਬਾਦੀ ਵਿਚੋਂ ਅੱਧੇ ਨਾਲੋਂ ਵੱਧ ਹਿੱਸਾ 30 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਦਾ ਹੈ। ਜਦੋਂ ਇਹ ਚੇਤਨ ਸ਼ਕਤੀ ਆਪਣੇ ਹੱਕਾਂ ਲਈ ਸੜਕਾਂ 'ਤੇ ਉੱਤਰਦੀ ਹੈ, ਤਾਂ ਵੱਡੇ ਤੋਂ ਵੱਡੇ ਹੰਕਾਰੀ ਸ਼ਾਸਕਾਂ ਦੇ ਤਖ਼ਤ ਹਿੱਲ ਸਕਦੇ ਹਨ। ਇਸ ਅੰਦੋਲਨ ਦਰਮਿਆਨ ਪ੍ਰਧਾਨ ਮੰਤਰੀ ਦੀ ਲੰਮੀ ਖ਼ਾਮੋਸ਼ੀ ਅਤੇ ਮੀਡੀਆ ਦਾ ਪ੍ਰੋਪੇਗੰਡਾ ਨੌਜਵਾਨਾਂ ਦੇ ਡਿਜੀਟਲ ਅਤੇ ਸੜਕੀ ਸੰਘਰਸ਼ ਦੇ ਸੁਮੇਲ ਅੱਗੇ ਬੇਅਸਰ ਹੋ ਗਿਆ।

'ਕਾਕਰੋਚ ਅੰਦੋਲਨ' ਸਿਰਫ਼ ਵਿਦਿਆਰਥੀਆਂ ਦੀ ਇੱਕ ਆਰਜ਼ੀ ਜਿੱਤ ਨਹੀਂ, ਸਗੋਂ ਇਹ ਗੋਦੀ ਮੀਡੀਆ ਦੀ ਗੁਲਾਮ ਮਾਨਸਿਕਤਾ ਅਤੇ ਸੱਤਾ ਦੇ ਹੰਕਾਰ ਲਈ ਇੱਕ ਬਹੁਤ ਵੱਡਾ ਇਤਿਹਾਸਕ ਸਬਕ ਹੈ। ਨੌਜਵਾਨਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਜਦੋਂ ਲੋਕਤੰਤਰ ਦਾ ਚੌਥਾ ਥੰਮ੍ਹ (ਮੀਡੀਆ) ਆਪਣਾ ਇਖ਼ਲਾਕ ਵੇਚ ਕੇ ਸੱਤਾ ਦਾ ਗੁਲਾਮ ਬਣ ਜਾਵੇ, ਤਾਂ ਦੇਸ਼ ਦਾ ਨੌਜਵਾਨ ਖ਼ੁਦ ਸੜਕਾਂ 'ਤੇ ਉੱਤਰ ਕੇ ਲੋਕਤੰਤਰ ਦੀ ਰਾਖੀ ਕਰਨ ਅਤੇ ਨਵੇਂ ਇਤਿਹਾਸ ਦੇ ਪੰਨੇ ਲਿਖਣ ਦੀ ਸਮਰੱਥਾ ਰੱਖਦਾ ਹੈ। ਗੋਦੀ ਮੀਡੀਆ ਦੀਆਂ ਸਮੁੱਚੀਆਂ ਚਾਲਾਂ ਨੂੰ ਮਾਤ ਦੇ ਕੇ ਇਨ੍ਹਾਂ 'ਕਾਕਰੋਚਾਂ' ਨੇ ਸ਼ਾਸਕਾਂ ਨੂੰ ਲਤਾੜ ਕੇ ਇੱਕ ਨਵੀਂ ਕ੍ਰਾਂਤੀ ਦਾ ਆਗਾਜ਼ ਕਰ ਦਿੱਤਾ ਹੈ।

# ਅੰਬੀਆਂ ਦੇ ਦੇਸ ਦੀ ਸਿਆਸੀ ਮਿਠਾਸ - ਦਲਜੀਤ ਸਿੰਘ ਸਹੋਤਾ



ਦਲਜੀਤ ਸਿੰਘ ਸਹੋਤਾ

ਮਾਹਿਲਪੁਰ ਅੰਬਾਂ ਦੀ ਧਰਤੀ ਹੈ ਤੇ ਇਸੇ ਕਰਕੇ ਇਸ ਨੂੰ ਅੰਬੀਆਂ ਦਾ ਦੇਸ਼ ਵੀ ਕਿਹਾ ਜਾਂਦਾ ਹੈ, ਇਹ ਫੁੱਟਬਾਲਰਾਂ ਦਾ ਗੜ੍ਹ ਵੀ ਹੈ, ਅਰਜਨ ਅਵਾਰਡੀ ਜਰਨੈਲ ਸਿੰਘ ਮਾਹਿਲਪੁਰ ਨੇ ਹੀ ਦਿੱਤਾ ਹੈ, ਉੱਤਰੀ ਭਾਰਤ ਦਾ ਸਭ ਤੋਂ ਵੱਡਾ ਹਰਭਜਨ ਮੈਮੋਰੀਅਲ ਫੁੱਟਬਾਲ ਕੁੰਭ ਇਥੇ ਹੀ ਲੱਗਦਾ ਹੈ, ਕਦੇ ਸ਼ੌਂਕੀ ਮੇਲੇ ਕਰਕੇ ਵੀ ਇਹ ਸ਼ਹਿਰ ਚਰਚਾ 'ਚ ਰਿਹੈ ਤੇ ਇਥੋਂ ਚਾਰ ਕੁ ਕੋਹ ਦੂਰ ਦਲਜੀਤ ਸਿੰਘ ਸਹੋਤੇ ਦਾ ਪਿੰਡ ਹੈ-ਬਾੜੀਆਂ ਖੁਰਦ ਤੇ ਦਲਜੀਤ ਨੂੰ ਪੰਜਾਬ ਹੀ ਨਹੀਂ ਅਮਰੀਕਾ, ਕੈਨੇਡਾ ਤੇ ਯੂਰਪ ਤੱਕ ਬੜੇ ਲੋਕ ਜਾਣਦੇ ਨੇ। ਕਿਉਂ ਜਾਣਦੇ ਨੇ? ਕਿਵੇਂ ਜਾਣਦੇ ਨੇ? ਇਹੀ ਰਹੱਸ ਸਾਂਝਾ ਕਰਨ ਲੱਗਾ ਹਾਂ।

ਦਲਜੀਤ ਜਦੋਂ ਹੱਸ ਕੇ ਮਿਲਦਾ ਹੈ ਤਾਂ ਹਰ ਇੱਕ ਨੂੰ ਆਪਣਾ ਲੱਗਣ ਲੱਗਦਾ ਹੈ ਤੇ ਉਸ ਨੂੰ ਮਿਲ ਕੇ ਤੁਹਾਡਾ ਇਹ ਵਿਚਾਰ ਵੀ ਪੱਕਾ ਹੋ ਜਾਵੇਗਾ ਕਿ ਕਈ ਪਹਾੜ ਸੱਚੀਂ ਨੇੜਿਓਂ ਵੀ ਚੰਗੇ ਹੁੰਦੇ ਹਨ। ਭਾਵੇਂ ਦਲਜੀਤ



ਐਸ ਅਸ਼ੋਕ ਭੌਰਾ

ਸਹੋਤੇ ਨੇ ਕੋਈ ਚੋਣ ਨਹੀਂ ਲੜੀ ਪਰ ਰਾਜਨੀਤਕ ਗਲਿਆਰਿਆਂ 'ਚ ਉਹਦਾ ਨਾਂ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਤੁਸੀਂ ਹੈਰਾਨ ਹੋਵੋਗੇ ਕਿ ਉਹ ਕਾਂਗਰਸ ਨਾਲ ਜੁੜਿਆ ਹੋਇਆ ਹੈ ਪਰ ਉਹਦੇ ਅਕਾਲੀ ਵੀ ਗੂੜ੍ਹੇ ਮਿੱਤਰ ਨੇ, 'ਆਪ' ਵਾਲੇ ਵੀ, ਕਾਮਰੇਡ ਵੀ, ਬਸਪਾ ਵਾਲੇ ਵੀ, ਉਹ ਜਵਾਨਾਂ-ਬਜ਼ੁਰਗਾਂ ਸਭ ਦਾ ਮਿੱਤਰ ਹੈ ਤੇ ਆਪਣੀ ਉਮਰ ਵਾਲਿਆਂ ਦਾ ਗੂੜ੍ਹਾ ਮਿੱਤਰ। ਰੰਗ ਗੋਰਾ, ਹੁਣ ਚਿੱਟੀ ਦਾੜ੍ਹੀ ਨਾਲ ਹੋਰ ਵੀ ਨਿਖਰ ਗਿਆ। ਸੱਚੀਂ ਉਹ ਅੰਬੀਆਂ ਦੇ ਦੇਸ਼ ਦੀ ਇੱਕ ਨਿਵੇਕਲੀ ਮਿਠਾਸ ਹੈ ਤੇ ਉਹਨੂੰ ਜਦੋਂ ਵੀ ਮਿਲੋਗੇ ਤਾਂ ਕਈ ਪੱਖਾਂ ਤੋਂ ਤੁਹਾਡਾ ਸਿਧਾਂਤ ਵੀ ਬਦਲ ਜਾਏਗਾ। ਆਮ ਤੌਰ 'ਤੇ ਭਾਵੇਂ ਕਿਹਾ ਜਾਂਦਾ ਹੈ ਕਿ ਚੰਗੇ ਲੋਕਾਂ ਦੀ ਦਿਲਚਸਪੀ ਪੁਸਤਕਾਂ, ਵਿਚਾਰਾਂ ਤੇ ਸਿਧਾਂਤਾਂ ਨਾਲ ਹੁੰਦੀ ਹੈ ਪਰ ਜਦੋਂ ਦਲਜੀਤ ਨੂੰ ਟੱਕਰੋਗੇ ਤਾਂ ਲੱਗੇਗਾ ਕਿ ਸਿਧਾਂਤ ਹੁੰਦੇ ਈ ਚੰਗੇ ਬੰਦਿਆਂ ਕੋਲ ਨੇ। ਜਿਵੇਂ ਮੁਹੰਮਦ ਸਦੀਕ ਨੂੰ ਉਮਰ ਨਹੀਂ ਘੇਰ ਰਹੀ ਉਵੇਂ ਦਲਜੀਤ ਸਹੋਤਾ ਵੀ ਬਚਿਆ ਹੋਇਆ ਹੈ। ਉਹ 30 ਕੁ ਸਾਲ ਪਹਿਲਾਂ ਵੀ ਉਦਾਂ ਦਾ ਹੀ ਸੀ ਜਿੱਦਾਂ ਦਾ ਅੱਜ ਐ। ਅਜਿਹੀ ਸਰੀਰਕ ਦਿੱਖ ਵਾਲੇ ਲੋਕਾਂ ਦੇ ਅੰਦਰ ਗੁਣਾਂ ਦੇ ਖਜ਼ਾਨੇ ਹੁੰਦੇ ਹੀ ਨੇ। ਉਹਦੀ ਇੱਕ ਖਾਸੀਅਤ ਹੈ ਕਿ ਉਹ ਸਾਹਿਤਕ ਮਹਿਫਲਾਂ 'ਚ ਵੀ ਮਿਲ ਪੈਂਦਾ ਹੈ, ਸੰਗੀਤਕ ਮੇਲਿਆਂ 'ਚ ਵੀ, ਖੇਡ ਮੈਦਾਨ 'ਚ ਵੀ ਤੇ ਸਿਆਸੀ ਮੰਚਾਂ 'ਤੇ ਵੀ। ਉਹ ਰਾਹੁਲ ਗਾਂਧੀ ਨਾਲ ਵੀ ਗਲਵੱਕੜੀ ਹੋ ਰਿਹਾ ਹੁੰਦਾ ਹੈ, ਕੈਪਟਨ ਅਮਰਿੰਦਰ ਸਿੰਘ ਨਾਲ ਵੀ ਤੇ ਪ੍ਰਤਾਪ ਬਾਜਵੇ ਨਾਲ ਵੀ, ਆਥਣੇ ਰਾਜਕੁਮਾਰ ਚੱਬੇਵਾਲ ਦੀ ਜੱਫੀ 'ਚ ਹੁੰਦਾ ਹੈ ਤੇ ਸ਼ਾਮ ਨੂੰ ਕਿਸੇ ਅਕਾਲੀ ਨੇਤਾ ਦੇ ਪੁੱਤਰ ਦੇ ਵਿਆਹ ਦੀ ਪਾਰਟੀ 'ਚ।

ਜੁਲਾਈ 1957 'ਚ ਜਨਮੇ ਦਲਜੀਤ ਸਿੰਘ ਸਹੋਤਾ ਦਾ ਪਿਛੋਕੜ ਸਧਾਰਨ ਕਿਰਸਾਨੀ ਪਰਿਵਾਰ ਵਾਲਾ ਹੈ। ਉਸ ਦੇ ਪਿਤਾ ਸੂਬੇਦਾਰ ਮਹਿੰਦਰ ਸਿੰਘ ਸਹੋਤਾ ਫੌਜ 'ਚ ਸੇਵਾ ਕਰਦੇ ਰਹੇ ਨੇ ਮਾਤਾ ਸੁਰਜੀਤ ਕੌਰ ਦੇ ਤਿੰਨ ਪੁੱਤਰਾਂ ਹਰਜੀਤ ਸਿੰਘ ਸਹੋਤਾ, ਹਰਜਿੰਦਰ ਸਿੰਘ ਸਹੋਤਾ ਤੇ ਦਲਜੀਤ ਸਿੰਘ ਸਹੋਤਾ 'ਚੋਂ ਉਹ ਏਸ ਕਰਕੇ ਵੱਧ ਲਾਡਲਾ ਸੀ ਕਿ ਸਮਾਜਿਕ ਗਤੀਵਿਧੀਆਂ ਵਿਚ ਉਹ ਬਾਕੀ ਭਰਾਵਾਂ ਨਾਲੋਂ ਅੱਗੇ ਚਲਦਾ ਰਿਹਾ। ਖਾਲਸਾ ਕਾਲਜ ਮਾਹਿਲਪੁਰ ਵਿਚ ਪੜ੍ਹਦਿਆਂ ਉਸ ਨੂੰ ਰਾਜਨੀਤੀ ਦੀ ਚੇਟਕ ਲੱਗੀ। ਵਿਦਿਆਰਥੀ ਜਥੇਬੰਦੀ ਲਈ 1975 'ਚ ਪਹਿਲੀ ਚੋਣ ਲੜੀ। ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਨਜ਼ਦੀਕੀ ਸਾਥੀ ਰਹੇ ਨਰਿੰਦਰ ਪਾਲ ਸਿੰਘ ਹੁੰਦਲ ਦੇ ਯਤਨਾਂ ਨਾਲ ਉਹ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਹੁਸ਼ਿਆਰਪੁਰੋਂ ਜ਼ਿਲ੍ਹਾ ਪ੍ਰਧਾਨ ਬਣਿਆ, ਰਾਮੂੰਵਾਲੀਆ ਦੀ ਪ੍ਰੇਰਨਾ ਨਾਲ ਸਿਆਸਤ 'ਚ ਹੋਰ ਉੱਤਰਿਆ ਤੇ ਫਿਰ ਵਿਆਹ ਦੇ ਬੰਧਨਾਂ 'ਚ ਬੱਝ ਕੇ ਉਹ ਪਤਨੀ ਰਾਜ ਕੌਰ ਨਾਲ ਇੰਗਲੈਂਡ ਸਥਾਈ ਤੌਰ 'ਤੇ ਚਲਾ ਗਿਆ। ਜਿਹੜੇ ਲੋਕ ਲੈਸਟਰ ਜਾਂ ਇਸ ਏਰੀਏ 'ਚ ਵਸਦੇ ਨੇ ਉਨ੍ਹਾਂ ਨੂੰ ਪਤਾ ਹੈ ਕਿ ਦਲਜੀਤ ਕੋਲ ਮੁਹੱਬਤ ਦਾ ਕਿੱਡਾ ਵੱਡਾ ਕਲਾਵਾ ਹੈ, ਉਹਨੂੰ ਪਿਆਰ ਕਰਨ ਵਾਲੇ ਲੋਕਾਂ ਦੀ ਗਿਣਤੀ ਬਹੁਤ ਵੱਡੀ ਹੈ। ਵਿਦੇਸ਼ ਮੰਤਰੀ ਮਰਹੂਮ ਸ. ਸਵਰਨ ਸਿੰਘ ਦੇ ਪੁੱਤਰ ਸਵ. ਬਲਵੀਰ ਸਿੰਘ ਦੀ ਪ੍ਰੇਰਨਾ ਨਾਲ ਉਹ ਵੱਡੇ ਸਿਆਸੀ ਅਖਾੜੇ 'ਚ ਪ੍ਰਵੇਸ਼ ਹੋਇਆ ਪਰ ਕਦੀ ਇਹ ਇੱਛਾ ਨਹੀਂ ਜਾਗੀ ਕਿ ਕਾਂਗਰਸ ਪਾਰਟੀ ਤੋਂ ਟਿਕਟ ਮੰਗੀ ਜਾਵੇ ਪਰ ਉਹਦਾ ਇੱਕ ਸ਼ੌਕ ਸੀ ਕਿ ਸਿਆਸੀ ਲੋਕਾਂ ਨਾਲ ਨੇੜੇ ਹੋ ਕੇ ਵਿਚਰਨਾ, ਸਿਆਸੀ ਗੱਲਾਂ ਕਰਨੀਆਂ ਤੇ ਕੁਝ ਵਿਥ 'ਤੇ ਰਹਿ ਕੇ ਸਿਆਸਤ ਦੇ ਨਗਾਰਿਆਂ ਲਈ ਕਦੇ-ਕਦੇ ਡਗਾ ਲਗਾਉਣਾ। ਉਹ ਪਹਿਲਾਂ ਇੰਡੀਅਨ ਓਵਰਸੀਜ਼ ਕਾਂਗਰਸ ਦਾ ਇੰਗਲੈਂਡ 'ਚ ਪ੍ਰਧਾਨ ਬਣਿਆ ਤੇ ਫਿਰ ਪੂਰੇ ਯੂਰਪ ਦਾ। ਕੇਵਲ ਢਿੱਲੋਂ ਵੀ ਉਹਦੇ ਗੂੜ੍ਹੇ ਮਿੱਤਰਾ 'ਚੋਂ ਇੱਕ ਸੀ। ਉਹ ਕਈ ਵਾਰੀ ਆਖਦਾ ਕਿ ਮੈਂ ਰਾਜਨੀਤਕ ਸ਼ਾਸਤਰ ਦੀ ਐਮ.ਏ. ਇਸ ਕਰਕੇ ਹੀ ਕੀਤੀ ਸੀ ਕਿ ਰਾਜਨੀਤੀ ਦੇ ਰੰਗ ਮਾਣਾਂਗਾ। 1990 ਤੋਂ 2017 ਤੱਕ ਉਹ ਇੰਡੀਅਨ ਓਵਰਸੀਜ਼ ਕਾਂਗਰਸ ਦਾ ਪ੍ਰਧਾਨ, ਬੇਅੰਤ ਸਿੰਘ ਤੋਂ ਲੈ ਕੇ ਕੈਪਟਨ ਅਮਰਿੰਦਰ ਸਿੰਘ ਤੱਕ ਸਿਆਸੀ ਤੌਰ 'ਤੇ ਮੁੱਖ ਮੰਤਰੀਆਂ ਦੇ ਬਹੁਤ ਨਜ਼ਦੀਕੀ ਰਿਹਾ। 2019-22 ਤੱਕ ਉਹ ਐਨਆਰਆਈ ਕਮਿਸ਼ਨ ਦਾ ਮੈਂਬਰ ਬਣਿਆ ਤੇ ਪ੍ਰਵਾਸੀ ਭਰਾਵਾਂ ਦੇ ਮਸਲਿਆਂ ਨੂੰ ਨੇੜੇ ਤੋਂ ਜਾਣਦਾ ਹੋਣ ਕਰਕੇ ਇਨ੍ਹਾਂ ਨੂੰ ਹੱਲ ਕਰਵਾਉਣ 'ਚ ਮਹੱਤਵਪੂਰਨ ਭੂਮਿਕਾ ਨਿਭਾਈ।

ਦਲਜੀਤ ਸਹੋਤਾ ਜਦੋਂ ਬੁੱਲ੍ਹਾਂ 'ਚ ਹੱਸਦਾ ਹੋਵੇ, ਅੱਖਾਂ ਘੁੱਟ ਲਵੇ ਤਾਂ ਉਹਨੂੰ ਜਾਨਣ ਵਾਲੇ ਸਮਝ ਜਾਂਦੇ ਨੇ ਕਿ ਗੱਲ ਕੋਈ ਖਾਸ ਹੀ ਹੈ। ਉਹ ਅੰਦਰਲੀਆਂ ਫਰੋਲਣ ਲੱਗ ਪੈਂਦਾ ਕਿ ਸਮੁੰਦਰ ਦੇ ਕੰਢੇ 'ਤੇ ਸੈਰ ਕਰੋਗੇ ਤਾਂ ਵਧੇਰੇ ਆਨੰਦ



ਬਰਲਿਨ (ਜਰਮਨ) 'ਚ ਰਾਹੁਲ ਗਾਂਧੀ ਨਾਲ ਦਲਜੀਤ ਸਿੰਘ ਸਹੋਤਾ।

ਆਏਗਾ ਤੇ ਜੇ ਸਮੁੰਦਰ 'ਚ ਵੜੋਗੇ ਤਾਂ....! ਮੈਂ ਰਾਜਨੀਤਿਕ ਲੋਕਾਂ ਦੇ ਨੇੜੇ ਰਿਹਾ ਹਾਂ ਪਰ ਮੈਂ ਕਿਸੇ ਵੀ ਅਹੁਦੇ ਦਾ ਐਮ.ਐਲ.ਏ. ਬਣਨ ਦਾ ਲਾਲਚ ਕਰਦਾ ਹੀ ਨਹੀਂ ਸੀ ਕਿਉਂਕਿ ਮੇਰੀਆਂ ਇੱਛਾਵਾਂ ਹੀ ਸੀਮਤ ਸਨ, ਜਿਨ੍ਹਾਂ ਨੂੰ ਮੈਂ ਹਾਸਿਲ ਕਰਨ ਦਾ ਯਤਨ ਕੀਤਾ ਤੇ ਇਹਦੇ ਵਿਚ ਕਾਮਯਾਬ ਵੀ ਰਿਹਾ। ਉਹ ਇਹਦੀ ਇੱਕ ਉਦਾਹਰਣ ਹੈ ਕਿ ਪਿਛਲੇ ਸਾਲ ਬਰਲਿਨ (ਜਰਮਨ) 'ਚ ਰਾਹੁਲ ਗਾਂਧੀ ਪੁੱਜੇ ਤਾਂ ਸਹੋਤਾ ਦੀਆਂ ਵਿਸ਼ੇਸ਼ ਸੇਵਾਵਾਂ ਹਾਸਿਲ ਕੀਤੀਆਂ ਗਈਆਂ। ਬਲਬੀਰ ਸਿੰਘ, ਸੋਨੀਆ ਗਾਂਧੀ, ਪ੍ਰਣਬ ਮੁਖਰਜੀ, ਪ੍ਰਤਾਪ ਸਿੰਘ ਬਾਜਵਾ ਨਾਲ ਉਹਦੇ ਬਹੁਤ ਨੇੜਲੇ ਤੇ ਭਰੋਸੇਯੋਗ ਸਬੰਧ ਬਣੇ ਰਹੇ। ਉਹ ਕਹੇਗਾ ਕਿ ਊਣਤਾਈਆਂ ਕਿਸ ਪਾਰਟੀ 'ਚ ਨਹੀਂ? ਕੁਤਾਹੀਆਂ ਕਿਸ ਨੇ ਨੀ ਕੀਤੀਆਂ ਪਰ ਫਿਰ ਵੀ ਦੇਸ਼ ਨੂੰ ਚੰਗਾ ਮਾਣ-ਸਤਿਕਾਰ ਦਵਾਉਣ 'ਚ ਇਸ ਪਾਰਟੀ ਦਾ ਵੱਡਾ ਯੋਗਦਾਨ ਹੈ।

ਇੰਗਲੈਂਡ ਆ ਕੇ ਦਲਜੀਤ ਸਹੋਤਾ ਨੇ ਪਹਿਲਾਂ ਫਾਊਂਡਰੀ 'ਚ ਕੰਮ ਕੀਤਾ, ਫਿਰ ਕੱਪੜੇ ਦੇ ਕਾਰੋਬਾਰੀ ਸ਼ਹਿਰ ਲੈਸਟਰ 'ਚ ਹੌਜਰੀ ਉਦਯੋਗ 'ਚ ਗਹਿ-ਗੱਚ ਹੋ ਕੇ ਤੇ ਟੈਕਸਟਾਈਲ ਵਿਚ ਇੱਕ ਟਰੇਡ ਬਣਿਆ ਤੇ ਪ੍ਰਿੰਟਿੰਗ ਐਂਬਰੌਡਰੀ 'ਚ ਉਸ ਦੀਆਂ ਜ਼ਿਕਰਯੋਗ ਪ੍ਰਾਪਤੀਆਂ ਨੇ। ਹੌਲੀ-ਹੌਲੀ ਉਸਨੇ ਇਸ ਕੰਮ ਤੋਂ ਕਿਨਾਰਾ ਕਰ ਲਿਆ। ਹੁਣ ਇੰਗਲੈਂਡ 'ਚ ਆਪਣੇ ਜੀਵਨ ਨਿਰਬਾਹ ਲਈ ਹੀ ਕਾਰੋਬਾਰ ਹੈ। ਉਸਦੀ ਇੱਕ ਧੀ ਹਰਦੀਸ਼ ਕੌਰ ਤੇ ਪੁੱਤਰ ਕੁਲਜੀਤ ਸਹੋਤਾ ਤੇ ਬਹੂ ਸੁਮਨਦੀਪ ਕੌਰ ਸਾਲਿਸਟਰ ਨੇ।

ਕਿਸੇ ਵੀ ਰਾਜਨੀਤਿਕ ਤਾਕਤ ਤੋਂ ਬਿਨਾਂ ਮਾਹਿਲਪੁਰ ਦੇ ਵਿਕਾਸ ਕਾਰਜਾਂ 'ਚ ਦਲਜੀਤ ਸਹੋਤਾ ਦਾ ਵੀ ਇੱਕ ਨਾਂ ਆ ਤੇ ਇਹ ਕੰਮ ਚਾਹੇ ਉਸਨੇ ਰਾਜਕੁਮਾਰ ਤੋਂ ਕਰਵਾਏ ਹੋਣ, ਚਾਹੇ ਸੋਹਣ ਸਿੰਘ ਠੰਡਲ ਤੋਂ ਤੇ ਚਾਹੇ ਵਿਧਾਇਕ ਇਸ਼ਾਕ ਕੁਮਾਰ ਤੋਂ ਪਰ ਕਿਸੇ ਵੀ ਰਾਜਸੀ ਪਾਰਟੀ ਦੇ ਨੇਤਾ ਲਈ ਉਹ ਸਤਿਕਾਰਤ ਨਾਂ ਹੈ। ਹੈਰਾਨ ਹੋਵੋਗੇ ਕਿ ਉਹਦੇ ਮਿੱਤਰਾਂ ਦਾ ਘੇਰਾ ਬੜਾ ਵਿਸ਼ਾਲ ਹੈ। ਰਾਜਨੀਤੀ 'ਚ ਬਲਵੰਤ ਸਿੰਘ ਰਾਮੂੰਵਾਲੀਆ ਦੇ ਬਹੁਤ ਨੇੜੇ ਰਿਹਾ, ਸੁਖਦੇਵ ਸਿੰਘ ਢੀਂਡਸਾ ਦੇ ਵੀ, ਦੇਸ਼ ਪ੍ਰਦੇਸ਼ ਦੇ ਮਾਲਕ ਰਹੇ ਤਰਸੇਮ ਸਿੰਘ ਪੁਰੇਵਾਲ ਦੇ ਵੀ, ਗੁਰਬਖਸ਼ ਸਿੰਘ ਵਿਰਕ ਨਾਲ ਵੀ ਉਸ ਦੇ ਚੰਗੇ ਤਲੁਕਾਤ ਸਨ, ਕਨੇਡਾ ਤੋਂ ਛਪਦੇ 'ਇੰਡੋ-ਕਨੇਡੀਅਨ ਟਾਇਮਜ਼' ਦੇ ਤਾਰਾ ਸਿੰਘ ਹੇਅਰ ਨਾਲ ਵੀ ਦਲਜੀਤ ਦੀ ਗੂੜ੍ਹੀ ਦੋਸਤੀ ਸੀ ਤੇ ਉਹ ਕਹੇਗਾ ਕਿ ਮੈਨੂੰ ਡਾ. ਬਰਜਿੰਦਰ ਸਿੰਘ ਹਮਦਰਦ ਹੋਰਾਂ ਨੇ ਹਮੇਸ਼ਾ ਛੋਟੇ ਭਰਾਵਾਂ ਵਾਂਗ ਥਾਪੜਾ ਦੇ ਕੇ ਜ਼ਿੰਦਗੀ 'ਚ ਸਮਰੱਥ ਤੇ ਯੋਗ ਹੋਣ ਲਈ ਅਗਵਾਈ ਦਿੱਤੀ ਹੈ।

ਜਿਵੇਂ ਸਿਆਣੇ ਕਹਿੰਦੇ ਨੇ ਕਿ ਵਿਆਹ ਤਾਂ ਧੀਆਂ ਦੇ ਹੀ ਕਰਨੇ ਹੁੰਦੇ ਨੇ ਮੁੰਡਿਆਂ ਦੇ ਤਾਂ ਹੋ ਹੀ ਜਾਂਦੇ ਨੇ, ਇਵੇਂ ਕਹਿੰਦੇ ਕਿ ਰੋਟੀ ਤਾਂ ਸਾਰਿਆਂ ਨੂੰ ਮਿਲਦੀ ਹੀ ਰਹੇਗੀ ਪਰ ਚੰਗਾ ਬਣ ਕੇ ਗੁਜ਼ਰਨਾ, ਅਸੂਲਾਂ ਤੇ ਆਦਰਸ਼ਾਂ ਨੂੰ ਕਾਇਮ ਰੱਖਣਾ, ਸਿਧਾਂਤਾਂ 'ਤੇ ਪਹਿਰਾ ਦੇਣਾ, ਚਿਹਰੇ 'ਤੇ ਮੁਸਕਰਾਹਟ ਰੱਖਣੀ, ਈਰਖਾ ਤੋਂ ਪਰ੍ਹੇ ਰਹਿਣਾ, ਮੁਹੱਬਤ ਦੇ ਦਾਇਰੇ ਵੱਡੇ ਕਰਨੇ, ਚਿੱਟੇ ਚਾਦਰੇ ਨਾ ਵੀ ਹੋਣ ਪਰ ਕੋਈ ਦਾਗ ਨਾ ਲੱਗਣ ਦੇਣਾ, ਇਹ ਸਾਰਾ ਕੁਝ ਦਲਜੀਤ ਸਹੋਤਾ ਤੇ ਇਰਦ-ਗਿਰਦ ਘੁੰਮਦਾ ਰਿਹਾ ਹੈ। ਉਹ ਪਿਛਲੇ 35 ਸਾਲਾਂ ਤੋਂ ਸਾਡਾ ਗੂੜ੍ਹਾ ਮਿੱਤਰ ਹੈ, ਬੜੀਆਂ ਮੁਲਾਕਾਤਾਂ ਇੰਗਲੈਂਡ, ਅਮਰੀਕਾ ਤੇ ਮਾਹਿਲਪੁਰ ਹੁੰਦੀਆਂ ਰਹੀਆਂ ਨੇ, ਉਹ ਚੰਗਾ ਬੁਲਾਰਾ ਹੈ, ਚੰਗਾ ਗੀਤ-ਸੰਗੀਤ ਸੁਣਨ ਦਾ ਸ਼ੌਕੀਨ ਹੈ ਤੇ ਸਭ ਤੋਂ ਵੱਡੀ ਗੱਲ ਹੈ ਕਿ ਉਹ ਇਨਸਾਨ ਹੈ ਤੇ ਇਨਸਾਨ ਹੋਣਾ ਹੀ ਆਪਣੇ ਆਪ 'ਚ ਇੱਕ ਖਾਸ ਗੱਲ ਹੁੰਦੀ ਆ। ਜਿਹੜੇ ਹੁਣ ਤੱਕ ਦਲਜੀਤ ਸਹੋਤਾ ਨੂੰ ਨਹੀਂ ਮਿਲੇ ਉਹ ਇੰਗਲੈਂਡ ਗਏ ਤਾਂ ਉਹ ਲੈਸਟਰ ਮਿਲ ਜਾਏਗਾ ਤੇ ਸਾਲ ਦਾ ਅੱਧਾ ਕੁ ਸਮਾਂ ਉਹ ਪੰਜਾਬ ਹੁੰਦਾ ਫਿਰ ਮਾਹਿਲਪੁਰ ਜਾ ਆਇਓ, ਨਾਲੇ ਤੁਹਾਨੂੰ ਅੰਬ ਦਾ ਸੁਆਦ ਦਿਖਾਏਗਾ ਨਾਲੇ ਹਰ ਤਰ੍ਹਾਂ ਦੀ ਰੱਜ ਕੇ ਸੇਵਾ 'ਤੇ ਲੱਗੇਗਾ 'ਕਈ ਕੁਝ' ਨਾਲ ਪੱਲਾ ਭਰ ਲਿਆਏ ਹਾਂ। ਇਹ ਦਲਜੀਤ ਸਹੋਤਾ ਦੀ ਖਾਸੀਅਤ ਹੈ ਕਿ ਲੰਬੇ ਹੋਣ ਦਾ ਯਤਨ ਨਾ ਕਰੋ, ਉੱਚੇ ਹੋਣ ਲਈ ਸੰਘਰਸ਼ ਕਰੋ...ਤੇ ਉਹਦੇ ਭੇਦ ਤੇ ਗੱਲ ਵੀ ਇਹੋ ਖਾਸ ਹੈ।

# ਭੂਆ-ਮੋਹ, ਤਿਆਗ ਅਤੇ ਦੁਆਵਾਂ ਦਾ ਇਲਾਹੀ ਮੁਜੱਸਮਾ

## ਯਾਦਾਂ ਦੀ ਕਿਤਾਬ ਦੇ ਸੁਨਹਿਰੀ ਪੰਨੇ

ਇਸ ਨਾਸ਼ਵਾਨ ਸੰਸਾਰ ਵਿਚ ਕੁਝ ਰਿਸ਼ਤੇ ਖ਼ੂਨ ਦੀਆਂ ਤੰਦਾਂ ਤੋਂ ਕਿਤੇ ਪਾਰ, ਸਿੱਧੇ ਰੂਹਾਂ ਨਾਲ ਜੁੜੇ ਹੁੰਦੇ ਹਨ। ਵਕਤ ਦੀ ਧੂੜ ਭਾਵੇਂ ਕਿੰਨੀ ਵੀ ਸੰਘਣੀ ਕਿਉਂ ਨਾ ਹੋ ਜਾਵੇ, ਪਰ ਇਨ੍ਹਾਂ ਰਿਸ਼ਤਿਆਂ ਦੀ ਪਾਕੀਜ਼ਗੀ ਉੱਤੇ ਕਦੇ ਕੋਈ ਧੁੰਦਲਾਪਣ ਨਹੀਂ ਆਉਂਦਾ। ਮੇਰੀ 'ਬਠਿੰਡੇ ਵਾਲੀ ਭੂਆ' ਅਤੇ ਮੇਰੇ ਦਾਦਾ ਜੀ ਦਾ ਰਿਸ਼ਤਾ ਵੀ ਕੁਝ ਅਜਿਹਾ ਹੀ ਸੀ। ਉਂਜ ਤਾਂ ਰਿਸ਼ਤੇ ਵਿਚ




ਨਵਦੀਪ ਸਿੰਘ ਝੁਨੀਰ (ਮਾਨਸਾ)
ਫੋਨ: +91-98769-68193

ਉਹ ਮੇਰੇ ਪਿਤਾ ਜੀ ਦੇ ਭੂਆ ਲੱਗਦੇ ਸਨ, ਪਰ ਸਾਡੇ ਘਰ ਵਿਚ ਮੋਹ ਦੀਆਂ ਤੰਦਾਂ ਇੰਨੀਆਂ ਪੀਢੀਆਂ ਸਨ ਕਿ ਅਸੀਂ ਸਾਰਾ ਪਰਿਵਾਰ ਹੀ ਉਨ੍ਹਾਂ ਨੂੰ ਬੜੇ ਮਾਣ ਅਤੇ ਚਾਅ ਨਾਲ ਭੂਆ ਕਹਿ ਕੇ ਬੁਲਾਉਂਦੇ ਸਾਂ। ਉਹ ਦੋਵੇਂ ਭੈਣ-ਭਰਾ ਆਪੋ-ਆਪਣੇ ਮਾਪਿਆਂ ਦੀਆਂ ਇਕਲੌਤੀਆਂ ਨਿਸ਼ਾਨੀਆਂ ਸਨ। ਦਾਦਾ ਜੀ ਇਕੱਲੇ ਭਰਾ ਅਤੇ ਭੂਆ ਜੀ ਉਨ੍ਹਾਂ ਦੀ ਇਕਲੌਤੀ ਭੈਣ। ਸ਼ਾਇਦ ਇਸੇ ਲਈ ਉਨ੍ਹਾਂ ਦਾ ਆਪਸੀ ਮੋਹ ਕਿਸੇ ਆਮ ਭੈਣ-ਭਰਾ ਦੀ ਸਾਂਝ ਨਾਲੋਂ ਕਿਤੇ ਵੱਧ, ਰੂਹਾਨੀਅਤ ਦੀਆਂ ਹੱਦਾਂ ਨੂੰ ਛੂੰਹਦਾ ਸੀ।

ਭੂਆ ਸਾਡੇ ਪੂਰੇ ਪਰਿਵਾਰ ਦੇ ਵਿਹੜੇ ਵਿਚ ਮੁਹੱਬਤ, ਮੋਹ ਅਤੇ ਆਪਣੇਪਣ ਦਾ ਇਕ ਅਜਿਹਾ ਸੰਘਣਾ ਬੋਹੜ ਸੀ, ਜਿਸ ਦੀ ਠੰਢੀ ਛਾਂ ਹੇਠ ਬੈਠ ਕੇ ਅਸੀਂ ਰਿਸ਼ਤਿਆਂ ਦੇ ਅਸਲ ਮਾਅਨੇ ਸਿੱਖੇ। ਜਦੋਂ ਵੀ ਮੈਂ ਭੂਆ ਨੂੰ ਦੇਖਦਾ ਤਾਂ ਮੈਨੂੰ ਜਾਪਦਾ ਜਿਵੇਂ ਕੁਦਰਤ ਨੇ ਬੜੀ ਅਕੀਦਤ ਨਾਲ ਕੋਈ ਮੂਰਤ ਉਲੀਕੀ ਹੋਵੇ। ਕੱਦ ਦੀ ਨਿੱਕੀ ਜਿਹੀ, ਸਰੀਰ ਪੱਖੋਂ ਬਿਲਕੁਲ ਪਤਲੀ-ਛਾਂਟੀ ਹੋਈ, ਪਰ ਰੰਗ ਐਨਾ ਗੋਰਾ-ਨਿਛੋਹ ਅਤੇ ਨੈਣ-ਨਕਸ਼ ਐਨੇ ਤਿੱਖੇ ਕਿ ਬੁਢਾਪੇ ਦੀਆਂ ਬਰੂਹਾਂ 'ਤੇ ਪਹੁੰਚ ਕੇ ਵੀ ਉਸ ਦੇ ਚਿਹਰੇ ਦਾ ਨੂਰ ਮੱਧਮ ਨਹੀਂ ਸੀ ਪਿਆ।

ਇਸ ਸੰਸਾਰ 'ਤੇ ਲਗਭਗ ਨੱਬੇ ਵਰ੍ਹਿਆਂ ਦੀ ਉਮਰ ਹੰਢਾਉਣ ਵਾਲੀ ਦੋਹਤਿਆਂ-ਪੋਤਿਆਂ ਵਾਲੀ ਇਹ ਬੁੱਢੀ ਕਾਕੀ ਜਦੋਂ ਆਪਣੇ ਪੇਕੇ ਘਰ ਆਉਂਦੀ, ਤਾਂ ਉਹ ਬਜ਼ੁਰਗ ਨਹੀਂ ਰਹਿੰਦੀ ਸੀ। ਉਸ ਦੇ ਅੰਦਰ ਉਹੀ ਮਾਸੂਮ ਬੱਚੀ ਜਾਗ ਪੈਂਦੀ ਜਿਸ ਨੇ ਕਦੇ ਇਸੇ ਵਿਹੜੇ ਦੀ ਮਿੱਟੀ ਵਿਚ ਖੇਡਦਿਆਂ ਜਵਾਨੀ ਦੀਆਂ ਦਹਿਲੀਜ਼ਾਂ 'ਤੇ ਪੈਰ ਰੱਖਿਆ ਸੀ। ਉਸ ਨੂੰ ਕਦੇ ਜਾਪਿਆ ਹੀ ਨਹੀਂ ਸੀ ਕਿ ਵਿਆਹ ਕੇ ਵਿਦਾ ਹੋਣ ਤੋਂ ਬਾਅਦ ਇਹ ਘਰ ਪਿੱਛੇ ਛੁੱਟ ਗਿਆ ਹੈ। ਉਹ ਇਸ ਘਰ ਨੂੰ ਓਨਾ ਹੀ ਆਪਣਾ ਸਮਝਦੀ ਸੀ ਜਿੰਨਾ ਕਿ ਆਪਣੇ ਬਚਪਨ ਵਿਚ ਸਮਝਦੀ ਸੀ।

ਇਸ ਭੈਣ-ਭਰਾ ਦੇ ਅਥਾਹ ਪਿਆਰ ਦੀਆਂ ਜੜ੍ਹਾਂ ਕਿੰਨੀਆਂ ਡੂੰਘੀਆਂ ਸਨ, ਇਸ



ਕਦੇ-ਕਦੇ ਤਾਂ ਭੂਆ ਨੇ ਵੀਹ-ਵੀਹ ਦਿਨਾਂ ਲਈ ਪੇਕੇ ਆ ਜਾਣਾ, ਤਾਂ ਸਾਡੇ ਘਰ ਦਾ ਮਾਹੌਲ ਕਿਸੇ ਤਿਉਹਾਰ ਵਰਗਾ ਹੋ ਜਾਂਦਾ। ਆਉਂਦੇ ਸਾਰ ਭੂਆ ਨੇ ਚਰਖਾ ਡਾਹ ਲੈਣਾ ਅਤੇ ਲੰਮੀ ਹੇਕ ਵਿਚ ਗੀਤ ਗਾਉਂਦੇ ਹੋਏ ਕੱਤਦੇ ਰਹਿਣਾ। ਮੇਰੀਆਂ ਭੈਣਾਂ ਭੂਆ ਦੇ ਦੁਆਲੇ ਝੁਰਮਟ ਪਾ ਕੇ ਬੈਠ ਜਾਂਦੀਆਂ, ਕੋਈ ਕੱਤਣ ਦਾ ਵੱਲ ਸਿੱਖਦੀ ਤੇ ਕੋਈ ਪੁਰਾਣੀਆਂ ਬਾਤਾਂ ਵਿਚ ਗਵਾਚ ਜਾਂਦੀ। ਉਹ ਸਿਰਫ਼ ਚਰਖਾ ਨਹੀਂ ਕੱਤਦੀ ਸੀ, ਉਹ ਸਾਡੇ ਪਰਿਵਾਰ ਦੇ ਮੋਹ ਦੀਆਂ ਤੰਦਾਂ ਨੂੰ ਹੋਰ ਪੀਢਾ ਕਰਦੀ ਸੀ।

ਦਾ ਅਹਿਸਾਸ ਮੈਨੂੰ ਮੇਰੇ ਪਿਤਾ ਜੀ ਵੱਲੋਂ ਸੁਣਾਈ ਇਕ ਪੁਰਾਣੀ ਘਟਨਾ ਤੋਂ ਹੁੰਦਾ ਹੈ। ਗੱਲ ਉਦੋਂ ਦੀ ਹੈ ਜਦੋਂ ਭੂਆ ਹਾਲੇ ਕੁਆਰੀ ਸੀ। ਸਾਡੇ ਘਰ ਦੇ ਬਿਲਕੁਲ ਸਾਹਮਣੇ ਇਕ ਖੂਹੀ ਹੁੰਦੀ ਸੀ, ਜਿੱਥੇ ਪਿੰਡ ਦੀਆਂ ਸੁਆਣੀਆਂ ਪਾਣੀ ਭਰਿਆ ਕਰਦੀਆਂ ਸਨ। ਇਕ ਦਿਨ ਪਾਣੀ ਭਰਦਿਆਂ ਅਚਾਨਕ ਭੂਆ ਦਾ ਪੈਰ ਤਿਲਕ ਗਿਆ ਤੇ ਉਹ ਇਸ ਡੂੰਘੀ ਹਨੇਰੀ ਖੂਹੀ 'ਚ ਡਿੱਗ ਪਈ। ਇਹ ਖ਼ਬਰ ਸੁਣਦਿਆਂ ਹੀ ਮੇਰੇ ਦਾਦਾ ਜੀ ਨੂੰ ਜਿਵੇਂ ਹੱਥਾਂ-ਪੈਰਾਂ ਦੀ ਪੈ ਗਈ। ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ, ਆਪਣੀ ਜਾਨ ਤੋਂ ਪਿਆਰੀ ਭੈਣ ਨੂੰ ਬਚਾਉਣ ਲਈ ਉਹ ਉਸੇ ਵਕਤ ਖੂਹੀ ਵਿਚ ਕੁੱਦ ਪਏ ਅਤੇ ਭੂਆ ਨੂੰ ਸਹੀ-ਸਲਾਮਤ ਬਾਹਰ ਕੱਢ ਲਿਆਏ। ਇਹ ਮਹਿਜ਼ ਇਕ ਘਟਨਾ ਨਹੀਂ, ਸਗੋਂ ਉਸ ਮੁਹੱਬਤ ਦਾ ਪ੍ਰਮਾਣ ਸੀ, ਜਿੱਥੇ ਇਕ ਭਰਾ ਲਈ ਆਪਣੀ ਭੈਣ ਦੇ ਸਾਹਾਂ ਤੋਂ ਕੀਮਤੀ ਹੋਰ ਕੁਝ ਨਹੀਂ ਸੀ। ਉਨ੍ਹਾਂ ਦੀ ਇਹ ਮੁਹੱਬਤ ਭੂਆ ਦੇ ਵਿਆਹ ਤੋਂ ਬਾਅਦ ਵੀ ਕਦੇ ਮੱਧਮ ਨਹੀਂ ਪਈ।

ਭੂਆ ਬਠਿੰਡੇ ਦੇ ਬਿਲਕੁਲ ਨਾਲ ਵਸੇ ਪਿੰਡ ਮਹਿਣਾ ਵਿਖੇ ਵਿਆਹੀ ਹੋਈ ਸੀ। ਪੁਰਾਣੇ ਸਮਿਆਂ ਵਿਚ ਜਦੋਂ ਬਠਿੰਡਾ ਇੱਕ ਛੋਟਾ ਕਸਬਾ ਹੁੰਦਾ ਸੀ, ਤਾਂ ਇਹ ਮੁੱਖ ਤੌਰ 'ਤੇ ਦੋ ਵੱਡੀਆਂ ਪੱਤੀਆਂ, ਮਹਿਣਾ ਅਤੇ ਝੁੱਟੀ ਪੱਤੀ ਵਿਚ ਵੰਡਿਆ ਹੋਇਆ ਸੀ, ਕੁਝ ਸਮੇਂ ਬਾਅਦ ਇਹ ਪਿੰਡ ਫੌਜ ਦੀ ਛਾਉਣੀ (ਬਠਿੰਡਾ ਮਿਲਟਰੀ ਸਟੇਸ਼ਨ) ਦੇ ਘੇਰੇ ਵਿਚ ਆ ਗਿਆ, ਤਾਂ ਪਿੰਡ ਦੇ ਜ਼ਿਆਦਾਤਰ ਲੋਕਾਂ ਵਾਂਗ ਭੂਆ ਦਾ ਪਰਿਵਾਰ ਵੀ ਬਠਿੰਡਾ ਸ਼ਹਿਰ ਵਿਖੇ ਆ ਕੇ ਵਸ ਗਿਆ। ਭੂਆ ਆਪਣੇ ਘੁੱਗ ਵੱਸਦੇ ਪਰਿਵਾਰ, ਪੁੱਤਾਂ-ਪੋਤਿਆਂ ਵਿਚ ਪੂਰੀ ਤਰ੍ਹਾਂ ਸੁਖੀ ਸੀ। ਪਰ ਉਸ ਦੀ ਰੂਹ ਹਮੇਸ਼ਾ ਆਪਣੇ ਪੇਕੇ ਪਿੰਡ ਅਤੇ ਆਪਣੇ ਵੀਰ ਦੇ ਵਿਹੜੇ 'ਚ ਹੀ ਵਸਦੀ। ਜਦੋਂ ਵੀ ਕਦੇ ਅਸਮਾਨ ਵਿਚ ਕਾਲੀਆਂ ਘਟਾਵਾਂ ਚੜ੍ਹ ਕੇ ਆਉਂਦੀਆਂ ਤੇ ਮੀਂਹ ਪੈਣ ਲੱਗਦਾ, ਤਾਂ ਭੂਆ ਦੇ ਦੋਵੇਂ ਹੱਥ ਆਪ-ਮੁਹਾਰੇ ਰੱਬ ਅੱਗੇ ਜੁੜ ਜਾਂਦੇ। ਉਹ ਅਰਦਾਸ ਕਰਦੀ, 'ਹੇ ਸੱਚੇ ਪਾਤਸ਼ਾਹ! ਤੂੰ ਬੇਸ਼ੱਕ ਇੱਥੇ ਮੀਂਹ ਨਾ ਪਾਵੀਂ, ਪਰ ਮੇਰੇ ਬਾਈ ਦੇ ਖੇਤਾਂ ਵਿਚ ਮਿਹਰ ਦਾ ਮੀਂਹ ਜ਼ਰੂਰ ਵਰ੍ਹਾਈਂ, ਕਿਉਂਕਿ ਉਸ ਦੀਆਂ ਫ਼ਸਲਾਂ ਨੂੰ ਪਾਣੀ ਦੀ ਬੜੀ ਲੋੜ ਹੈ।' ਜਦੋਂ ਮੈਂ ਇਹ ਗੱਲਾਂ ਸੁਣਦਾ ਹਾਂ, ਤਾਂ ਭੂਆ ਮੈਨੂੰ ਮੁਹੱਬਤ ਅਤੇ ਤਿਆਗ ਦਾ ਇਕ ਅਜਿਹਾ ਇਲਾਹੀ ਮੁਜੱਸਮਾ ਲੱਗਦੀ ਹੈ। ਭੂਆ ਦੀਆਂ ਗੱਲਾਂ ਵਿਚ ਹਮੇਸ਼ਾ 'ਮੇਰੇ ਬਾਈ ਦਾ ਖੇਤ', 'ਮੇਰੇ ਬਾਈ ਦਾ ਘਰ' ਵਰਗੇ ਸ਼ਬਦ ਉਸ ਦੇ ਅੰਦਰਲੇ ਇਸੇ ਅਥਾਹ ਸਤਿਕਾਰ ਦੀ ਗਵਾਹੀ ਭਰਦੇ।

ਕਦੇ-ਕਦੇ ਤਾਂ ਭੂਆ ਨੇ ਵੀਹ-ਵੀਹ ਦਿਨਾਂ ਲਈ ਪੇਕੇ ਆ ਜਾਣਾ, ਤਾਂ ਸਾਡੇ ਘਰ ਦਾ ਮਾਹੌਲ ਕਿਸੇ ਤਿਉਹਾਰ ਵਰਗਾ ਹੋ ਜਾਂਦਾ। ਆਉਂਦੇ ਸਾਰ ਭੂਆ ਨੇ ਚਰਖਾ ਡਾਹ ਲੈਣਾ ਅਤੇ ਲੰਮੀ

(ਬਾਕੀ ਅਗਲੇ ਸਫੇ 'ਤੇ)

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਸਿਹਤ ਪੂਰੀ ਤਰ੍ਹਾਂ ਠੀਕ ਨਾ ਹੋਣ ਕਾਰਨ ਮੈਂ ਖ਼ੁਦ ਪੰਜਾਬ ਦੇ ਪਿੰਡਾਂ ਵਿਚ ਨਹੀਂ ਜਾ ਸਕਦਾ। ਕੁਝ ਏਸ ਲਈ ਵੀ ਕਿ ਹੁਣ ਮੈਨੂੰ ਕਾਰ ਚਲਾਉਣਾ ਮਨ੍ਹਾਂ ਹੈ। ਰਿਸ਼ਤੇਦਾਰਾਂ ਤੇ ਅੰਗੀਆਂ-ਸੰਗੀਆਂ ਤੋਂ ਪੰਜਾਬ ਦੇ ਪਿੰਡਾਂ ਦੀ ਖ਼ਬਰ ਲਗਾਤਾਰ ਮਿਲਦੀ ਰਹਿੰਦੀ ਹੈ। ਪੁਰਾਣੇ ਖੂਹਾਂ ਦੇ ਢਕੇ ਜਾਣ ਸਦਕਾ ਉਨ੍ਹਾਂ ਉਪਰੋਂ ਗੱਡੇ ਗੱਡੀਆਂ ਲੰਘਣ ਦੀ ਵੀ ਤੇ ਬਾਰਸ਼ ਨਾ ਹੋਣ ਦੀ ਸੂਰਤ ਵਿਚ ਫ਼ਸਲਾਂ ਦੇ ਮੁਰਝਾਉਣ ਤੇ ਝਾੜ ਘੱਟ ਮਿਲਣ ਦੀ ਵੀ। ਪੇਂਡੂ ਕਵੀ ਦੇ ਕਹਿਣ ਵਾਂਗ:

ਪੱਕੀ ਫ਼ਸਲ ਦੇਖ ਕੇ ਗਰਭ ਕਰੇ ਕਿਰਸਾਨ
ਨ੍ਹੇਰੀ ਝੱਖੜ ਬਹੁਤ ਹੈ, ਘਰ ਆਈ ਤਾਂ ਜਾਣ

ਚੋਣਾਂ ਨੇੜੇ ਆਉਣ ਕਾਰਨ ਵੋਟਾਂ ਬਟੋਰਨ ਲਈ ਹਾਕਮ ਜਮਾਤਾਂ ਵਲੋਂ ਕੀਤੇ ਜਾ ਰਹੇ ਪਾਖੰਡਾਂ ਬਾਰੇ ਵੀ। ਖਾਸ ਕਰਕੇ ਅਜਿਹੇ ਲੁਭਾਉਣੇ ਬਿਆਨਾਂ ਬਾਰੇ ਜਿਨ੍ਹਾਂ ਵਿਚ ਬੀਬੀਆਂ, ਭੈਣਾਂ ਤੇ ਮਾਵਾਂ ਨੂੰ ਮਾਹਵਾਰੀ ਪੈਨਸ਼ਨਾਂ ਦਿੱਤੀਆਂ ਜਾਂਦੀਆਂ ਹਨ। ਇਹ ਵਾਲੇ ਬਿਨ ਮੰਗੇ ਸਾਧਨ ਬਿਆਨਾਂ ਤੱਕ ਹੀ ਸੀਮਤ ਨਹੀਂ ਗਰੀਬੀ ਰੇਖਾ ਤੋਂ ਥੱਲੇ ਵਾਲੇ ਹਰ ਵਿਅਕਤੀ ਦੇ ਘਰ ਪਹੁੰਚਦੇ ਕਰ ਦਿੱਤੇ ਜਾਂਦੇ ਹਨ। ਸੁਣਨ ਵਿਚ ਤਾਂ ਇਹ ਵੀ ਆਇਆ ਹੈ ਕਿ ਖਾਣ-ਪੀਣ ਦਾ ਸਮਾਨ ਗੱਡੀਆਂ ਉੱਤੇ ਲੱਦ ਕੇ ਸਰਕਾਰੀ ਕਾਰਕੁਨ ਹੋਕਾ ਦਿੰਦੇ ਫਿਰਦੇ ਹਨ ਕਿ ਸਾਰੇ ਮਾਈ ਭਾਈ, ਖਾਸ ਕਰਕੇ ਗਰੀਬੀ ਰੇਖਾ ਤੋਂ ਥੱਲੇ ਵਾਲੇ ਆਪੋ ਆਪਣੀਆਂ ਬਾਲਟੀਆਂ ਤੇ ਥੈਲੇ ਲੈ ਕੇ ਪਿੰਡਾਂ ਦੇ ਚੌਕਾਂ, ਜਾਂ ਢਕੇ ਜਾ ਚੁਕੇ ਖੂਹਾਂ ਵਾਲੀ ਥਾਂ ਉੱਤੇ ਪਹੁੰਚ ਸਕਦੇ ਹਨ ਜਿਥੇ ਸਰਕਾਰ ਦੇ ਬੰਦੇ ਉਨ੍ਹਾਂ ਦੀ ਉਡੀਕ ਕਰ ਰਹੇ ਹੁੰਦੇ ਹਨ। ਨਤੀਜਾ ਇਹ ਨਿਕਲਦਾ ਹੈ ਕਿ ਪਿੰਡਾਂ ਦੇ ਵਸਨੀਕ ਖੇਤਾਂ ਦੀਆਂ ਫਸਲਾਂ ਵਲ ਧਿਆਨ ਦੇਣ ਦੀ ਥਾਂ ਪਿੰਡ ਦੇ ਚੌਕਾਂ ਤੇ ਚੁਰਸਤਿਆਂ ਪ੍ਰਤੀ ਆਪਣੇ ਨੈਣਾਂ ਤੇ ਕੰਨਾਂ ਨੂੰ ਸੁਚੇਤ ਕਰੀ ਰਖਦੇ ਹਨ। ਇਹ ਵੀ ਸੁਣਨ ਵਿਚ ਆਇਆ ਹੈ ਕਿ ਵਧੇਰੇ ਮਾਲ ਅਸਬਾਬ ਮਿਲਣ ਦੀ ਆਸ ਵਿਚ ਪਿੰਡਾਂ ਦੀਆਂ ਸੁਆਣੀਆਂ ਅਜਿਹੇ ਗਹਿਣੇ ਵੀ ਚੁੱਕੀ ਫਿਰਦੀਆਂ ਹਨ ਜਿਹੜੇ ਕਈ ਪੀੜ੍ਹੀਆਂ ਵਿਆਹ-ਸ਼ਾਦੀ ਦੇ ਅਵਸਰ ਉਤੇ ਸੀਮਤ ਦਿਨਾਂ, ਹਫਤਿਆਂ ਤੇ ਮਹੀਨਿਆਂ ਤੱਕ ਲੋੜਵੰਦ ਜੋੜੀ ਨੂੰ ਪਹਿਨਾ ਕੇ ਵੇਲਾ ਲੰਘਾਉਂਦੀਆਂ ਰਹੀਆਂ ਹਨ। ਅਜੋਕੇ ਸਰਕਾਰੀ ਕਰਮਚਾਰੀ ਇਸਨੂੰ ਸਵੱਛ ਰਾਜ (ਵੈਲਫੇਅਰ ਸਟੇਟ) ਦੇ ਨਾਂ ਨਾਲ ਸ਼ਿੰਗਾਰਨ ਲੱਗੇ ਵੀ ਨਹੀਂ ਝਿਜਕਦੇ।

# ਚੋਣਾਂ ਲਈ ਚੋਗਾ

ਆਉਣ ਵਾਲੇ ਕੱਲ੍ਹ ਨੂੰ ਕੀ ਨਤੀਜਾ ਨਿਕਲਣਾ ਹੈ, ਇਸਦੀ ਪਛਾਣ ਕੋਈ ਹੀ ਕਰਦਾ। ਚੋਣਾਂ ਦਾ ਸਮਾਂ ਲੰਘਣ ਉਪਰੰਤ ਸਰਕਾਰ ਨੇ ਜਿਹੜਾ ਪਾਸਾ ਪਰਤਣਾ ਹੈ ਉਸ ਪਾਸੇ ਕੋਈ ਧਿਆਨ ਨਹੀਂ ਦਿੰਦਾ।

ਉਹ ਵੀ ਨਹੀਂ ਜਿਹੜਾ ਖਾਂਦਾ-ਪੀਂਦਾ ਪਰਿਵਾਰ ਅੱਜ



ਦੇ ਦਿਨ ਲਾਭ ਲੈਣ ਲਈ ਆਪਣੇ ਆਪ ਨੂੰ ਗਰੀਬੀ ਰੇਖਾ ਤੋਂ ਥੱਲੇ ਦੱਸ ਰਿਹਾ ਹੈ। ਏਥੋਂ ਤਕ ਕਿ ਆਪਣੇ ਆਪ ਨੂੰ ਇਸ ਰੇਖਾ ਤੋਂ ਥੱਲੇ ਦੱਸਣ ਲਈ ਉਹ ਉੱਤਰ ਪ੍ਰਦੇਸ਼ ਤੇ ਬਿਹਾਰ ਦੇ ਭਈਆਂ ਦਾ ਪ੍ਰਮਾਣ ਦਿੰਦੇ ਵੀ ਫੌਰਾ ਨਹੀਂ ਲਾਉਂਦੇ। ਉਨ੍ਹਾਂ ਨੂੰ ਭਈਏ ਬਣਦਿਆਂ ਸ਼ਰਮ ਨਹੀਂ ਆਉਂਦੀ।

ਸਵਾਲ ਇਹ ਨਹੀਂ ਕਿ ਪੰਜਾਬ ਵਿਚ ਕਿਹੜੀ ਸਰਕਾਰ ਨੇ ਰਾਜ ਕੀਤਾ। ਸਵਾਲ ਇਹ ਹੈ ਕਿ ਦਹਾਕਿਆਂ ਦੀ ਸਿਆਸਤ ਨੇ ਪੰਜਾਬ ਨੂੰ ਕਿਹੜੀ ਦਿਸ਼ਾ ਦਿੱਤੀ? ਕੀ ਅਸੀਂ ਆਪਣੇ ਨੌਜਵਾਨਾਂ ਲਈ ਅਜਿਹੀ ਅਰਥ-ਵਿਵਸਥਾ ਬਣਾਈ ਜਿੱਥੇ ਉਹ ਆਪਣੇ ਸੁਪਨਿਆਂ ਨੂੰ ਹਕੀਕਤ ਵਿਚ ਬਦਲ ਸਕਣ ਤੇ ਵਿਦੇਸ਼ਾਂ ਦੀ ਤਾਕ ਨਾ ਰੱਖਣ?

ਜੇ ਜਵਾਬ ਨਾਂਹ ਵਿਚ ਹੈ, ਤਾਂ ਸਾਨੂੰ ਇਹ ਮੰਨਣਾ ਪਵੇਗਾ ਕਿ ਸਮੱਸਿਆ ਸਿਰਫ਼ ਸਰੋਤਾਂ ਦੀ ਨਹੀਂ ਤਰਜੀਹਾਂ ਦੀ ਹੈ। ਸਰਕਾਰਾਂ ਆਪਣੇ ਕੰਮ ਨਾਲੋਂ ਵੱਧ ਆਪਣੇ ਪ੍ਰਚਾਰ 'ਤੇ ਖ਼ਰਚ ਕਰਨ ਲੱਗ ਪਈਆਂ ਹਨ। ਲੋਕਾਂ ਨੂੰ ਅਸਲ ਵਿਚ ਕੀ ਚਾਹੀਦਾ ਹੈ?

ਲੋਕਾਂ ਨੂੰ ਆਪਣੇ ਬੱਚਿਆਂ ਲਈ ਚੰਗੇ ਸਕੂਲ ਚਾਹੀਦੇ ਹਨ। ਬਿਮਾਰੀ ਵੇਲੇ ਇੱਜ਼ਤ ਨਾਲ ਇਲਾਜ ਚਾਹੀਦਾ ਹੈ। ਨੌਜਵਾਨਾਂ ਨੂੰ ਸਥਾਈ ਰੁਜ਼ਗਾਰ ਚਾਹੀਦਾ ਹੈ। ਕਿਸਾਨ ਨੂੰ ਆਪਣੀ ਫ਼ਸਲ ਦਾ ਵਾਜਬ ਮੁੱਲ ਚਾਹੀਦਾ ਹੈ। ਮਜ਼ਦੂਰ ਨੂੰ ਆਪਣੀ ਮਿਹਨਤ ਦਾ ਪੂਰਾ ਸਨਮਾਨ ਚਾਹੀਦਾ ਹੈ।

ਸਵਾਲ ਮੁਫ਼ਤ ਬਿਜਲੀ, ਰਾਸ਼ਨ ਜਾਂ ਮੁਫ਼ਤ ਸਫ਼ਰ ਦਾ ਨਹੀਂ। ਸਵਾਲ ਇਹ ਹੈ ਕਿ ਕੀ ਰਾਜ ਅਜਿਹੀ ਵਿਵਸਥਾ ਵੀ ਖੜ੍ਹੀ ਕਰ ਰਿਹਾ ਹੈ ਜਿਸ ਵਿਚ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਨ੍ਹਾਂ ਰਿਆਇਤਾਂ ਦੀ ਲੋੜ ਘੱਟ ਤੋਂ ਘੱਟ ਰਹਿ ਜਾਵੇ। ਅੱਜ ਲੋੜ ਕਿਸੇ ਨਵੀਂ ਰਿਆਇਤ ਦੀ ਨਹੀਂ, ਨਵੀਂ ਸੋਚ ਦੀ ਹੈ। ਅਜਿਹੀ ਸੋਚ ਜੋ ਨਾਗਰਿਕ ਨੂੰ ਮੁਥਾਜ ਨਹੀਂ, ਸਮਰੱਥ ਬਣਾਏ। ਅਜਿਹੀ ਸਿਆਸਤ ਜੋ ਵੋਟ ਨਹੀਂ, ਵਿਸ਼ਵਾਸ ਜਿੱਤੇ। ਅਜਿਹਾ ਰਾਜ, ਆਪਣੇ ਕੰਮ ਨਾਲ ਪਛਾਣਿਆ ਜਾਵੇ।

ਅਖ਼ੀਰ ਵਿਚ ਸਵਾਲ ਇਹ ਨਹੀਂ ਕਿ ਸਰਕਾਰ ਲੋਕਾਂ ਨੂੰ ਕੀ ਦੇ ਰਹੀ ਹੈ। ਸਵਾਲ ਇਹ ਹੈ, ਕਿ ਕੀ ਉਹ ਲੋਕਾਂ ਤੋਂ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦਾ ਹੱਕ ਤਾਂ ਨਹੀਂ ਖੋਹ ਰਹੀ?

**ਦੋ ਮਹਾਰਥੀਆਂ ਦਾ ਤੁਰ ਜਾਣਾ**

ਪਿਛਲੇ ਦਿਨਾਂ ਵਿਚ ਪ੍ਰਸਿੱਧ ਚਿੰਤਕ ਤੇ ਲੇਖਕ ਮਾਲਵਿੰਦਰ ਜੀਤ ਸਿੰਘ ਵੜੈਚ ਤੇ ਕਹਾਣੀਕਾਰ ਲਾਲ ਸਿੰਘ ਦਸੂਹਾ ਪੰਜਾਬੀ ਸਾਹਿਤ ਤੇ ਸਭਿਆਚਾਰ ਦੀ ਝੋਲੀ ਵਿਚ ਅਮੁੱਲ ਰਚਨਾਵਾਂ ਪਾਉਣ ਪਿਛੋਂ ਆਪਣੀ ਸੰਸਾਰਕ ਯਾਤਰਾ, ਪੂਰੀ ਕਰਕੇ ਵਿਛੋੜਾ ਦੇ ਗਏ ਹਨ। ਉਪਰ ਵਾਲਾ ਉਨ੍ਹਾਂ ਦੇ ਅੰਗ-ਸੰਗ ਰਹੇ। ਵੜੈਚ ਹੁਰੀਂ ਮੇਰੇ ਨਾਲੋਂ ਚਾਰ ਸਾਲ ਵਡੇ ਸਨ 96 ਸਾਲ ਦੇ।

**ਵਛੜਾ ਇੱਕ ਚਹੇਤੇ ਚਾਰ**

ਹਰਿਆਣਾ ਦੇ ਝੱਜਰ ਜ਼ਿਲ੍ਹੇ ਵਿਚ ਇੱਕ ਵੱਛਾ ਬੰਦ ਖੂਹ ਵਿਚ ਡਿਗ ਪਿਆ। ਖੂਹ ਕਾਫੀ ਸਮੇਂ ਤੋਂ ਬੰਦ ਸੀ ਪਰ ਇਲਾਕੇ ਵਾਲਿਆਂ ਨੇ ਉਸਨੂੰ ਹਾਲੀ ਤੱਕ ਉਪਰੋਂ ਨਹੀਂ ਸੀ ਢਕਿਆ। ਹਰ ਕਿਸੇ ਨੇ ਵੱਛੇ ਨੂੰ ਬਚਾਉਣਾ ਜ਼ਰੂਰੀ ਸਮਝਿਆ ਤੇ ਦੋ ਬੰਦੇ ਖੂਹ ਵਿਚ ਉਤਰ ਗਏ। ਜਦੋਂ ਉਨ੍ਹਾਂ ਨੇ ਬਾਹਰ ਖੜ੍ਹੇ ਲੋਕਾਂ ਦੀ ਕਿਸੇ ਪੁੱਛ ਦਾ ਕੋਈ ਹੁੰਗਾਰਾ ਨਹੀਂ ਦਿੱਤਾ ਤਾਂ ਦੋ ਬੰਦੇ ਹੋਰ ਖੂਹ ਵਿਚ ਉਤਰ ਗਏ। ਜਦੋਂ ਉਨ੍ਹਾਂ ਵਲੋਂ ਵੀ ਕੋਈ ਹੁੰਗਾਰਾ ਨਹੀਂ ਮਿਲਿਆ ਤਾਂ ਬਚਾਅ ਕਾਰਜ ਸ਼ੁਰੂ ਕੀਤੇ ਗਏ। ਚਾਰੇ ਬੰਦੇ ਤਾਂ ਬਾਹਰ ਕਢ ਲਏ ਪਰ ਉਹ ਸਾਹ ਨਹੀਂ ਸਨ ਲੈ ਰਹੇ। ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਮ੍ਰਿਤਕਾਂ ਦੀ ਪਛਾਣ ਮੋਨੂੰ, ਦਲਬੀਰ ਅਤੇ ਨਰਿੰਦਰ ਵਜੋਂ ਹੋਈ ਹੈ, ਸਾਰੇ ਸਥਾਨਕ ਪਿੰਡ ਵਾਸੀ ਅਤੇ ਚੌਥੇ ਦੀ ਪਛਾਣ ਰਾਮੂ ਵਜੋਂ ਹੋਈ ਹੈ, ਜੋ ਪ੍ਰਵਾਸੀ ਮਜ਼ਦੂਰ ਹੈ। ਵਛੜਾ ਤਾਂ ਸ਼ਾਇਦ ਉਨ੍ਹਾਂ ਤੋਂ ਵੀ ਪਹਿਲਾਂ ਮਰ ਚੁੱਕਾ ਸੀ। ਸਾਰੇ ਕਹਿੰਦੇ ਹਨ ਕਿ ਇਹ ਸਾਰੀਆਂ ਮੌਤਾਂ ਜ਼ਹਿਰੀਲੀ ਗੈਸ ਚੜ੍ਹਨ ਨਾਲ ਹੋਈਆਂ ਹੋ ਸਕਦੀਆਂ ਹਨ।

**ਅੰਤਿਕਾ**

—ਲੋਕ ਬੋਲੀ—
ਗੁੜ ਨਾਲੋਂ ਇਸ਼ਕ ਮਿੱਠਾ
ਲੱਗ ਨਾ ਕਿਸੇ ਨੂੰ ਜਾਵੇ।

# ਕਾਵਿ-ਕਿਆਰੀ

## ਤੀਆਂ ਦਾ ਗੀਤ

ਸਾਉਣ ਦਾ ਮਹੀਨਾ, ਆਏ ਤੀਆਂ ਵਾਲ਼ੇ ਦਿਨ ਵੇ,
ਪੈਂਦੀ ਏ ਫੁਹਾਰ ਚੰਨਾ, ਆਣ ਛੇਤੀ ਛੇਤੀ ਮਿਲ ਵੇ।

ਪੀਂਘ ਦੇ ਹੁਲਾਰੇ ਨਾਲ਼, ਜਦੋਂ ਗੀਤ ਤੇਰਾ ਛੇੜਾਂ ਵੇ,
ਪੁੱਛਦੀਆਂ ਸਖੀਆਂ, ਨੀਂ ਕਿੱਥੇ ਹੈ ਢੋਲ ਤੇਰਾ ਵੇ?
ਝੂਠੇ ਲਾ ਕੇ ਬਹਾਨੇ, ਵਕ਼ਤ ਲੰਘਾਵਾਂ ਵੇ।
ਵੱਢ ਵੱਢ ਖਾਵੇ ਮੈਨੂੰ ਝੋਰਾ ਤੇਰੇ ਬਿਨ ਵੇ।
ਸਾਉਣ ਦਾ ਮਹੀਨਾ ..............।

ਲੈ ਕੇ ਸੰਧਾਰਾ ਮੇਰਾ, ਜਦੋਂ ਵੱਡਾ ਵੀਰ ਆਇਆ ਸੀ,
ਭਰ ਕੇ ਉਹ ਟੋਕਰਾ, ਮੱਠੀਆਂ ਦਾ ਲਿਆਇਆ ਸੀ।
ਮੱਥਾ ਟੇਕ ਸੱਸੜੀ ਨੂੰ ਆਖ ਸੁਣਾਇਆ ਵੇ,
ਸੱਜਦੇ ਨਾ ਭੈਣਾਂ ਬਿਨ ਪੇਕੇ ਇਹ ਦਿਨ ਵੇ।
ਸਾਉਣ ਦਾ ਮਹੀਨਾ .................।

ਗਿੱਧੇ ਵਿਚ ਵੜ ਕੇ, ਮੈਂ ਗੇੜਾ ਦੇਹ ਬੋਲੀ ਪਾਈ ਵੇ,
ਸਹੇਲੀਆਂ ਦੇ ਨਾਲ਼ 2, ਤਾਅਨੇ ਮਾਰੇ ਭਰਜਾਈ ਵੇ।
ਵੀਰ ਵੀ ਹੋਇਆ ਅੱਜਕਲ੍ਹ ਚੁੱਪ-ਚੁੱਪ ਵੇ,
ਕਾਹਦਾ ਹੱਕ ਪੇਕੇ ਮਾਪਿਆਂ ਦੇ ਬਿਨ ਵੇ।
ਸਾਉਣ ਦਾ ਮਹੀਨਾ...............।

*-ਸੇਵਾ ਸਿੰਘ 'ਨੂਰਪੁਰੀ'*

---

## ਫਰਿਆਦ

ਸੁਣ ਮੇਰੀ ਫਰਿਆਦ ਵੇ ਸੱਜਣਾ।
ਕਰਿਆ ਨਾ ਕਰ ਯਾਦ ਵੇ ਸੱਜਣਾ।
ਕੱਲੇ ਰਹਿਣਾ ਸਿੱਖ ਲਿਆ ਮੈਂ,
ਲੋੜਾਂ ਨਾ ਇਮਦਾਦ ਵੇ ਸੱਜਣਾ।

ਫਿੱਕੀ-ਫਿੱਕੀ ਜ਼ਿੰਦਗੀ ਲੱਗੇ,
ਮੁੱਕ ਗਏ ਸਭ ਸੁਆਦ ਵੇ ਸੱਜਣਾ।
ਕੀਮਤ ਮੇਰੀ ਤੂੰ ਜਾਣੇਂਗਾ,
ਮੇਰੇ ਜਾਣੇ ਬਾਅਦ ਵੇ ਸੱਜਣਾ।

ਮੇਰੇ ਕੰਨਾਂ ਦੇ ਵਿਚ ਗੂੰਜੇ,
ਹੁਣ ਕੁਦਰਤ ਦਾ ਨਾਦ ਵੇ ਸੱਜਣਾ।
ਰੂਹ ਦੇ ਬਿਨ ਵੀ ਜੀਵਤ ਹਾਂ ਮੈਂ,
ਦੇਣੀ ਬਣਦੀ ਦਾਦ ਵੇ ਸੱਜਣਾ।

ਮੇਰੇ ਤੋਂ ਹੁਣ ਹੋ ਨਹੀਂ ਸਕਣੀ,
ਦੁੱਖਾਂ ਦੀ ਤਾਦਾਦ ਵੇ ਸੱਜਣਾ।
ਮੇਰਾ ਜੀਵਨ 'ਨਾਗਰੇ' ਵਾਂਗੂੰ,
ਸਦਾ ਹੀ ਸਾਦ-ਮੁਰਾਦ ਵੇ ਸੱਜਣਾ।

*-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ'*
*ਓਰੇਗਨ (ਅਮਰੀਕਾ) +13604481989*

---

## ਵੰਗਾਰ

ਚੁੱਪ ਰਹਾਂਗਾ ਨਹੀਂ, ਮੌਤੋਂ ਡਰਾਂਗਾ ਨਹੀਂ।
ਐਸੀ ਮਿੱਟੀ ਦਾ ਬਣਿਆਂ, ਖੁਰਾਂਗਾ ਨਹੀਂ।

ਕਈ ਆਏ ਤੇ ਕਈ ਗਏ, ਮੈਂ ਉਥੇ ਹੀ ਖੜਾ ਹਾਂ।
ਬਸ ਵਕਤ ਦੀ ਉਡੀਕ ਵਿਚ ਹਾਂ, ਐਵੇਂ ਡਰਾਂਗਾ ਨਹੀਂ।

ਕਦੇ ਕਦੇ ਗੁੱਸਾ ਆਉਂਦਾ, ਉਨ੍ਹਾਂ 'ਤੇ ਜਿਹੜੇ ਰਹਿਣ ਸੁੱਤੇ
ਛਡਾਂਗਾ ਉਨ੍ਹਾਂ ਨੂੰ ਜਗਾ ਕੇ, ਐਵੇਂ ਮੈਂ ਮਰਾਂਗਾ ਨਹੀਂ।

ਜੇ ਤੇਰੇ ਕੋਲ ਹਥਿਆਰ ਤੇ ਧੋਖਾ, ਮੇਰੇ ਕੋਲ ਇਤਿਹਾਸ ਏ।
ਕਿਤਾਬ ਛਡ ਸ਼ਮਸ਼ੀਰ ਪਕੜੂੰ, ਐਵੇਂ ਸੁੱਤਾ ਫਕੀਰ ਤਾਂ ਨਹੀਂ।

ਤੇਰੇ ਜ਼ੁਲਮਾਂ ਦੀ ਦਾਸਤਾਨ, ਮੇਰੇ ਸਬਰ ਦਾ ਅਨੰਤ
ਕਿਥੋਂ ਤੱਕ ਦੌੜੇਂਗਾ, ਮੇਰੀ ਕੋਈ ਹਦ-ਬਸਤ ਨਹੀਂ।

ਤੂੰ ਸੱਭਿਅਕ ਕਿੰਝ ਹੋਣਾ? ਦੱਸਣ ਦਾ ਠੇਕਾ ਨਹੀਂ ਲਿਆ।
ਤੈਨੂੰ ਪਸ਼ੂ-ਬਿਰਤੀ ਨਾਲ ਪਿਆਰ, ਮੈਂ ਕੋਈ ਪੁਜਾਰੀ ਤਾਂ ਨਹੀਂ।

ਯਾਦ ਰਖੀਂ ਮੇਰੀ ਪਹੁੰਚ ਦੀ ਹੱਦ, ਤੇਰੀ ਸੋਚ ਨਾ ਪਹੁੰਚੇ ਲਾਗੇ।
ਇਕੋ ਨਾਨਕ ਦੇ ਦਰਬਾਰੇ, ਕੋਈ ਦੂਸਰਾ ਨੇੜ ਨਹੀਂ।

ਤੇਰੇ ਵਾਅਦਿਆਂ ਤੋਂ ਮੁਨਕਰ ਹਾਂ, ਬਹੁਤ ਸ਼ਾਤਰ ਏਂ ਤੂੰ।
ਤੂੰ ਇਨਸਾਨੋਂ ਹੈਵਾਨ ਹੋ ਗਿਆ, ਤੈਨੂੰ ਕੋਈ ਮੁਆਫੀ ਤਾਂ ਨਹੀਂ।
ਸਮਾਜ ਨਵਾਂ-ਨਕੋਰ ਹੋਵੇ, 'ਧਰਮੇ' ਦੀ ਤਮੰਨਾ ਕੋਈ ਹੋਰ ਨਹੀਂ।

*-ਧਰਮ ਸਿੰਘ ਗੋਰਾਇਆ*

---

## ਕਾਲੀ ਰਾਤ ਤੇ ਹਰਸ਼ਿੰਗਾਰ

ਉਹਨੇ ਬਿਰਹਾ ਚੁਣਿਆ ਤੇ ਉਹਦਾ ਸੇਕ ਵੀ
ਉਹਨੇ ਚੁੱਪ ਚੁਣੀ ਤੇ ਉਹਦੀ ਬਗਾਵਤ ਵੀ
ਖ਼ਾਮੋਸ਼ੀ ਸਦਾ ਉਹਦੇ ਲਹੂ ਦੀ ਕੋਈ ਆਦਿਮ ਇਬਾਦਤ ਰਹੀ
ਤੇ ਹਿੱਕ ਦੇ ਅੰਦਰ ਧੜਕਦਾ ਹੋਇਆ ਕੁਝ...
ਜਿਵੇਂ ਸੁੰਨੇ ਵੇਹੜੇ 'ਚ
ਮਿੱਟੀ ਦੇ ਤੌੜੇ ਅੰਦਰ ਰਿੜਕਦੀ ਕੋਈ ਮਧਾਣੀ

ਉਸ ਕੰਬਦੀ ਹੋਈ ਕਾਲੀ ਰਾਤ ਵਿਚ
ਜਦੋਂ ਉਹਦੀਆਂ ਅੱਖਾਂ 'ਚੋਂ ਚੋਂਦੀ ਰਹੀ
ਪਿਛਲੇ ਪਹਿਰ ਦੀ ਤਰੇਲ
ਤੇ ਬਨੇਰੇ 'ਤੇ ਆਣ ਬਹਿ ਗਿਆ ਕੋਈ ਜ਼ਿੱਦੀ ਪਰਛਾਵਾਂ

ਉਹ ਕਮਲਿਆਂ ਵਾਂਗ ਚੁੰਮਦੀ ਰਹੀ
ਹਰਸ਼ਿੰਗਾਰ ਦੇ ਝੜੇ ਹੋਏ ਫੁੱਲਾਂ ਨੂੰ
ਤੇ ਹੌਲੀ-ਹੌਲੀ ਖੁਰਦੀ ਗਈ
ਆਪਣੀ ਹੀ ਰੂਹ ਦੇ ਨੰਗੇਜ਼ ਹੋਣ ਤੱਕ

ਉਹ ਕੱਚੀ ਮਿੱਟੀ ਦਾ ਇੱਕ ਕੁੱਜਾ ਸੀ
ਜੋ ਆਪਣੇ ਹੀ ਅੰਦਰਲੇ ਖ਼ਾਲੀਪਨ ਵਿਚ ਤਿੜਕਦੀ ਰਹੀ
ਮਿੱਟੀ ਨਾਲ ਮਿੱਟੀ ਹੋਣ ਤੱਕ

*-ਅਨੁਜੀਤ ਇਕਬਾਲ, ਲਖਨਊ*

---

## ਭ੍ਰਿਸ਼ਟਾਚਾਰ ਦੀ ਮਾਰ

ਸੱਤਾ ਵਿਚ ਆਉਣਾ ਲੋਚਦੇ ਨੇ,
ਤਰਲੇ ਕਰਦੇ ਨੇ ਵਾਰ ਵਾਰ ਮੀਆਂ।
ਹੱਥ ਜੋੜਦੇ, ਜੱਫੀਆਂ ਪਾਂਵਦੇ ਨੇ,
ਵਾਅਦੇ ਕਰਦੇ ਕਈ ਹਜ਼ਾਰ ਮੀਆਂ।
ਸੜਕਾਂ ਪੱਕੀਆਂ, ਨੌਕਰੀਆਂ ਚੰਗੀਆਂ ਜੀ,
ਸਭਨਾਂ ਕੋਲ ਹੋਊਗੀ ਕਾਰ ਮੀਆਂ।

ਕੁਰਸੀ ਬੈਠਦੇ ਹੀ ਬਦਲ ਰੰਗ ਜਾਂਦੇ,
ਬੌਡੀਗਾਰਡ ਨੇ ਚੁਫੇਰੇ ਚਾਰ ਮੀਆਂ।
ਚਾਰ-ਚੁਫੇਰੇ ਝੰਡੇ ਝੁੱਲਦੇ ਨੇ,
ਵਿਚ ਟੌਹਰ ਹੈ ਪੂਰੀ ਸਰਕਾਰ ਮੀਆਂ।
ਅੱਜ ਹੋਰ ਤੇ ਕੱਲ ਹੋਰ ਹੋ ਗਏ,
ਕੋਠੀਆਂ ਪਾ ਲਈਆਂ ਇਕ ਤੋਂ ਚਾਰ ਮੀਆਂ।

ਵਾਅਦੇ ਰਹਿ ਗਏ ਵਾਅਦੇ ਪੱਤਰਾਂ 'ਚ,
ਸਾਹਬ ਪਹੁੰਚੇ ਨੇ ਦਿੱਲੀ ਦਰਬਾਰ ਮੀਆਂ।
ਠੱਗੀਆਂ-ਠੋਰੀਆਂ ਲਈ ਸੰਗੀ-ਸਾਥੀਆਂ ਨੂੰ,
ਕਰ ਦਿਤਾ ਨੇ ਖ਼ੂਬ ਤਿਆਰ ਮੀਆਂ।
ਕੀਮਤਾਂ ਵਧਾਉਣ ਲਈ ਹਾਂ ਮਜਬੂਰ ਡਾਢੇ,
ਵਿਚ ਘਾਟੇ ਦੇ ਚਲਦੀ ਸਰਕਾਰ ਮੀਆਂ।

ਸਮਾਂ ਆਉਣ ਦੇ ਭੇਦ ਨੇ ਖੁੱਲ੍ਹ ਜਾਣੇ,
ਬਾਤ ਹੋਊਗੀ ਜਦੋਂ ਜੱਗ-ਜ਼ਾਹਰ ਮੀਆਂ।
ਲੁੱਟਿਆਂ-ਕੁੱਟਿਆਂ, ਨਿਮਾਣਿਆਂ-ਨਿਤਾਣਿਆਂ ਨੇ,
ਚੰਗਾ ਲਾਉਣਾ ਏ 'ਹਾਰ ਦਾ ਸ਼ਿੰਗਾਰ' ਮੀਆਂ।
ਓਦੋਂ ਲੱਗਜੂ ਪਤਾ ਤੈਨੂੰ ਮਿੱਤਰਾ ਓਏ,
ਭ੍ਰਸ਼ਟਾਚਾਰ ਦੀ ਬੁਰੀ ਹੈ ਮਾਰ ਮੀਆਂ।

*-ਡਾ. ਦਲਬੀਰ ਸਿੰਘ, ਯਮੁਨਾਨਗਰ*

(ਪਿਛਲੇ ਸਫੇ ਦਾ ਬਾਕੀ)

ਹੇਕ ਵਿਚ ਗੀਤ ਗਾਉਂਦੇ ਹੋਏ ਕੱਤਦੇ ਰਹਿਣਾ। ਮੈਨੂੰ ਬਾਰਾਂ-ਤੇਰਾਂ ਵਰ੍ਹਿਆਂ ਦੇ ਬਾਲ ਨੂੰ ਉਹ ਗੀਤ ਕਿਸੇ ਇਲਾਹੀ ਸੰਗੀਤ ਵਾਂਗ ਸਕੂਨ ਦਿੰਦੇ। ਮੇਰੀਆਂ ਭੈਣਾਂ ਭੂਆ ਦੇ ਦੁਆਲੇ ਝੁਰਮਟ ਪਾ ਕੇ ਬੈਠ ਜਾਂਦੀਆਂ, ਕੋਈ ਕੱਤਣ ਦਾ ਵੱਲ ਸਿੱਖਦੀ ਤੇ ਕੋਈ ਪੁਰਾਣੀਆਂ ਬਾਤਾਂ ਵਿਚ ਗਵਾਚ ਜਾਂਦੀ। ਉਹ ਸਿਰਫ ਚਰਖਾ ਨਹੀਂ ਕੱਤਦੀ ਸੀ, ਉਹ ਸਾਡੇ ਪਰਿਵਾਰ ਦੇ ਮੋਹ ਦੀਆਂ ਤੰਦਾਂ ਨੂੰ ਹੋਰ ਪੀਢਾ ਕਰਦੀ ਸੀ। ਜਿਉਂ-ਜਿਉਂ ਮੈਂ ਜਵਾਨ ਹੋਇਆ, ਮੇਰਾ ਭੂਆ ਪ੍ਰਤੀ ਪਿਆਰ ਹੋਰ ਵੀ ਡੂੰਘਾ ਹੋ ਗਿਆ। ਮੈਂ ਜਦੋਂ ਵੀ ਉਸ ਨੂੰ ਮਿਲਦਾ, ਤਾਂ ਉਸ ਨੂੰ ਆਪਣੇ ਕਲਾਵੇ ਵਿਚ ਭਰ ਲੈਂਦਾ। ਮੇਰੀ ਉਸ ਛੋਹ ਨਾਲ ਭੂਆ ਦੀਆਂ ਬਿਰਧ ਅੱਖਾਂ ਵਿਚ ਇਕ ਅਜੀਬ ਚਮਕ ਉੱਭਰ ਆਉਂਦੀ। ਉਸ ਦੇ ਕੰਬਦੇ ਹੋਏ ਝੁਰੜੀਆਂ ਭਰੇ ਹੱਥ ਜਦੋਂ ਮੇਰੀ ਪਿੱਠ ਥਪਥਪਾਉਂਦੇ, ਤਾਂ ਮੈਨੂੰ ਇੰਝ ਲੱਗਦਾ ਜਿਵੇਂ ਰੱਬ ਆਪ ਮੈਨੂੰ ਢੇਰਾਂ ਅਸੀਸਾਂ ਦੇ ਰਿਹਾ ਹੋਵੇ।

ਸਾਲ 2007 ਦੀ ਉਹ ਆਖਰੀ ਮਿਲਣੀ ਮੈਨੂੰ ਕਦੇ ਨਹੀਂ ਭੁੱਲੇਗੀ। ਆਪਣੇ ਵਿਆਹ ਤੋਂ ਬਾਅਦ ਜਦੋਂ ਮੈਂ ਭੂਆ ਨੂੰ ਮਿਲਣ ਬਠਿੰਡੇ ਗਿਆ, ਤਾਂ ਭੂਆ ਬਹੁਤ ਬਿਰਧ ਹੋ ਚੁੱਕੀ ਸੀ। ਅੱਖਾਂ ਦੀ ਜੋਤ ਲਗਭਗ ਜਾ ਚੁੱਕੀ ਸੀ, ਪਰ ਰੂਹਾਂ ਦੀ ਸਾਂਝ ਅਜੇ ਵੀ ਕਾਇਮ ਸੀ। ਮੈਂ ਦਸ ਮਿੰਟ ਉਸ ਬਿਰਧ ਸਰੀਰ ਨੂੰ ਆਪਣੇ ਕਲਾਵੇ ਵਿਚ ਭਰ ਕੇ ਇੰਝ ਬੈਠਾ ਰਿਹਾ ਜਿਵੇਂ ਕੋਈ ਕਿਸੇ ਨਿੱਕੇ ਜਿਹੇ ਮਾਸੂਮ ਬੱਚੇ ਨੂੰ ਆਪਣੀ ਬੁੱਕਲ ਵਿਚ ਲੁਕਾ ਲੈਂਦਾ ਹੈ। ਉਹ ਸਾਡੀ ਆਖਰੀ ਮੁਲਾਕਾਤ ਸੀ। ਨਵੰਬਰ 2007 ਵਿਚ ਮੇਰੇ ਦਾਦਾ ਜੀ ਲਗਭਗ ਆਪਣਾ ਇਕ ਸਦੀ ਦਾ ਸਫ਼ਰ ਮੁਕੰਮਲ ਕਰ ਕੇ ਇਸ ਫ਼ਾਨੀ ਦੁਨੀਆ ਤੋਂ ਰੁਖ਼ਸਤ ਹੋ ਗਏ। ਇਹ ਵਿਛੋੜਾ ਅਸਹਿ ਸੀ, ਪਰ ਭੂਆ ਦੀ ਰੂਹ ਅਜੇ ਵੀ ਆਪਣੇ 'ਬਾਈ' ਦੀਆਂ ਯਾਦਾਂ ਦੇ ਸਹਾਰੇ ਸਾਹ ਲੈ ਰਹੀ ਸੀ। ਦਾਦਾ ਜੀ ਦੇ ਜਾਣ ਤੋਂ ਲਗਭਗ ਤਿੰਨ ਕੁ ਵਰ੍ਹੇ ਬਾਅਦ, 2010 ਵਿਚ ਭੂਆ ਵੀ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਈ। ਮੇਰੇ ਲਈ ਦੋਹਾਂ ਦੇ ਜਾਣ ਦਾ ਦੁੱਖ ਇੱਕੋ ਜਿਹਾ ਸੀ।

ਮੈਨੂੰ ਇੰਝ ਮਹਿਸੂਸ ਹੁੰਦਾ ਹੈ ਕਿ ਜਿਵੇਂ ਇਸ ਮਾਤ-ਲੋਕ ਵਿਚ ਉਨ੍ਹਾਂ ਦੋਹਾਂ ਭੈਣ-ਭਰਾਵਾਂ ਦਾ ਪਿਆਰ ਅਟੁੱਟ ਸੀ, ਉਵੇਂ ਹੀ ਪਰਲੋਕ ਦੇ ਸਫ਼ਰ ਉੱਤੇ ਵੀ ਉਹ ਇਕ-ਦੂਜੇ ਦਾ ਸਾਥ ਨਿਭਾ ਰਹੇ ਹੋਣਗੇ। ਅੱਜ ਭੂਆ ਭਾਵੇਂ ਸਾਡੇ ਵਿਚ ਨਹੀਂ, ਪਰ ਮੇਰੇ ਮਨ ਦੇ ਵਿਹੜੇ ਵਿਚ ਅੱਜ ਵੀ ਉਸ ਦੇ ਚਰਖੇ ਦੀ ਘੂਕ ਸੁਣਾਈ ਦਿੰਦੀ ਹੈ ਅਤੇ ਉਸ ਦੀਆਂ ਅਸੀਸਾਂ ਦਾ ਨਿੱਘ ਮੈਨੂੰ ਜ਼ਿੰਦਗੀ ਦੀਆਂ ਧੁੱਪਾਂ ਵਿਚ ਠੰਢੀ ਛਾਂ ਵਰਗਾ ਮਹਿਸੂਸ ਹੁੰਦਾ ਹੈ।

# ਸਪੇਨ ਨੇ ਜਿੱਤਿਆ ਆਲਮੀ ਕੱਪ, ਮੈਸੀ ਦੀਆਂ ਨਿਕਲੀਆਂ ਧਾਹਾਂ

ਵਿਦਵਾਨ ਲੇਖਕ ਬਰਨਾਰਡ ਸ਼ਾਅ ਨੇ ਪਤਾ ਨਹੀਂ ਕਿਹੜੇ ਰਉਂ 'ਚ ਕਿਹਾ ਸੀ ਕਿ 22 ਜਣੇ ਮੂਰਖ ਹਨ ਜਿਹੜੇ ਇੱਕ ਬਾਲ ਪਿੱਛੇ ਸਿਰਤੋੜ ਦੌੜੇ ਫਿਰਦੇ ਹਨ। 11 ਜਣੇ ਇੱਕ ਪਾਸੇ ਨੂੰ ਠੁੱਡੇ ਮਾਰੀ ਜਾਂਦੇ ਹਨ ਤੇ 11 ਜਣੇ ਦੂਜੇ ਪਾਸੇ ਨੂੰ। ਕਮਲੇ ਨਾ ਹੋਣ ਕਿਤੋਂ ਦੇ!

ਉਹ 22 ਜਣੇ ਤਾਂ ਪਤਾ ਨਹੀਂ ਕਿੰਨੇ ਕੁ ਕਮਲੇ ਹੋਣਗੇ ਪਰ ਸੱਚਾਈ ਇਹੋ ਹੈ ਕਿ ਉਨ੍ਹਾਂ ਨੇ ਸਿਆਣੀ-ਬਿਆਣੀ ਅੱਧੋਂ ਵੱਧ ਦੁਨੀਆਂ ਕਮਲੀ ਕੀਤੀ ਪਈ ਹੈ! ਕੋਈ ਮੰਨੇ ਨਾ ਮੰਨੇ ਫੁਟਬਾਲ ਦੀ ਖੇਡ ਵਿਚ ਕਮਾਲ ਦੀ ਕਸ਼ਿਸ਼ ਹੈ। ਉਹ ਬਾਬੇ ਬਰਨਾਰਡ ਸ਼ਾਅ ਨੂੰ ਤਾਂ ਭਾਵੇਂ ਆਪਣੇ ਵੱਲ ਨਹੀਂ ਖਿੱਚ ਸਕੀ, ਪਰ ਪੂਰੇ ਸੰਸਾਰ ਨੂੰ ਆਪਣੇ ਪੰਜਿਆਂ 'ਚ ਜਕੜੀ ਬੈਠੀ ਹੈ। ਆਲਮੀ ਕੱਪ ਦੇ ਮੈਚਾਂ 'ਚ ਇੱਕ-ਇੱਕ ਕਿੱਕ ਨੇ ਲੱਖਾਂ ਨਿਗਾਹਾਂ ਬੰਨ੍ਹੀਂ ਰੱਖੀਆਂ। ਫੁਟਬਾਲ ਸੱਚਮੁੱਚ ਹੀ ਦੁਨੀਆਂ ਦੀ ਸਭ ਤੋਂ ਵੱਧ ਦਰਸ਼ਨੀ ਖੇਡ ਸਾਬਤ



**ਪ੍ਰਿੰ. ਸਰਵਣ ਸਿੰਘ**
**ਫੋਨ: 647-785-1661**

ਹੋਈ ਹੈ। ਤਦੇ ਇਹ ਦੁਨੀਆਂ ਦੇ ਸਾਰੇ ਹੀ ਮੁਲਕਾਂ ਵਿਚ ਖੇਡੀ ਜਾਂਦੀ ਹੈ। ਫੁਟਬਾਲ ਦੀ ਕੌਮਾਂਤਰੀ ਫੈਡਰੇਸ਼ਨ 'ਫੀਫਾ' ਦੇ 211 ਦੇਸ਼ ਤੇ ਖੇਤਰ ਮੈਂਬਰ ਹਨ।

2022 ਦਾ 22ਵਾਂ ਆਲਮੀ ਕੱਪ 5 ਅਰਬ ਲੋਕਾਂ ਨੇ ਵੇਖਿਆ ਸੀ ਤੇ 23ਵਾਂ ਕੱਪ 6 ਅਰਬ ਲੋਕਾਂ ਨੇ। ਅਰਬਾਂ-ਖਰਬਾਂ ਰੁਪਏ, ਸਮਾਂ ਤੇ ਸਾਧਨ ਲੱਗ ਜਾਂਦੇ ਨੇ ਇਨ੍ਹਾਂ ਆਲਮੀ ਕੱਪਾਂ ਉਤੇ। ਜੂਨ-ਜੁਲਾਈ ਫੁਟਬਾਲ ਦੀ ਚਰਚਾ ਦੇ ਮਹੀਨੇ ਬਣੇ ਰਹੇ। ਤਿੰਨ ਮੁਲਕਾਂ, ਕੈਨੇਡਾ, ਅਮਰੀਕਾ ਤੇ ਮੈਕਸੀਕੋ ਵਿਚਲੇ 16 ਸ਼ਹਿਰਾਂ ਦੇ ਵਿਸ਼ਾਲ ਸਟੇਡੀਅਮ, ਪ੍ਰਬੰਧਕਾਂ, ਖਿਡਾਰੀਆਂ ਤੇ ਮੀਡੀਆਕਾਰਾਂ ਨਾਲ ਭਰਪੂਰ ਰਹੇ। ਕਰੋੜਾਂ-ਅਰਬਾਂ ਡਾਲਰਾਂ ਦੀਆਂ ਸ਼ਰਤਾਂ ਲੱਗੀਆਂ ਤੇ ਸੱਟਾ ਖੇਡਿਆ ਗਿਆ। ਜਿੱਤਾਂ ਦੀਆਂ ਖੁਸ਼ੀਆਂ ਮਨਾਈਆਂ ਗਈਆਂ, ਹਾਰਾਂ ਦੇ ਹੰਝੂ ਵਹਾਏ ਗਏ।

ਕੱਪ ਜਿੱਤਣ ਪਿੱਛੋਂ ਜੋ ਜਲੌਅ ਸਪੇਨੀਆਂ ਨੇ ਵਿਖਾਇਆ ਉਹਦੀਆਂ ਕਿਆ ਰੀਸਾਂ। ਕਿਆ ਕਮਾਲ ਦੇ ਨਜ਼ਾਰੇ ਬੱਝੇ ਉਨ੍ਹਾਂ ਦੀ ਰਾਜਧਾਨੀ ਮੈਡਰਿਡ ਵਿਚ! ਫੀਫਾ ਕੱਪ ਜਿੱਤਣ ਦੀ ਖ਼ਬਰ ਤੋਂ ਵੱਡੀ ਖ਼ਬਰ ਕੇਵਲ ਤੀਜੀ ਆਲਮੀ ਜੰਗ ਹੀ ਹੋ ਸਕਦੀ ਸੀ। ਡੇਢ ਮਹੀਨਾ ਰੇਡੀਓ, ਟੀ.ਵੀ, ਅਖ਼ਬਾਰ ਤੇ ਇੰਟਰਨੈਟ ਆਲਮੀ ਕੱਪ ਦੀਆਂ ਖ਼ਬਰਾਂ ਨਾਲ ਭਰੇ ਰਹੇ। 22 ਬੰਦਿਆਂ ਦੇ ਪੈਰਾਂ ਤੇ ਸਿਰਾਂ ਦੀ ਖੇਡ ਨੇ ਕਰੋੜਾਂ ਲੋਕਾਂ ਦੇ ਸਿਰ ਘੁੰਮਾਈ ਰੱਖੇ ਤੇ ਫੁਟਬਾਲ ਦੇ ਦੀਵਾਨਿਆਂ ਨੂੰ ਪਹਿਲੇ ਤੋੜ ਦਾ ਨਸ਼ਾ ਚਾੜ੍ਹੀ ਰੱਖਿਆ! ਉਨ੍ਹਾਂ ਦੀ ਹਾਤ-ਹੂਤ ਦੀਆਂ ਕਿਲਕਾਰੀਆਂ ਪੂਰੇ ਜੱਗ ਜਹਾਨ ਦੀ ਹਵਾ 'ਚ ਗੂੰਜਦੀਆਂ ਰਹੀਆਂ।

ਫੁਟਬਾਲ ਦੇ ਸ਼ੈਦਾਈ ਮੁਲਖਈਏ ਨੇ ਤਾਂ ਸ਼ਰਤਾਂ ਲਾਉਣੀਆਂ ਹੀ ਸਨ, ਅਰਜਨਟੀਨਾ ਤੇ ਸਪੇਨ ਦੇ ਹਮਾਇਤੀਆਂ ਨੇ ਵੀ ਜਿੱਤ ਹਾਰ ਦਾ ਜੂਆ ਖੇਡਣਾ ਸੀ, ਹੈਰਾਨੀ ਇਸ ਗੱਲ ਦੀ ਸੀ ਕਿ ਬਠਿੰਡੇ ਦੇ ਬਾਣੀਏਂ ਜਿਨ੍ਹਾਂ ਦਾ ਫੁਟਬਾਲ ਨਾਲ ਕੋਈ ਲੈਣ-ਦੇਣ ਨਹੀਂ ਸੀ, ਉਨ੍ਹਾਂ ਨੇ ਵੀ ਅਰਜਨਟੀਨਾ ਜਾਂ ਸਪੇਨ ਦੀ ਹਾਰ-ਜਿੱਤ ਉਤੇ ਲੱਖਾਂ ਦਾ ਸੱਟਾ ਖੇਡਿਆ।

90 ਮਿੰਟਾਂ ਦੇ ਮੈਚ ਪਿੱਛੋਂ ਵਾਧੂ ਸਮੇਂ ਵਿਚ ਆਖ਼ਰ ਸਪੇਨ ਨੇ 1-0 ਗੋਲ ਨਾਲ 2026 ਦਾ ਆਲਮੀ ਕੱਪ ਜਿੱਤ ਲਿਆ, ਜੋ ਉਸ ਦਾ ਦੂਜਾ ਵਿਸ਼ਵ ਕੱਪ ਹੈ। ਗੋਲਡਨ ਟਰਾਫੀ ਦੇ ਨਾਲ ਗੋਲਡਨ ਬਾਲ ਤੇ ਗੋਲਡਨ ਗਲੱਬਜ਼ ਦੇ ਵਕਾਰੀ ਅਵਾਰਡ ਵੀ ਸਪੇਨੀ ਖਿਡਾਰੀਆਂ ਨੇ ਹੀ ਜਿੱਤੇ। ਫਰਾਂਸ ਦਾ ਕਿਲੀਅਨ ਅਮਬਾਪੇ ਇਸ ਆਲਮੀ ਕੱਪ 'ਚ 10 ਗੋਲ ਕਰ ਕੇ ਗੋਲਡਨ ਬੂਟ ਦਾ ਅਵਾਰਡ ਜਿੱਤਿਆ। ਲਿਓਨਿਲ ਮੈਸੀ, ਜੀਹਦੀ ਵਰ੍ਹਿਆਂ ਤੋਂ ਫੁੱਟਬਾਲ ਦੀ ਖੇਡ 'ਚ ਸਰਦਾਰੀ ਸੀ, 8 ਗੋਲਾਂ ਨਾਲ ਉਸ ਤੋਂ ਪਿੱਛੇ ਰਹਿ ਗਿਆ। ਕੁਲ ਆਲਮੀ ਕੱਪਾਂ 'ਚ ਵੀ 21 ਗੋਲ ਕਰਨ ਦੇ ਬਾਵਜੂਦ ਉਹ ਕਿਲੀਅਨ ਅਮਬਾਪੇ ਦੇ 22 ਗੋਲ ਹੋ ਜਾਣ ਨਾਲ ਦੂਜੀ ਥਾਂ ਜਾ ਪਿਆ। ਮੈਸੀ ਦੀ ਜਿੰਨੀ ਚੜ੍ਹਾਈ ਸੀ, ਮਹਿਮਾ ਸੀ, ਪਈ ਮੈਸੀ ਮੈਸੀ ਹੁੰਦੀ ਸੀ, ਫਾਈਨਲ ਮੈਚ 'ਚ ਹੋਈ ਹਾਰ ਨਾਲ ਉਹਦੀਆਂ ਧਾਹਾਂ ਨਾ ਨਿਕਲਦੀਆਂ ਤਾਂ ਹੋਰ ਕੀ ਨਿਕਲਦਾ!

ਰਿਸ਼ਤਾ ਅਰਜਨਟੀਨਾ ਤੇ ਸਪੇਨ ਦੇ ਸ਼ਰੀਕ ਹੋਣ ਦਾ ਵੀ ਸੀ। ਕਿਹਾ ਜਾਂਦੈ ਕਿ ਸ਼ਰੀਕ ਮੋਹ ਵੀ ਸਭ ਤੋਂ ਵੱਧ ਕਰਦੈ ਤੇ ਖੋਰ ਵੀ ਸਭ ਤੋਂ ਵੱਧ ਰੱਖਦੈ। ਫਾਈਨਲ ਮੈਚ ਦੇ ਖੇਡ ਮੈਦਾਨ ਦੀ ਭਾਸ਼ਾ ਅਰਜਨਟੀਨਾ ਤੇ ਸਪੇਨ ਦੇ ਖਿਡਾਰੀਆਂ ਦੀ ਇੱਕੋ ਸੀ: ਸਪੈਨਿਸ਼। ਐਨ ਉਵੇਂ ਜਿਵੇਂ ਹਾਕੀ ਦੇ ਓਲੰਪਿਕ ਤੇ ਹੋਰ ਮੈਚਾਂ ਵਿਚ ਭਾਰਤੀ ਤੇ ਪਾਕਿਸਤਾਨੀ ਖਿਡਾਰੀਆਂ ਦੀ ਖੇਡ ਭਾਸ਼ਾ 'ਲਈਂ ਨੂਰਿਆ, ਦੇਈਂ ਬੀਰਿਆ' ਬੋਲਦਿਆਂ ਪੰਜਾਬੀ ਹੁੰਦੀ ਹੈ। ਜਿਵੇਂ ਭਾਰਤੀ ਤੇ ਪਾਕਿਸਤਾਨੀ ਸ਼ਰੀਕ ਹੋਣ ਦੇ ਨਾਤੇ ਕਦੇ ਮੋਹ ਪਾਲ ਲੈਂਦੇ ਤੇ ਕਦੇ ਭਿੜ ਪੈਂਦੇ ਹਨ, ਉਵੇਂ ਅਰਜਨਟੀਨੀਏ ਤੇ ਸਪੇਨੀਏ ਵੀ ਮੈਚ ਪਿੱਛੋਂ ਆਪਸ ਵਿਚ ਭਿੜੇ।

ਫੀਫਾ ਦਾ ਫੁਟਬਾਲ ਕੱਪ ਦੁਨੀਆਂ ਦਾ ਸਭ ਤੋਂ ਵੱਡਾ ਖੇਡ ਮੇਲਾ ਹੈ। ਇਹ ਓਲੰਪਿਕ ਖੇਡਾਂ ਦੇ ਅੱਧ-ਵਿਚਾਲੇ ਹਰ ਚਹੁੰ ਸਾਲੀਂ ਹੁੰਦਾ ਹੈ। ਆਧੁਨਿਕ ਓਲੰਪਿਕ ਖੇਡਾਂ 1896 ਤੋਂ ਸ਼ੁਰੂ ਹੋਈਆਂ ਸਨ ਤੇ ਫੀਫਾ ਆਲਮੀ ਕੱਪ 1930 ਤੋਂ ਸ਼ੁਰੂ ਹੋਇਆ। 2018 ਦਾ 21ਵਾਂ ਆਲਮੀ ਕੱਪ 3.57 ਬਿਲੀਅਨ ਭਾਵ 357 ਕਰੋੜ ਦਰਸ਼ਕਾਂ ਨੇ ਵੇਖਿਆ ਸੀ। 2022 ਦਾ ਕੱਪ 500 ਕਰੋੜ ਯਾਨੀ ਦੁਨੀਆਂ ਦੀ ਅੱਧੋਂ-ਵੱਧ ਆਬਾਦੀ ਨੇ ਵੇਖਿਆ। 11 ਜੂਨ 2026 ਤੋਂ ਸ਼ੁਰੂ ਹੋਏ ਤੇ 19 ਜੁਲਾਈ ਨੂੰ ਸਮਾਪਤ ਹੋਏ ਅਜੋਕੇ 23ਵੇਂ ਆਲਮੀ ਕੱਪ ਦੇ ਦਰਸ਼ਕਾਂ ਦੀ ਗਿਣਤੀ ਦਾ ਹਿਸਾਬ ਲਗਾਇਆ ਜਾ ਰਿਹੈ, ਜੋ ਹੋ ਸਕਦੈ 600 ਕਰੋੜ ਤੋਂ ਵੀ ਟੱਪ ਜਾਵੇ! 2022 ਦੇ ਕੱਪ ਦਾ ਫਾਈਨਲ ਮੈਚ ਦੁਨੀਆਂ ਦੇ ਲਗਭਗ 150 ਕਰੋੜ ਲੋਕਾਂ ਨੇ ਵੇਖਿਆ ਸੀ।

ਅਜੋਕੇ ਆਲਮੀ ਕੱਪ ਵਿਚ ਪਹਿਲੇ ਸਾਰੇ ਵਿਸ਼ਵ ਕੱਪਾਂ ਨਾਲੋਂ ਵਧੇਰੇ ਕੁਲ 104 ਮੈਚ ਖੇਡੇ ਗਏ ਹਨ ਜਿਨ੍ਹਾਂ 'ਚ ਫੀਫਾ ਦੇ ਇਤਿਹਾਸ ਵਿਚ ਸਭ ਤੋਂ ਵੱਧ ਗੋਲ ਹੋਏ ਹਨ। 211 ਦੇਸ਼ਾਂ/ਟੈਰੇਟਰੀਆਂ 'ਚੋਂ 48 ਦੇਸ਼ਾਂ ਦੀਆਂ ਕੌਮੀ ਟੀਮਾਂ ਆਲਮੀ ਕੱਪ ਲਈ ਕੁਆਲੀਫਾਈ ਕੀਤੀਆਂ ਸਨ। ਚਾਰ ਸਾਲਾਂ ਬਾਅਦ ਹੁੰਦੇ ਆ ਰਹੇ 23 ਆਲਮੀ ਕੱਪਾਂ 'ਚ ਹੁਣ ਤੱਕ 80 ਮੁਲਕਾਂ ਦੀਆਂ ਨੈਸ਼ਨਲ ਟੀਮਾਂ ਭਾਗ ਲੈ ਚੁੱਕੀਆਂ ਹਨ। ਉਨ੍ਹਾਂ 'ਚ 5 ਲੱਖ ਦੀ ਆਬਾਦੀ ਵਾਲਾ ਅਫਰੀਕਨ ਦੇਸ਼ ਕੇਪ ਵਾਰਡੇ ਵੀ ਹੈ ਜਿਸ ਨੂੰ ਅਰਜਨਟੀਨਾ ਦੀ ਵਿਸ਼ਵ ਚੈਂਪੀਅਨ ਟੀਮ ਮੈਚ ਦੇ ਪੂਰੇ ਸਮੇਂ 'ਚ ਨਹੀਂ ਸੀ ਹਰਾ ਸਕੀ। ਵਾਧੂ ਸਮੇਂ 'ਚ ਵੀ ਮਸੀਂ 1 ਗੋਲ ਨਾਲ ਹਰਾ ਸਕੀ।

ਕੇਪ ਵਾਰਡੇ ਦੇ ਉਲਟ ਜਨਸੰਖਿਆ 'ਚ ਦੁਨੀਆ ਦੇ ਸਭ ਤੋਂ ਵੱਡੇ ਦੇਸ਼ ਭਾਰਤ ਦੀ ਕੌਮੀ ਟੀਮ, ਫੀਫਾ ਕੱਪ ਦੇ 96 ਸਾਲਾ ਇਤਿਹਾਸ ਵਿਚ ਇੱਕ ਵਾਰ ਵੀ ਇਹ ਕੱਪ ਖੇਡਣ ਦੇ ਯੋਗ ਨਹੀਂ ਹੋ ਸਕੀ। ਐਵੇਂ ਹਵਾ 'ਚ ਹੀ ਵਿਸ਼ਵ ਗੁਰੂ ਬਣ ਜਾਣ ਦੀਆਂ ਸ਼ੇਖ਼ੀਆਂ ਮਾਰੀ ਜਾਣ ਦੀ ਗੱਲ ਹੋਰ ਹੈ। ਇੰਡੀਆ ਭਾਵ ਭਾਰਤ ਨੇ ਫੁਟਬਾਲ ਦਾ ਆਲਮੀ ਕੱਪ ਤਾਂ ਕੀ ਕਰਾਉਣਾ ਸੀ ਓਲੰਪਿਕ ਖੇਡਾਂ ਦੇ 130 ਸਾਲਾਂ ਇਤਿਹਾਸ ਵਿਚ ਇੱਕ ਵਾਰ ਵੀ ਓਲੰਪਿਕ ਖੇਡਾਂ ਨਹੀਂ ਕਰਵਾ ਸਕਿਆ। ਜੇਕਰ 2036 ਜਾਂ 2040 ਦੀਆਂ ਓਲੰਪਿਕ ਖੇਡਾਂ ਵੀ 'ਭਾਰਤ ਮਹਾਨ' ਆਪਣੀ ਭੋਇੰ ਉੱਤੇ ਕਰਾ ਜਾਵੇ ਤਾਂ ਵਾਹ ਭਲੀ।

ਇਸ ਖੋਜ ਬਾਰੇ ਹਾਲਾਂ ਵੀ ਮੱਤਭੇਦ ਹਨ ਕਿ ਫੁਟਬਾਲ ਦੀ ਖੇਡ ਦਾ ਜਨਮ ਚੀਨ 'ਚ ਹੋਇਆ, ਇਟਲੀ ਜਾਂ ਅਫਰੀਕਾ ਵਿਚ ਹੋਇਆ? ਪਰ ਇਸ ਤੱਥ ਨਾਲ ਸਭ ਸਹਿਮਤ ਹਨ ਕਿ ਬਰਤਾਨੀਆਂ ਨੇ ਇਸ ਖੇਡ ਨੂੰ ਅਪਨਾਇਆ ਅਤੇ ਸੰਵਾਰਿਆ। ਫਿਰ ਫੀਫਾ ਬਣੀ ਜਿਸ ਦਾ ਮੁੱਖ ਮੰਤਵ ਫੁਟਬਾਲ ਦੀ ਖੇਡ ਨੂੰ ਕੁਲ ਦੁਨੀਆਂ 'ਚ ਮਕਬੂਲ ਕਰਨਾ ਸੀ। 1920 ਵਿਚ ਫਰਾਂਸ ਦਾ ਇੱਕ ਵਕੀਲ ਜੂਲਸ ਰੀਮੇ ਫੀਫਾ ਦਾ ਪ੍ਰਧਾਨ ਬਣਿਆ। ਉਹ 1954 ਤਕ ਇਸ ਅਹੁਦੇ 'ਤੇ ਰਿਹਾ। ਉਹਦੇ ਮਨ 'ਚ ਵਿਚਾਰ ਆਇਆ ਕਿ ਫੁਟਬਾਲ ਦੀ ਖੇਡ ਦਾ ਹਰ ਚਾਰ ਸਾਲ ਬਾਅਦ ਵਰਲਡ ਕੱਪ ਟੂਰਨਾਮੈਂਟ ਕਰਵਾਇਆ ਜਾਵੇ, ਤਾਂ ਜੋ ਇਹ ਖੇਡ ਹੋਰ ਵਿਕਾਸ ਕਰੇ ਤੇ ਹੋਰ ਹਰਮਨ ਪਿਆਰੀ ਹੋਵੇ। ਫੁਟਬਾਲ ਦੀ ਆਲਮੀ ਸਰਦਾਰੀ ਦਾ ਚਿੰਨ੍ਹ 9 ਪੌਂਡ ਸ਼ੁੱਧ ਸੋਨੇ ਦਾ ਕੱਪ ਬਣਾਇਆ ਗਿਆ ਜਿਸ ਦਾ ਨਾਂ ਜੂਲਸ ਰੀਮੇ ਟਰਾਫੀ ਰੱਖਿਆ। ਇਹ ਕੱਪ ਚਲੰਤ ਸੀ ਪਰ ਨਾਲ ਇਹ ਵੀ ਕਿਹਾ ਗਿਆ ਕਿ ਜਿਹੜਾ ਮੁਲਕ ਇਸ ਨੂੰ ਤਿੰਨ ਵਾਰ ਜਿੱਤ ਲਵੇਗਾ ਹਮੇਸ਼ਾ ਲਈ ਉਹਦਾ ਹੋ ਜਾਵੇਗਾ।

ਪਹਿਲਾ ਵਰਲਡ ਕੱਪ ਕਰਾਉਣ ਲਈ ਉਰੁਗੂਏ, ਇਟਲੀ, ਹਾਲੈਂਡ, ਸਪੇਨ ਤੇ ਸਵੀਡਨ ਨੇ ਪੇਸ਼ਕਸ਼ ਕੀਤੀ ਸੀ। ਜਦੋਂ ਫੀਫਾ ਵੱਲੋਂ ਉਰੁਗੂਏ ਨੂੰ ਇਹ ਜ਼ਿੰਮੇਵਾਰੀ ਸੌਂਪ ਦਿੱਤੀ ਗਈ ਤਾਂ ਬਾਕੀ ਚਾਰੇ ਮੁਲਕ ਰੁੱਸ ਗਏ। ਉਨ੍ਹਾਂ ਨੇ ਪਹਿਲੇ ਆਲਮੀ ਕੱਪ 'ਚ ਆਪਣੀਆਂ ਟੀਮਾਂ ਨਾ ਭੇਜੀਆਂ। ਪਹਿਲੇ ਆਲਮੀ ਕੱਪ ਦਾ ਪਹਿਲਾ ਮੈਚ 13 ਜੁਲਾਈ 1930 ਨੂੰ ਫਰਾਂਸ ਤੇ ਮੈਕਸੀਕੋ ਦੀਆਂ ਟੀਮਾਂ ਵਿਚਾਲੇ ਉਰੁਗੂਏ ਦੇ ਸ਼ਤਾਬਦੀ ਸਟੇਡੀਅਮ ਵਿਚ ਖੇਡਿਆ ਗਿਆ ਜੋ ਫਰਾਂਸ ਨੇ ਜਿੱਤਿਆ। ਪਹਿਲਾ ਗੋਲ ਕਰਨ ਦਾ ਸਿਹਰਾ ਫਰਾਂਸੀਸੀ ਖਿਡਾਰੀ ਲੂਈ ਲਾਰੋਂ ਦੇ ਸਿਰ ਬੱਝਾ। ਉਦੋਂ 13 ਮੁਲਕਾਂ ਦੀਆਂ ਟੀਮਾਂ ਨੇ ਹੀ ਵਿਸ਼ਵ ਕੱਪ 'ਚ ਭਾਗ ਲਿਆ। ਫਾਈਨਲ ਮੈਚ ਉਰੁਗੂਏ ਤੇ ਅਰਜਨਟੀਨਾ ਦੀਆਂ ਟੀਮਾਂ ਵਿਚਕਾਰ ਹੋਇਆ ਜਿਸ ਨੂੰ ਉਰੁਗੂਏ ਨੇ 4-2 ਗੋਲਾਂ ਨਾਲ ਜਿੱਤ ਕੇ ਪ੍ਰਸਿੱਧ ਮੂਰਤੀਕਾਰ ਅਬੇਲ ਲਾਫਲੂ ਦੀ ਡਿਜ਼ਾਈਨ ਕੀਤੀ ਅਤਿ ਮਹਿੰਗੀ ਜੂਲਸ ਰੀਮੇ ਟਰਾਫੀ ਚਾਰ ਸਾਲ ਲਈ ਆਪਣੇ ਕਬਜ਼ੇ 'ਚ ਕਰ ਲਈ।

1934 ਦਾ ਦੂਜਾ ਆਲਮੀ ਕੱਪ ਇਟਲੀ 'ਚ ਖੇਡਿਆ ਗਿਆ। ਉਥੇ ਉਰੁਗੂਏ ਗੈਰਹਾਜ਼ਰ ਰਿਹਾ। 17 ਟੀਮਾਂ ਦੇ ਭੇੜ 'ਚੋਂ ਇਟਲੀ ਤੇ ਚੈਕੋਸਲੋਵਾਕੀਆ ਦੀਆਂ ਟੀਮਾਂ ਫਾਈਨਲ 'ਚ ਪੁੱਜੀਆਂ। 55 ਹਜ਼ਾਰ ਦਰਸ਼ਕਾਂ ਦੀ ਹਾਜ਼ਰੀ ਵਿਚ ਇਟਲੀ ਨੇ ਚੈਕੋਸਲੋਵਾਕੀਆ ਨੂੰ 2-1 ਗੋਲਾਂ 'ਤੇ ਹਰਾ ਕੇ ਜੂਲਸ ਰੀਮੇ ਟਰਾਫੀ ਹਾਸਲ ਕਰ ਲਈ। 1938 ਦੇ ਤੀਜੇ ਆਲਮੀ ਕੱਪ ਦਾ ਮੇਜ਼ਬਾਨ ਫਰਾਂਸ ਸੀ। ਉਥੇ ਉਰੁਗੂਏ ਤੇ ਅਰਜਨਟੀਨਾ ਦੀਆਂ ਟੀਮਾਂ ਨਾ ਪੁੱਜੀਆਂ। ਆਸਟ੍ਰੇਲੀਆ ਤੇ ਸਪੇਨ ਵੀ ਵੱਖੋ-ਵੱਖਰੇ ਕਾਰਨਾਂ ਕਰਕੇ ਟੂਰਨਾਮੈਂਟ ਤੋਂ ਲਾਂਭੇ ਰਹੇ। ਤੀਜੇ ਆਲਮੀ ਕੱਪ ਦਾ ਸਭ ਤੋਂ ਵਧੀਆ ਮੈਚ ਬ੍ਰਾਜ਼ੀਲ ਤੇ ਪੋਲੈਂਡ ਵਿਚਕਾਰ ਖੇਡਿਆ ਗਿਆ, ਜੋ ਬ੍ਰਾਜ਼ੀਲ ਨੇ 6-5 ਗੋਲਾਂ ਨਾਲ ਜਿੱਤਿਆ। ਬ੍ਰਾਜ਼ੀਲ ਦੇ ਲਿਓਨੀਦਾਸ ਨੇ ਨੰਗੇ ਪੈਰੀਂ ਖੇਡਦਿਆਂ 4 ਗੋਲ ਕੀਤੇ। ਅੰਤਮ ਮੈਚ ਇਟਲੀ ਤੇ ਹੰਗਰੀ ਵਿਚਾਲੇ ਹੋਇਆ। ਇਟਲੀ ਨੇ 4-2 ਗੋਲਾਂ ਨਾਲ ਦੂਜੀ ਵਾਰ ਜੂਲਸ ਰੀਮੇ ਟਰਾਫੀ ਜਿੱਤੀ। ਦੂਜੇ ਵਿਸ਼ਵ ਯੁਧ ਕਾਰਨ 1942 ਤੇ 46 ਦੇ ਵਿਸ਼ਵ ਕੱਪ ਖੇਡੇ ਹੀ ਨਾ ਜਾ ਸਕੇ।

1950 ਦਾ ਚੌਥਾ ਆਲਮੀ ਕੱਪ ਬ੍ਰਾਜ਼ੀਲ 'ਚ ਖੇਡਿਆ ਗਿਆ। ਉਰੁਗੂਏ ਦੀ ਟੀਮ 20 ਸਾਲਾਂ ਪਿੱਛੋਂ ਆਲਮੀ ਕੱਪ 'ਚ ਪਰਤੀ, ਜਿਸ ਨੇ ਫਾਈਨਲ ਮੈਚ 'ਚ ਬ੍ਰਾਜ਼ੀਲ ਨੂੰ ਹਰਾ ਦਿੱਤਾ। ਜਿੱਤ ਦੇ ਜਸ਼ਨ ਤਾਂ ਮਨਾਏ ਈ ਜਾਂਦੇ ਹਨ, ਬ੍ਰਾਜ਼ੀਲ ਨੇ ਹਾਰ ਦਾ ਮਾਤਮ ਵੀ ਕੌਮੀ ਪੱਧਰ 'ਤੇ ਮਨਾਇਆ। ਬ੍ਰਾਜ਼ੀਲ ਨੂੰ ਹਾਰਦਿਆਂ ਵੇਖ 60 ਦਰਸ਼ਕ ਮਾਰਕੋਨਾ ਸਟੇਡੀਅਮ ਵਿਚ ਹੀ ਬੇਹੋਸ਼ ਹੋ ਗਏ ਸਨ ਤੇ ਕੁਝ ਇੱਕ ਘਰੀਂ ਬੈਠੇ ਕੁਮੈਂਟਰੀ ਸੁਣਦਿਆਂ ਚੱਲ ਵਸੇ ਸਨ। 1954 ਦਾ 5ਵਾਂ ਵਿਸ਼ਵ ਕੱਪ ਸਵਿਟਜ਼ਰਲੈਂਡ 'ਚ ਖੇਡਿਆ ਗਿਆ। ਹੰਗਰੀ ਦੀ ਟੀਮ ਚਾਰ ਸਾਲਾਂ ਤੋਂ 28 ਕੌਮਾਂਤਰੀ ਮੈਚਾਂ 'ਚ ਕਿਤੇ ਵੀ ਨਹੀਂ ਸੀ ਹਾਰੀ। ਪਰ ਫਾਈਨਲ ਮੈਚ ਵਿਚ



ਪੱਛਮੀ ਜਰਮਨੀ ਨੇ ਹੰਗਰੀ ਨੂੰ 3-2 ਗੋਲਾਂ ਨਾਲ ਹਰਾ ਕੇ ਸਨਸਨੀ ਫੈਲਾਅ ਦਿੱਤੀ। ਉਹ ਵੀ ਉਸ ਹਾਲਤ ਵਿਚ ਜਦੋਂ ਹੰਗਰੀ ਪਹਿਲਾਂ ਹੀ 2 ਗੋਲ ਕਰ ਚੁੱਕਾ ਸੀ। ਉਦੋਂ ਦਾ ਖੁੰਝਿਆ ਹੰਗਰੀ ਅੱਜ ਤਕ ਵਿਸ਼ਵ ਕੱਪ ਨੂੰ ਤਰਸ ਰਿਹੈ।

ਸਵੀਡਨ 'ਚ ਖੇਡੇ 1958 ਦੇ ਆਲਮੀ ਕੱਪ ਵਿਚ ਬ੍ਰਾਜ਼ੀਲ ਦੇ ਪੇਲੇ ਦੀ ਪਹਿਲੀ ਚੜ੍ਹਤ ਹੋਈ। 18ਵੇਂ ਸਾਲ ਦੀ ਉਮਰੇ ਉਸ ਨੇ ਫਰਾਂਸ ਵਿਰੁਧ ਹੈਟ੍ਰਿਕ ਮਾਰਿਆ ਜਿਸ ਨੇ ਫੁਟਬਾਲ ਦੀ ਦੁਨੀਆਂ 'ਚ ਤਹਿਲਕਾ ਮਚਾ ਦਿੱਤਾ। ਫਾਈਨਲ ਮੈਚ ਬ੍ਰਾਜ਼ੀਲ ਤੇ ਸਵੀਡਨ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ, ਜੋ ਬ੍ਰਾਜ਼ੀਲ ਦੀ ਟੀਮ ਨੇ 5-2 ਗੋਲਾਂ ਦੇ ਵੱਡੇ ਫਰਕ ਨਾਲ ਜਿੱਤ ਲਿਆ। ਸਵੀਡਨ ਦੀਆਂ ਨੀਲੀਆਂ ਅੱਖਾਂ ਵਾਲੀਆਂ ਗੋਰੀਆਂ ਕੁੜੀਆਂ ਕਾਲੇ ਪੇਲੇ ਦੇ ਆਟੋਗਰਾਫ ਲੈਣ ਪਿੱਛੋਂ ਆਪਣੀਆਂ ਰੰਗੀਨ ਨਹੁੰ ਪਾਲਸ਼ਾਂ ਵਾਲੀਆਂ ਉਂਗਲਾਂ ਉਹਦੇ ਪਿੰਡੇ 'ਤੇ ਘਸਾ ਕੇ ਵੇਖਣ ਲੱਗੀਆਂ, ਇਹ ਕਿਤੇ ਪਾਲਸ਼ ਤਾਂ ਨਹੀਂ? ਪੇਲੇ ਦੇ ਸਾਥੀਆਂ ਨੇ ਮਸ਼ਕਰੀ ਕੀਤੀ, 'ਇਹ ਰੰਗ ਅਸਲੀ ਆ, ਨਾ ਧੁੱਪ 'ਚ ਉਡਦਾ ਤੇ ਨਾ ਮੀਂਹ 'ਚ ਖੁਰਦਾ। ਤੁਸੀਂ ਬੇਸ਼ਕ ਇਹਨੂੰ ਜੱਫੀਆਂ ਪਾਓ ਇਹਦਾ ਰੰਗ ਤੁਹਾਨੂੰ ਨਹੀਂ ਲੱਗੇਗਾ!'

1962 ਦਾ 7ਵਾਂ ਆਲਮੀ ਕੱਪ ਚਿੱਲੀ 'ਚ ਖੇਡਿਆ ਗਿਆ ਜਿਸ ਦਾ ਅੰਤਮ ਮੈਚ ਬ੍ਰਾਜ਼ੀਲ ਤੇ ਚੈਕੋਸਲੋਵਾਕੀਆ ਵਿਚਕਾਰ ਹੋਇਆ। ਪੇਲੇ ਦੇ ਜ਼ਖ਼ਮੀ ਹੋਣ ਦੇ ਬਾਵਜੂਦ ਬ੍ਰਾਜ਼ੀਲ ਨੇ ਜੂਲਸ ਰੀਮੇ ਟਰਾਫੀ ਆਪਣੇ ਕਬਜ਼ੇ 'ਚ ਰੱਖੀ। 1966 ਦਾ ਵਿਸ਼ਵ ਕੱਪ ਬਰਤਾਨੀਆਂ 'ਚ ਹੋਇਆ ਜਿਥੇ ਪੇਲੇ ਫੱਟੜ ਹੋ ਗਿਆ ਤੇ ਬ੍ਰਾਜ਼ੀਲ ਦੀ ਟੀਮ ਮੁਢਲੇ ਮੈਚਾਂ 'ਚ ਹੀ ਹਾਰ ਗਈ। ਫਾਈਨਲ ਮੈਚ ਇੰਗਲੈਂਡ ਤੇ ਜਰਮਨੀ ਦੀਆਂ ਟੀਮਾਂ ਦਰਮਿਆਨ ਖੇਡਿਆ ਗਿਆ, ਜੋ ਇੰਗਲੈਂਡ ਨੇ ਜਿੱਤ ਲਿਆ। ਬਹੁਤੀ ਹੈਰਾਨੀ ਏਸ਼ੀਆ ਦੇ ਦੇਸ਼ ਉੱਤਰੀ ਕੋਰੀਆ ਨੇ ਪੈਦਾ ਕੀਤੀ, ਜਦੋਂ ਇੱਕ ਮੈਚ 'ਚ ਉਸ ਨੇ ਦੋ ਵਾਰ ਵਿਸ਼ਵ ਕੱਪ ਜੇਤੂ ਇਟਲੀ ਨੂੰ ਹਰਾ ਕੇ ਕੁਆਟਰ ਫਾਈਨਲ ਦੀ ਪੌੜੀ ਨੂੰ ਜਾ ਹੱਥ ਪਾਏ।

ਨੌਵਾਂ ਵਿਸ਼ਵ ਕੱਪ ਮੈਕਸੀਕੋ 'ਚ ਹੋਇਆ ਜਿਥੇ ਬ੍ਰਾਜ਼ੀਲ ਤੇ ਇਟਲੀ ਦੀਆਂ ਟੀਮਾਂ ਫਾਈਨਲ 'ਚ ਭਿੜੀਆਂ। ਪੇਲੇ ਚੌਥੀ ਵਾਰ ਵਿਸ਼ਵ ਕੱਪ ਖੇਡਦਾ ਪੂਰੇ ਜਲੌਅ 'ਚ ਸੀ। ਇਕ ਲੱਖ ਦਰਸ਼ਕ ਮੈਕਸੀਕੋ ਦੇ ਸਟੇਡੀਅਮ 'ਚ ਪੱਬਾਂ ਭਾਰ ਸਨ। ਪੇਲੇ ਦੀ ਟੀਮ ਨੇ ਇਟਲੀ ਸਿਰ 4 ਗੋਲ ਕਰ ਕੇ ਬੱਬ ਬੁਲਾ ਦਿੱਤੀ। ਮੈਚ ਮੁੱਕਣ ਦੀ ਵਿਸਲ ਵੱਜਣ ਸਾਰ ਅਣਗਿਣਤ ਪੇਲੇ-ਪ੍ਰੇਮੀ ਉਹਦੇ ਵੱਲ ਵਧੇ ਤਾਂ ਮੌਕੇ ਦੀ ਨਜ਼ਾਕਤ ਵੇਖਦਿਆਂ ਉਹਨੇ ਆਪਣੀ ਜਰਸੀ ਉਨ੍ਹਾਂ ਵੱਲ ਵਗਾਹ ਮਾਰੀ, ਜੋ ਨਿਸ਼ਾਨੀ ਵਜੋਂ ਉਨ੍ਹਾਂ ਦੇ ਹੱਥ ਲੀਰ-ਲੀਰ ਆਈ। ਪੇਲੇ ਭੱਜ ਕੇ ਕਮਰੇ 'ਚ ਜਾ ਲੁਕਿਆ। ਉਸ ਨੇ ਸ਼ੁਕਰ ਕੀਤਾ ਕਿ ਮੈਕਸੀਕੋ ਦੇ ਦਰਸ਼ਕਾਂ ਕੋਲੋਂ ਉਹਦਾ ਕੱਛਾ ਬਚ ਗਿਆ ਸੀ।

ਪੇਲੇ ਦੇ ਜਨਮ ਸਮੇਂ ਉਹਦੇ ਫੁਟਬਾਲਰ ਪਿਉ ਨੇ ਪੁੱਤਰ ਦੇ ਪੱਟ ਤੇ ਪੈਰ ਟੋਹਦਿਆਂ ਕਿਹਾ ਸੀ, 'ਲੱਗਦੈ ਫੁਟਬਾਲ ਚੰਗੀ ਖੇਡ ਲਏਗਾ।' ਮਾਂ ਨੇ ਟੋਕਿਆ ਸੀ, 'ਇਹਨੂੰ ਫੁਟਬਾਲਰ ਬਣਨ ਦਾ ਸਰਾਪ ਨਾ ਦੇਹ। ਅੱਗੇ ਫੁਟਬਾਲ ਖੇਡ ਕੇ ਤੂੰ ਕੀ ਲੱਲ੍ਹਰ ਲਾਹੀਐ?'

ਬ੍ਰਾਜ਼ੀਲ ਦੇ ਤੀਜੀ ਵਾਰ ਵਿਸ਼ਵ ਕੱਪ ਜਿੱਤਣ ਨਾਲ ਜੂਲਸ ਰੀਮੇ ਟਰਾਫੀ ਪੱਕੇ ਤੌਰ 'ਤੇ ਬ੍ਰਾਜ਼ੀਲ ਦੀ ਬਣ ਗਈ ਸੀ। 1973 'ਚ ਖ਼ਾਲਸ ਸੋਨੇ ਦੀ ਉਸ ਟਰਾਫੀ ਨੂੰ ਚੋਰਾਂ ਨੇ ਚੁਰਾ ਲਿਆ ਤੇ ਮਗਰੋਂ ਭੰਨ ਗਾਲ ਸੁਟਿਆ। ਚੋਰ ਬੇਸ਼ੱਕ ਫੜੇ ਗਏ ਪਰ ਟਰਾਫੀ ਨਾ ਲੱਭੀ। 1974 ਦੇ ਵਿਸ਼ਵ ਕੱਪ ਲਈ ਨਵੀਂ ਫੀਫਾ ਤਿਆਰ ਕਰਵਾਈ ਗਈ ਜੋ ਫਾਈਨਲ ਮੈਚ 'ਚ ਜਰਮਨੀ ਨੇ ਹਾਲੈਂਡ ਨੂੰ ਹਰਾ ਕੇ ਜਿੱਤੀ। ਨਵੀਂ ਟਰਾਫੀ ਖਾਲਸ ਸੋਨੇ ਦੀ ਹੈ ਜਿਸ ਦਾ ਬੇਸ ਹਰੇ ਕੀਮਤੀ ਪੱਥਰ ਦਾ ਹੈ। ਉਚਾਈ 36.5 ਸੈਂਟੀਮੀਟਰ, ਚੌੜਾਈ 12.5 ਸੈਂਟੀਮੀਟਰ ਤੇ ਭਾਰ 6.175 ਕਿਲੋਗ੍ਰਾਮ ਹੈ। ਸਿਰਫ ਸੋਨੇ ਤੇ ਸਮੱਗਰੀ ਦੀ ਕੀਮਤ ਹੀ 250,000 ਅਮਰੀਕਨ ਡਾਲਰ ਬਣਦੀ ਹੈ। ਮਾਹਿਰਾਂ ਨੇ ਇਸ ਦੀ ਇਤਿਹਾਸਕ ਤੇ ਪ੍ਰਤੀਕਾਤਮਕ ਕੀਮਤ 20 ਮਿਲੀਅਨ ਅਮਰੀਕਨ ਡਾਲਰ ਯਾਨੀ 2 ਕੁ ਕਰੋੜ ਰੁਪਏ ਅੰਕੀ ਹੈ। ਇਹ ਦੁਨੀਆ ਦੀ ਸਭ ਤੋਂ ਮਹਿੰਗੀ ਖੇਡ ਟਰਾਫੀ ਹੈ ਜੋ ਦੁਨੀਆ ਭਰ 'ਚ ਫੁਟਬਾਲ ਦੀ ਏਕਤਾ ਤੇ ਮਹੱਤਤਾ ਦੀ ਪ੍ਰਤੀਕ ਹੈ।

1978 ਵਿਚ ਅਰਜਨਟੀਨਾ ਨੇ ਫਤਿਹ ਹਾਸਲ ਕੀਤੀ ਤੇ 1982 'ਚ ਇਟਲੀ ਨੇ। ਇਟਲੀ ਦੇ ਖਿਡਾਰੀ ਪਾਵਲੋ ਰੌਸੀ ਨੂੰ ਜਕੋ-ਤੱਕੀ 'ਚ ਖਿਡਾਇਆ ਗਿਆ ਸੀ, ਪਰ ਉਸ ਨੇ ਫਾਈਨਲ ਮੈਚ 'ਚ ਜਰਮਨੀ ਸਿਰ 3 ਗੋਲ ਕਰ ਕੇ ਧੰਨ-ਧੰਨ ਕਰਾ ਦਿੱਤੀ। 1986 ਦਾ ਵਿਸ਼ਵ ਕੱਪ ਅਰਜਨਟੀਨਾ ਨੇ ਜਿੱਤਿਆ ਜਿਸ ਵਿਚ ਮਾਰਾਡੋਨਾ ਦੇ ਰੱਬੀ ਹੱਥ ਨਾਲ ਹੋਏ ਗੋਲ ਦੀ ਕਰਾਮਾਤ ਵਾਪਰੀ। 1990 'ਚ ਇਟਲੀ, 1994 ਜਰਮਨੀ ਤੇ 1998 ਵਿਚ ਫਰਾਂਸ ਵਿਸ਼ਵ ਵਿਜੇਤਾ ਬਣੇ।

21ਵੀਂ ਸਦੀ ਦਾ ਪਹਿਲਾ ਉਂਜ 17ਵਾਂ ਵਿਸ਼ਵ ਕੱਪ ਪਹਿਲੀ ਵਾਰ ਏਸ਼ੀਆ ਦੀ ਧਰਤੀ 'ਤੇ ਖੇਡਿਆ ਗਿਆ। ਕੋਰੀਆ ਤੇ ਜਾਪਾਨ ਦੇ ਸ਼ਹਿਰ ਇਹਦੇ ਮੇਜ਼ਬਾਨ ਸਨ। ਸੰਸਾਰ ਦੇ ਲਗਭਗ 200 ਮੁਲਕਾਂ ਦੀਆਂ ਟੀਮਾਂ 'ਚੋਂ ਆਪਸ ਵਿਚੀਂ ਮੈਚ ਖਿਡਾ ਕੇ 32 ਟੀਮਾਂ ਨਿਤਾਰੀਆਂ ਗਈਆਂ, ਜਿਨ੍ਹਾਂ ਨੂੰ ਅੱਗੇ 8 ਗਰੁੱਪਾਂ ਵਿਚ ਵੰਡਿਆ ਗਿਆ। 31 ਮਈ 2002 ਨੂੰ ਨਵੀਂ ਸਦੀ ਦੇ ਵਿਸ਼ਵ ਕੱਪ ਦਾ ਸ਼ਾਨਾਂਮੱਤਾ ਉਦਘਾਟਨ ਹੋਇਆ ਅਤੇ ਪਹਿਲਾ ਮੈਚ ਆਲਮੀ ਚੈਂਪੀਅਨ ਫਰਾਂਸ ਤੇ ਅਫਰੀਕੀ ਮੁਲਕ ਸੈਨੇਗਲ ਦੀ ਪਹਿਲੀ ਵਾਰ ਭਾਗ ਲੈ ਰਹੀ ਨਵੀਂ ਟੀਮ ਵਿਚਾਲੇ ਖੇਡਿਆ ਗਿਆ। ਇਹ ਗੱਲ ਕਿਸੇ ਦੇ ਖ਼ਾਬ-ਖ਼ਿਆਲ ਵਿਚ ਵੀ ਨਹੀਂ ਸੀ ਕਿ ਸੈਨੇਗਲ ਛੁਪਿਆ ਰੁਸਤਮ ਨਿਕਲੇਗਾ, ਜੋ ਵਿਸ਼ਵ ਕੱਪ ਦੇ ਤਕੜੇ ਦਾਅਵੇਦਾਰ ਫਰਾਂਸ ਦੀਆਂ ਗੋਡਣੀਆਂ ਲੁਆ ਦੇਵੇਗਾ।

ਕੁਆਟਰ ਫਾਈਨਲ 'ਚ ਕੋਰੀਆ ਨੇ ਸਪੇਨ ਨੂੰ, ਜਰਮਨੀ ਨੇ ਅਮਰੀਕਾ ਨੂੰ, ਤੁਰਕੀ ਨੇ ਸੈਨੇਗਲ ਨੂੰ ਤੇ ਬ੍ਰਾਜ਼ੀਲ ਨੇ ਜਾਪਾਨ ਨੂੰ ਜਿੱਤ ਕੇ ਸੈਮੀ ਫਾਈਨਲ ਵਿਚ ਪ੍ਰਵੇਸ਼ ਪਾਇਆ। ਬ੍ਰਾਜ਼ੀਲ ਤੇ ਜਰਮਨੀ 7-7 ਵਾਰ ਵਿਸ਼ਵ ਕੱਪ ਦੇ ਫਾਈਨਲ 'ਚ ਪੁੱਜ ਚੁੱਕੇ ਸਨ ਪਰ ਆਪਸ ਵਿਚ ਕਦੇ ਨਹੀਂ ਸਨ ਟੱਕਰੇ। ਬ੍ਰਾਜ਼ੀਲ 4 ਵਾਰ ਵਿਸ਼ਵ ਕੱਪ ਜਿੱਤਿਆ ਸੀ ਤੇ ਜਰਮਨੀ 3 ਵਾਰ। ਦੁਨੀਆਂ ਦੇ ਸਭ ਤੋਂ ਮਹਿੰਗੇ ਖਿਡਾਰੀ ਰੋਨਾਲਡੋ ਨੇ 2 ਗੋਲ ਦਾਗ ਕੇ 8 ਗੋਲਾਂ ਨਾਲ ਗੋਲਡਨ ਬੂਟ ਵੀ ਹਾਸਲ ਕੀਤਾ ਤੇ ਬ੍ਰਾਜ਼ੀਲ ਨੂੰ ਪੰਜਵੀਂ ਵਾਰ ਫੁਟਬਾਲ ਦਾ ਸ਼ਹਿਨਸ਼ਾਹ ਬਣਾਇਆ। 2006 ਦਾ ਕੱਪ ਇਟਲੀ ਨੇ ਫਰਾਂਸ ਨੂੰ, 2010 ਦਾ ਕੱਪ ਸਪੇਨ ਨੇ ਨੀਦਰਲੈਂਡ ਨੂੰ, 2014 ਦਾ ਕੱਪ ਜਰਮਨੀ ਨੇ ਅਰਜਨਟੀਨਾ ਨੂੰ, 2018 ਦਾ ਕੱਪ ਫਰਾਂਸ ਨੇ ਕ੍ਰੋਸ਼ੀਆ ਨੂੰ, 2022 ਦਾ ਕੱਪ ਅਰਜਨਟੀਨਾ ਨੇ ਫਰਾਂਸ ਨੂੰ ਤੇ 2026 ਦਾ ਕੱਪ ਸਪੇਨ ਨੇ ਅਰਜਨਟੀਨਾ ਨੂੰ ਫਾਈਨਲ ਮੈਚਾਂ ਵਿਚ ਹਰਾ ਕੇ ਜਿੱਤੇ।

ਆਲਮੀ ਕੱਪ ਖੇਡਣ ਦੇ ਦਿਨ ਤਾਂ ਬੇਸ਼ੱਕ ਗਿਣਤੀ ਦੇ ਹੁੰਦੇ ਹਨ ਤੇ ਮੈਚ ਵੀ ਗਿਣਤੀ ਦੇ ਪਰ ਉਨ੍ਹਾਂ ਦੀਆਂ ਗੱਲਾਂ ਸਾਲਾਂ-ਬੱਧੀ ਚਲਦੀਆਂ ਰਹਿੰਦੀਆਂ ਹਨ। ਆਲਮੀ ਕੱਪਾਂ 'ਚ ਕਈ ਘਟਨਾਵਾਂ ਐਸੀਆਂ ਵਾਪਰਦੀਆਂ ਹਨ, ਜੋ ਦੇਰ ਤਕ ਨਹੀਂ ਭੁਲਦੀਆਂ। ਜੇਤੂਆਂ ਦੀਆਂ ਖ਼ੁਸ਼ੀ 'ਚ ਖਿੜੀਆਂ ਵਰਾਛਾਂ ਤੇ ਹਾਰੂਆਂ ਦੇ ਗ਼ਮਗੀਨ ਚਿਹਰੇ! ਹਾਰਨ ਵਾਲਿਆਂ ਤੋਂ ਉਠਿਆ ਨਹੀਂ ਜਾਂਦਾ ਤੇ ਜਿੱਤਣ ਵਾਲਿਆਂ ਤੋਂ ਬੈਠਿਆ ਨਹੀਂ ਜਾਂਦਾ। ਟੀਮਾਂ ਦੇ ਕੋਚਾਂ ਦੀ ਪਰੇਸ਼ਾਨੀ ਤੇ ਖ਼ੁਸ਼ੀ ਦਾ ਵੀ ਕੋਈ ਅੰਤ ਨਹੀਂ ਰਹਿੰਦਾ। ਦਰਸ਼ਕਾਂ ਦੀ ਹਾਤ-ਹੂਤ ਦਾ ਤਾਂ ਕਾਹਦਾ ਹਿਸਾਬ-ਕਿਤਾਬ ਹੋਣਾ ਸੀ? ਜਦ ਨੂੰ 23ਵੇਂ ਆਲਮੀ ਕੱਪ ਦੀਆਂ ਗੱਲਾਂ ਮੁੱਕਣਗੀਆਂ ਉਦੋਂ ਨੂੰ 24ਵੇਂ ਫੀਫਾ ਕੱਪ ਦੀਆਂ ਗੱਲਾਂ ਸ਼ੁਰੂ ਹੋ ਜਾਣਗੀਆਂ। ਇਹੋ ਜੀਵਨ ਦਾ ਗੇੜ ਹੈ ਤੇ ਏਹੋ ਖੇਡਾਂ ਦਾ ਫਲਸਫਾ। ਇਕ ਖੇਡ ਮੇਲੇ ਦੀ ਧੂੜ ਬਹਿੰਦੀ ਹੈ ਤੇ ਦੂਜੇ ਦੀ ਚੜ੍ਹਨੀ ਸ਼ੁਰੂ ਹੋ ਜਾਂਦੀ ਹੈ। ਵੇਖਾਂਗੇ 2030 ਵਾਲਾ ਫੀਫਾ ਦਾ ਸ਼ਤਾਬਦੀ ਫੁਟਬਾਲ ਮੇਲਾ ਕਿਹੋ ਜਿਹਾ ਲੱਗਦਾ?

## ਫੀਫਾ ਆਲਮੀ ਕੱਪਾਂ ਦੇ ਨਤੀਜੇ

1930 ਉਰੁਗੂਏ, ਅਰਜਨਟੀਨਾ, ਅਮਰੀਕਾ
1934 ਇਟਲੀ, ਚੈਕੋਸਲੋਵਾਕੀਆ, ਜਰਮਨੀ
1938 ਇਟਲੀ, ਹੰਗਰੀ, ਬ੍ਰਾਜ਼ੀਲ
1950 ਉਰੁਗੁਏ, ਬ੍ਰਾਜ਼ੀਲ, ਸਵੀਡਨ
1954 ਪੱਛਮੀ ਜਰਮਨੀ, ਹੰਗਰੀ, ਆਸਟ੍ਰੇਲੀਆ
1958 ਬ੍ਰਾਜ਼ੀਲ, ਸਵੀਡਨ, ਫਰਾਂਸ
1962 ਬ੍ਰਾਜ਼ੀਲ, ਚੈਕੋਸਲੋਵਾਕੀਆ, ਚਿੱਲੀ
1966 ਇੰਗਲੈਂਡ, ਵੈਸਟ ਜਰਮਨੀ, ਪੁਰਤਗਾਲ
1970 ਬ੍ਰਾਜ਼ੀਲ, ਇਟਲੀ, ਵੈਸਟ ਜਰਮਨੀ
1974 ਬ੍ਰਾਜ਼ੀਲ, ਨੀਦਰਲੈਂਡ, ਪੋਲੈਂਡ
1978 ਅਰਜਨਟੀਨਾ, ਨੀਦਰਲੈਂਡ, ਬ੍ਰਾਜ਼ੀਲ
1982 ਇਟਲੀ, ਵੈਸਟ ਜਰਮਨੀ, ਪੋਲੈਂਡ
1986 ਅਰਜਨਟੀਨਾ, ਵੈਸਟ ਜਰਮਨੀ, ਫਰਾਂਸ
1990 ਵੈਸਟ ਜਰਮਨੀ, ਅਰਜਨਟੀਨਾ, ਇਟਲੀ
1994 ਬ੍ਰਾਜ਼ੀਲ, ਇਟਲੀ, ਸਵੀਡਨ
1998 ਫਰਾਂਸ, ਬ੍ਰਾਜ਼ੀਲ, ਕ੍ਰੋਸ਼ੀਆ
2002 ਬ੍ਰਾਜ਼ੀਲ, ਜਰਮਨੀ, ਟਰਕੀ
2006 ਇਟਲੀ, ਫਰਾਂਸ, ਜਰਮਨੀ
2010 ਸਪੇਨ, ਨੀਦਰਲੈਂਡ, ਜਰਮਨੀ
2014 ਜਰਮਨੀ, ਅਰਜਨਟੀਨਾ, ਨੀਦਰਲੈਂਡ
2018 ਫਰਾਂਸ, ਕ੍ਰੋਸ਼ੀਆ, ਬੈਲਜੀਅਮ
2022 ਅਰਜਨਟੀਨਾ, ਫਰਾਂਸ, ਕ੍ਰੋਸ਼ੀਆ
2026 ਸਪੇਨ, ਅਰਜਨਟੀਨਾ, ਇੰਗਲੈਂਡ

# ਸਪੇਨ ਨੇ ਫ਼ੁਟਬਾਲ ਦੇ ਫਾਈਨਲ ਮੈਚ ਵਿਚ ਅਮਰੀਕਾ ਦੀ ਹਿੱਕ 'ਤੇ ਮੂੰਗ ਦਲਿਆ



**ਸਰਬਜੀਤ ਧਾਲੀਵਾਲ**
**ਫੋਨ: 98141-23338**

***ਅਮਰੀਕਾ ਦੇ ਰਾਸ਼ਟਰਪਤੀ ਨੇ ਸ਼ਰ੍ਹੇਆਮ ਫੀਫਾ ਦੀ ਬਾਂਹ ਮਰੋੜ ਕੇ ਬਾਲੋਗੰਨ ਦਾ ਲਾਲ ਕਾਰਡ ਅਗਲੇ ਮੈਚ ਵਾਸਤੇ ਮਨਸੂਖ ਕਰਵਾਇਆ। ਫੀਫਾ ਦੇ ਪੂਰਵ ਪ੍ਰਧਾਨ ਸੈਂਪ ਬਲੈਟਰ ਨੇ ਇਸ ਵਰਲਡ ਕੱਪ 'ਤੇ ਟਿਪਣੀ ਕਰਦਿਆਂ ਕਿਹਾ ਹੈ ਕਿ ਬਹੁਤ ਅਫਸੋਸ ਦੀ ਗੱਲ ਹੈ ਕਿ ਫ਼ੁਟਬਾਲ ਕੱਪ ਬੁਰੀ ਤਰ੍ਹਾਂ ਰਾਜਨੀਤੀ ਦੀ ਲਪੇਟ ਵਿਚ ਆ ਗਿਆ ਹੈ। ਇਸ ਨਾਲ ਫ਼ੁਟਬਾਲ ਦੀ ਖੇਡ ਤੇ ਇਸ ਨਾਲ ਜੁੜੀ ਵਿਸ਼ਵਾਸਯੋਗਤਾ ਨੂੰ ਵੱਡਾ ਨੁਕਸਾਨ ਪਹੁੰਚਿਆ ਹੈ। ਉਸਨੇ ਫ਼ੁਟਬਾਲ ਨਾਲ ਸੰਬੰਧਿਤ ਦੇਸ਼ਾਂ ਨੂੰ ਅਪੀਲ ਕੀਤੀ ਹੈ ਕਿ ਇਸਨੂੰ ਰਾਜਨੀਤੀ ਦੀ ਚੁੰਗਲ ਵਿਚੋਂ ਕੱਢੋ। ਹੁਣ ਇਹ ਚਾਰ ਸਾਲਾਂ ਬਾਅਦ 2030 ਵਿਚ ਸਪੇਨ, ਪੁਰਤਗਾਲ ਤੇ ਮੋਰਾਕੋ ਵਿਚ ਹੋਵੇਗਾ। ਸਪੇਨ ਉਸ ਸਾਲ ਆਪਣਾ ਵਰਲਡ ਕੱਪ ਟਾਈਟਲ ਡਿਫੈਂਡ ਕਰੇਗਾ। ਸਾਲ 2030 ਵਿਚ ਵਰਲਡ ਕੱਪ ਦੀ ਉਮਰ 100 ਸਾਲ ਹੋ ਜਾਵੇਗੀ ਤੇ ਉਹ ਇਸ ਕੱਪ ਲਈ ਰੰਗਲੇ ਜਸ਼ਨਾਂ ਦਾ ਸਾਲ ਹੋਵੇਗਾ।***



ਸਪੇਨ ਵਰਲਡ ਕੱਪ ਜਿੱਤ ਗਿਆ ਹੈ, ਇਹ ਖ਼ਬਰ ਕਈ ਦਿਨ ਪੁਰਾਣੀ ਹੋ ਚੁੱਕੀ ਹੈ। ਤਸੱਲੀ ਇਸ ਗੱਲ ਦੀ ਹੈ ਕਿ ਵਧੀਆ ਟੀਮ ਵਰਲਡ ਕੱਪ ਜਿੱਤੀ ਹੈ। ਉਹ ਟੀਮ ਕੱਪ ਜਿੱਤੀ ਹੈ ਜਿਸ ਦੇ ਖ਼ਿਲਾਫ ਸਾਰੇ ਟੂਰਨਾਮੈਂਟ ਵਿਚ ਸਿਰਫ ਇਕ ਹੀ ਗੋ.ਲ ਹੋਇਆ ਸੀ। ਸਭ ਤੋਂ ਵੱਡੀ ਤੇ ਦਿਲਚਸਪ ਗੱਲ ਇਹ ਹੈ ਕਿ ਸਪੇਨ ਨੇ ਇਹ ਕੱਪ ਅਮਰੀਕਾ ਦੇ ਰਾਸ਼ਟਰਪਤੀ ਦੀ ਹਾਜ਼ਰੀ ਵਿਚ ਅਮਰੀਕਾ ਦੀ ਧਰਤੀ 'ਤੇ ਨਿਊ ਜਰਸੀ ਦੇ ਖੇਡ ਮੈਦਾਨ ਵਿਚ ਜਿੱਤਿਆ ਹੈ। ਸਪੇਨੀਆਂ ਨੇ ਇਹ ਕੱਪ ਜਿੱਤ ਕੇ ਟਰੰਪ ਦੀ 'ਹਿੱਕ 'ਤੇ ਮੂੰਗ ਦਲਿਆ' ਹੈ। ਸਪੇਨ ਤੇ ਅਮਰੀਕਾ ਦਾ ਫਸਵਾਂ ਟਕਰਾਓ ਕਈ ਵਰ੍ਹਿਆਂ ਤੋਂ ਚਲ ਰਿਹਾ ਹੈ ਤੇ ਅਰਜਨਟੀਨਾ ਇਸ ਵੇਲੇ ਅਮਰੀਕਾ ਦਾ ਸਭ ਤੋਂ ਵੱਡਾ ਹਮਾਇਤੀ ਹੈ। ਅਰਜਨਟੀਨਾ ਦਾ ਰਾਸ਼ਟਰਪਤੀ ਜੇਵੀਅਰ ਜੇਰਾਰਡੋ ਮਿਲੇਈ ਟਰੰਪ ਭਗਤ ਹੈ ਤੇ ਸੱਜੇ-ਪੱਖੀ ਰਾਜਨੀਤੀ ਦਾ ਧਾਰਨੀ ਹੈ।

ਦੂਸਰੇ ਪਾਸੇ ਸਪੇਨ ਖੱਬੇ-ਪੱਖੀ ਰਾਜਨੀਤੀ ਤੋਂ ਪ੍ਰਭਾਵਤ ਹੈ। ਮੈਚ ਤੋਂ ਪਹਿਲਾਂ ਜਦੋਂ ਵਹਿਮੀ ਕਿਸਮ ਦੇ ਪ੍ਰਸ਼ਾਸ਼ਕ ਜੇਵੀਅਰ ਨੂੰ ਅਰਜਨਟੀਨਾ ਤੇ ਸਪੇਨ ਦੇ ਮੈਚ ਬਾਰੇ ਪੁੱਛਿਆ ਗਿਆ ਤਾਂ ਉਸਨੇ ਸਪੇਨ ਦੀ ਖੱਬੇ-ਪੱਖੀ ਰਾਜਨੀਤੀ ਖਿਲਾਫ ਵਿਅੰਗਮਈ ਵਿਚਾਰਧਾਰਕ ਟਿਪਣੀ ਫ਼ੁਟਬਾਲ ਦੀ ਭਾਸ਼ਾ ਵਿਚ ਕਰਦੇ ਹੋਏ ਕਿਹਾ ਸੀ 'ਠਹਏ ਨਲੇ ਲਝਾਟ ਟਹਅਟੌਰਕਸ ਸਿ ਲਝਾਟੌਟੋਂ ਇਸਸੇ' ਉਸਦਾ ਕਹਿਣ ਦਾ ਭਾਵ ਸੀ ਕਿ ਖੱਬੇ-ਪੱਖੀ ਸੋਚ, ਰਾਜਨੀਤੀ ਖਤਮ ਹੋ ਚੁਕੀ ਤੇ ਹੁਣ ਸਿਰਫ ਮੈਸੀ ਦੇ ਖੱਬੇ ਪੈਰ ਦਾ ਹੀ ਦੁਨੀਆਂ ਵਿਚ ਜਲਵਾ ਹੈ। ਇਹ ਗੱਲ ਵੱਖਰੀ ਹੈ ਕੇ ਫਾਈਨਲ ਵਿਚ ਸਪੇਨੀਆਂ ਨੇ ਅਜਿਹਾ ਜਾਲ ਵਿਛਾਇਆ ਕਿ ਮੈਸੀ ਦਾ ਖੱਬਾ ਪੈਰ ਆਪਣਾ ਉਹ ਜਲਵਾ ਨਹੀਂ ਦਿਖਾ ਸਕਿਆ, ਜਿਸ ਕਰਕੇ ਸੰਸਾਰ ਵਿਚ ਉਸਦੀ ਗੁੱਡੀ ਚੜ੍ਹੀ ਹੋਈ ਹੈ। ਜੇਵੀਅਰ ਵਹਿਮੀ ਇੰਨਾ ਹੈ ਕਿ ਉਹ ਆਪਣੀ ਟੀਮ ਦਾ ਫਾਈਨਲ ਮੈਚ ਦੇਖਣ ਇਸ ਕਰਕੇ ਅਰਜਨਟੀਨਾ ਤੋਂ ਨਹੀਂ ਆਇਆ ਕਿ ਉਸਨੂੰ ਵਹਿਮ ਸੀ ਕਿ ਜੇਕਰ ਉਹ ਉੱਥੇ ਗਿਆ ਤਾਂ ਉਸਦੀ ਟੀਮ ਫਾਈਨਲ ਮੈਚ ਹਾਰ ਜਾਵੇਗੀ।

ਦੂਸਰੇ ਪਾਸੇ ਸਪੇਨ ਦਾ ਪ੍ਰਧਾਨ ਮੰਤਰੀ ਪੇਡਰੋ ਸੈਂਚੇਜ ਫਾਈਨਲ ਮੈਚ ਦੇਖਣ ਪਹੁੰਚਿਆ ਹੋਇਆ ਸੀ। ਸਪੇਨ ਦਾ ਬਾਦਸ਼ਾਹ ਫੇਲਿਪ ਛੇਵਾਂ ਵੀ ਆਪਣੇ ਪੂਰੇ ਪਰਿਵਾਰ ਨਾਲ ਫਾਈਨਲ ਮੈਚ ਦੇਖਣ ਆਇਆ ਸੀ। ਆਪਣੇ ਦੇਸ਼ ਦੇ ਕਈ ਕ੍ਰਿਕਟ ਖਿਡਾਰੀ ਵੀ ਅਹਿਮ ਮੈਚਾਂ ਸਮੇਂ ਆਪਣੀ ਕੁਰਸੀ ਤੋਂ ਇਸ ਵਹਿਮ ਵਿਚ ਨਹੀਂ ਉਠਦੇ ਕਿ ਜੇਕਰ ਉੱਠੇ ਤਾਂ ਟੀਮ ਮੈਚ ਹਰ ਜਾਵੇਗੀ। ਪ੍ਰਸਿੱਧ ਕ੍ਰਿਕਟ ਖਿਡਾਰੀ ਤੇ ਆਸਟ੍ਰੇਲੀਆ ਦਾ ਪੂਰਵ ਕਪਤਾਨ ਸਟੀਵ ਵਾਹ ਹਮੇਸ਼ਾਂ ਖੇਡਣ ਸਮੇਂ ਲਾਲ ਰੰਗ ਦੀ ਲੀਰ ਆਪਣੀ ਜੇਬ ਵਿਚ ਰੱਖਦਾ ਸੀ। ਉਸਦਾ ਵਿਸ਼ਵਾਸ ਸੀ ਕਿ ਇਹ ਉਸਦੀ ਮੈਚ ਜਿੱਤਣ ਵਿਚ ਮਦਦ ਕਰਦੀ ਹੈ। ਖਿਡਾਰੀ ਵਹਿਮਾਂ-ਭਰਮਾਂ ਦੇ ਸਭ ਤੋਂ ਜ਼ਿਆਦਾ ਸ਼ਿਕਾਰ ਹੁੰਦੇ ਨੇ।

ਇਸ ਵਰਲਡ ਕੱਪ ਦਾ ਪਰਛਾਵੇਂ ਵਾਂਗ ਪਿੱਛਾ ਕਰਦੀ ਰਾਜਨੀਤੀ ਦੀ ਸਾਰੀ ਕਹਾਣੀ ਸ਼ਾਇਦ ਇਸ ਗੱਲ ਤੋਂ ਹੀ ਵਧੀਆ ਢੰਗ ਨਾਲ ਸਮਝ ਜਾਵੋ ਕਿ ਵਰਲਡ ਕੱਪ ਜਿੱਤਣ ਤੋਂ ਤੁਰੰਤ ਬਾਅਦ ਸਭ ਤੋਂ ਪਹਿਲਾਂ ਸਪੇਨ ਨੂੰ ਵਧਾਈ ਦੇਣ ਵਾਲਿਆਂ ਵਿਚ ਇਰਾਨ ਸੀ। ਜਿਸ ਦਿਨ ਸਪੇਨ ਵਰਲਡ ਕੱਪ ਜਿਤਿਆ, ਉਸ ਦਿਨ ਗਾਜ਼ਾ ਪੱਟੀ ਤੇ ਫਲਸਤੀਨ ਵਿਚ ਭੰਗੜੇ ਪਏ। ਗਾਜ਼ਾ ਪੱਟੀ ਦੇ ਲੋਕਾਂ ਨੇ ਸਾਰਾ ਮੈਚ ਵੱਡੀ ਸਕਰੀਨ ਲਾ ਕੇ ਵੇਖਿਆ ਤੇ ਸਪੇਨ ਦੀ ਜਿੱਤ ਦੇ ਜਸ਼ਨ ਇਜ਼ਰਾਈਲ ਵਲੋਂ ਗਾਜ਼ਾ ਪੱਟੀ ਵਿਚ ਇਮਾਰਤਾਂ ਦੀ ਕੀਤੀ ਤਬਾਹੀ ਦੇ ਢੇਰਾਂ 'ਤੇ ਖੜ੍ਹ ਕੇ ਮਨਾਏ। ਸਪੇਨ ਨੇ ਫਲਸਤੀਨ ਨੂੰ ਮਾਨਤਾ ਦਿਤੀ ਹੋਈ ਹੈ ਤੇ ਉਹ ਇਸਨੂੰ ਪ੍ਰਭੂਸੰਪੰਨ ਦੇਸ਼ ਮੰਨਦਾ ਹੈ।

ਫਾਈਨਲ ਮੈਚ ਤੋਂ ਪਹਿਲਾਂ ਇਜ਼ਰਾਈਲ ਦੇ ਰਾਸ਼ਟਰਪਤੀ ਨੇਤਨਯਾਹੂ ਨੇ ਇਕ ਵੀਡੀਓ ਜਾਰੀ ਕਰਕੇ ਅਰਜਨਟੀਨਾ ਦੇ ਜਿੱਤ ਦੀ ਕਾਮਨਾ ਕੀਤੀ ਸੀ। ਟੂਰਨਾਮੈਂਟ ਦੌਰਾਨ ਇਹ ਦੋਸ਼ ਆਮ ਲਗਦੇ ਰਹੇ ਕਿ ਅਰਜਨਟੀਨਾ ਦੀ ਟੀਮ ਪ੍ਰਤੀ ਰੈਫਰੀ ਨਰਮ ਰਵਈਆ ਅਪਣਾ ਰਹੇ ਨੇ। ਉਸ ਟੀਮ ਵਲੋਂ ਕੀਤੇ ਸੰਗੀਨ ਫਾਊਲ ਨੂੰ ਅਣਦੇਖਿਆ ਕੀਤਾ ਜਾ ਰਿਹਾ ਹੈ। ਇਸ ਗੱਲ ਦੀ ਚਰਚਾ ਦੁਨੀਆ ਭਰ ਦੇ ਮੀਡੀਆ ਵਿਚ ਰਹੀ। ਜਿਵੇਂ ਉਪਰ ਜ਼ਿਕਰ ਕੀਤਾ ਹੈ, ਇਸ ਵਰਲਡ ਕੱਪ 'ਤੇ ਰਾਜਨੀਤੀ ਦਾ ਬਹੁਤ ਹੀ ਸੰਘਣਾ ਪਰਛਾਵਾਂ ਰਿਹਾ। ਸੈਮੀ ਫਾਈਨਲ ਵਿਚ ਅਰਜਨਟੀਨਾ ਨੇ ਇੰਗਲੈਂਡ ਨੂੰ ਹਰਾਇਆ। ਇਨ੍ਹਾਂ ਦੋਨਾਂ ਦੇਸ਼ਾਂ ਦਾ ਵੀ ਆਪਸ ਵਿਚ ਵੈਰ ਹੈ। ਇੰਗਲੈਂਡ ਨੂੰ ਹਰਾ ਕੇ ਅਰਜਨਟੀਨਾ ਨੂੰ ਬੜੀ ਤਸੱਲੀ ਹੁੰਦੀ ਹੈ।

ਅਰਜਨਟੀਨਾ ਨੇ ਫਾਈਨਲ ਮੈਚ ਵਿਚ ਹੋਈ ਹਾਰ ਤੋਂ ਬਾਅਦ ਬਹੁਤ ਹੀ ਛੋਟਾਪਣ ਦਿਖਾਇਆ। ਉਸਨੇ ਸਪੇਨ ਨੂੰ ਵਧਾਈ ਤਾਂ ਕੀ ਦੇਣੀ ਸੀ, ਸਗੋਂ ਇਨਾਮਾਂ ਦੀ ਵੰਡ ਵੇਲੇ ਸਪੇਨ ਦੀ ਟੀਮ ਵੱਲ ਪਿੱਠ ਕਰ ਲਈ। ਮੈਚ ਖਤਮ ਹੋਣ ਤੋਂ ਬਾਅਦ ਸਪੇਨ ਦੇ ਖਿਡਾਰੀਆਂ ਨੂੰ ਧੱਕੇ ਮਾਰੇ ਤੇ ਉਨ੍ਹਾਂ ਦੀ ਕੁੱਟ-ਮਾਰ ਵੀ ਕੀਤੀ। ਇਸ ਦੀ ਫੀਫਾ ਨੇ ਜਾਂਚ ਸ਼ੁਰੂ ਕਰ ਦਿਤੀ ਹੈ। ਇਸ ਟੂਰਨਾਮੈਂਟ ਵਿਚ ਸਭ ਤੋਂ ਭਾਵੁਕ ਉਹ ਲਮਹੇ ਸੀ, ਜਦੋਂ ਲੋਕਾਂ ਨੇ ਆਪਣੀਆਂ ਟੀਮਾਂ ਦੀ ਹਾਰ ਤੋਂ ਬਾਅਦ ਅਰਜਨਟੀਨਾ ਦੇ ਮੈਸੀ ਤੇ ਪੁਰਤਗਾਲ ਦੇ ਕ੍ਰਿਸਟੀਨ ਰੋਨਾਲਡੋ ਨੂੰ ਰੋਂਦੇ ਵੇਖਿਆ ਤੇ ਮੈਸੀ ਤੇ ਸਪੇਨ ਦੇ ਖਿਡਾਰੀ ਯਮਾਲ ਨੂੰ ਘੁੱਟ ਕੇ ਜੱਫੀ ਪਾ ਕੇ ਮਿਲਦੇ ਵੇਖਿਆ। ਮੈਚ ਹਾਰਨ ਤੋਂ ਬਾਅਦ ਮੈਸੀ ਗ੍ਰਾਊਂਡ ਵਿਚ ਇੱਕਲਾ ਬੈਠਾ ਸੀ। ਹਾਰ ਦਾ ਦੁੱਖ ਉਸਦੇ ਚਿਹਰੇ ਤੋਂ ਸਾਫ ਦਿਖਾਈ ਦਿੰਦਾ ਸੀ। ਆਪਣੀ ਟੀਮ ਨਾਲ ਖੜਾ ਯਮਾਲ ਮੈਸੀ ਨੂੰ ਵੇਖ ਕੇ ਕਈ ਕਦਮ ਚੱਲ ਕੇ ਉਸ ਵੱਲ ਆਇਆ। ਮੈਸੀ ਉਸਨੂੰ ਵੇਖ ਖੜਾ ਹੋ ਗਿਆ ਤੇ ਉਸਨੂੰ ਗਲ ਲੱਗ ਕੇ ਮਿਲਿਆ। ਉਸ ਸਮੇਂ ਮੈਸੀ ਨੇ ਉਹ ਪਲ ਜ਼ਰੂਰ ਯਾਦ ਆਏ ਹੋਣੇ, ਜਦੋਂ ਉਸਨੇ ਛੇ ਮਹੀਨਿਆਂ ਦੇ ਯਮਾਲ ਨੂੰ ਬਾਰਸੀਲੋਨਾ ਵਿਚ ਯੂ.ਐਨ ਦੇ ਇਕ ਪ੍ਰੋਗਰਾਮ ਤਹਿਤ ਇਸ਼ਨਾਨ ਕਰਵਾਇਆ ਸੀ। ਹੁਣ ਫ਼ੁਟਬਾਲ ਦੁਨੀਆਂ ਵਿਚ ਯਮਾਲ ਮੈਸੀ ਦੇ ਹਾਣ ਦਾ ਹੋ ਗਿਆ ਹੈ। ਉਸਦੀਆਂ ਸਿਫਤਾਂ ਹੋ ਰਹੀਆਂ ਨੇ। ਉਸਨੂੰ ਫ਼ੁਟਬਾਲ ਦੇ ਉਪਾਸ਼ਕ ਮੈਸੀ ਦਾ ਵਾਰਿਸ ਮੰਨ ਰਹੇ ਨੇ। ਇਹ ਗੱਲ ਹੈ ਵੀ ਠੀਕ ਕਿ ਇਸ ਵੇਲੇ ਜਿਸ ਫ਼ੁਟਬਾਲ ਦੇ ਖਿਡਾਰੀ ਨੂੰ ਖੇਡਦੇ ਵੇਖ ਕੇ ਜੀਅ ਨਹੀਂ ਭਰਦਾ ਉਹ ਹੈ ਯਮਾਲ। ਉਸਦਾ ਸੂਰਜ ਫ਼ੁਟਬਾਲ ਦੇ ਅਸਮਾਨ ਤੋਂ ਉਸ ਵੇਲੇ ਚੜ੍ਹਨਾ ਸ਼ੁਰੂ ਹੋਇਆ ਹੈ ਜਦੋਂ ਮੈਸੀ ਤੇ ਰੋਨਾਲਡੋ ਦਾ ਸੂਰਜ ਅਸਤ ਹੋਣ ਵੱਲ ਵਧ ਰਿਹਾ ਹੈ।

ਜੇਕਰ ਮੈਸੀ ਦੇ ਹੁਣ ਤੱਕ ਫ਼ੁਟਬਾਲ ਦੇ ਸਫ਼ਰ ਤੇ ਝਾਤ ਮਾਰੀਏ ਤਾਂ ਮੈਸੀ ਇਕ ਤਰਾਂ ਨਾਲ ਮਾਊਂਟਐਵਰੈਸਟ ਦੀ ਚੋਟੀ 'ਤੇ ਖੜਾ ਹੈ। ਉਹ 2006 ਤੋਂ ਹੁਣ ਤੱਕ ਹੋਏ ਵਰਲਡ ਕੱਪਾਂ ਵਿਚ 34 ਮੈਚ ਖੇਡ ਚੁਕਾ ਹੈ ਤੇ 21 ਗੋ.ਲ ਕਰ ਚੁੱਕਾ ਹੈ। ਉਹ 27 ਮੈਚਾਂ ਵਿਚ ਆਪਣੀ ਟੀਮ ਦੇ ਕਪਤਾਨੀ ਕਰ ਚੁਕਾ ਹੈ ਤੇ ਉਸਦੀ ਟੀਮ ਨੇ 23 ਮੈਚ ਜਿਤੇ ਨੇ। ਫਰਾਂਸ ਦਾ ਮਬਾਪੇ 22 ਗੋ.ਲ ਕਰਕੇ ਉਸਤੋਂ ਅਗੇ ਲੰਘ ਚੁਕਾ ਹੈ। ਇਸ ਵਰਲਡ ਕੱਪ ਵਿਚ ਸਭ ਤੋਂ ਵੱਧ ਗੋ.ਲ ਕਰਕੇ ਮਬਾਪੇ ਨੇ ਲਗਾਤਾਰ ਦੂਸਰੀ ਵਾਰ ਗੋਲਡਨ ਬੂਟ ਜਿੱਤਿਆ ਹੈ। ਪਿਛਲੇ ਵਰਲਡ ਕੱਪ ਵਿਚ ਵੀ ਉਸਨੇ ਗੋਲਡਨ ਬੂਟ ਜਿੱਤਿਆ ਸੀ।

ਇਸ ਵਰਲਡ ਕੱਪ ਵਿਚ ਅਰਜਨਟੀਨਾ ਦੀ ਟੀਮ ਨੂੰ ਰੈਫਰੀਆਂ ਦੁਆਰਾ ਦਿੱਤੀ ਖੁਲ੍ਹ ਹੀ ਇਸ ਟੀਮ 'ਤੇ ਭਾਰੀ ਪੈ ਗਈ। ਇਸਨੇ ਇਕ-ਦੋ ਮੈਚ ਤਾਂ ਸ਼ਰ੍ਹੇਆਮ ਦੂਸਰੀਆਂ ਟੀਮਾਂ ਨਾਲ ਧੱਕਾ ਕਰਕੇ, ਕਹਿਣ ਤੋਂ ਬਾਅਦ ਵੱਡੇ-ਵੱਡੇ ਫਾਊਲ ਮਾਰ ਕੇ ਜਿੱਤੇ ਸੀ। ਫਾਈਨਲ ਮੈਚ ਦੌਰਾਨ ਵੀ ਇਸ ਟੀਮ ਨੇ ਉਹੀ ਰੁਖ਼ ਅਪਣਾਇਆ। ਪਰ ਇਸ ਮੈਚ ਵਿਚ ਉਹ ਜਾਦੂ ਨਹੀਂ ਚਲਿਆ। ਸਪੇਨ ਦੀ ਟੀਮ ਬਾਰੇ ਮਸ਼ਹੂਰ ਹੈ ਕਿ ਜੇਕਰ ਉਹ ਚਾਹੇ ਤਾਂ ਉਹ ਬਾਲ ਆਪਣੇ ਕੰਟਰੋਲ ਵਿਚ ਪੂਰੇ ਮੈਚ ਦੌਰਾਨ ਰੱਖ ਸਕਦੀ ਹੈ। ਉਸ ਟੀਮ ਕੋਲ ਇਹ ਸਭ ਤੋਂ ਵੱਡਾ ਗੁਰ ਹੈ ਕਿ ਉਹ ਵਿਰੋਧੀ ਟੀਮ ਨੂੰ ਕਈ ਕਈ ਮਿੰਟ ਬਾਲ ਦੇ ਪੈਰ ਹੀ ਨਹੀਂ ਲਾਉਣ ਦਿੰਦੀ। ਵਿਰੋਧੀ ਟੀਮ ਦੀ ਫਾਰਵਰਡ ਲਾਈਨ ਨੂੰ ਇਸ ਹੱਦ ਤੱਕ ਖਿਝਾ ਦਿੰਦੀ ਹੈ ਕਿ ਉਸ ਟੀਮ ਦੇ ਪਲੇਅਰ ਅੱਕ ਜਾਂਦੇ ਨੇ। ਸਪੇਨ ਨੇ ਅਰਜਨਟੀਨਾ ਦੀ ਟੀਮ ਨੂੰ ਆਪਣੇ ਗੋ.ਲ 'ਤੇ ਨਿਸ਼ਾਨਾ ਸਾਧਣ ਦੇ ਦੋ-ਤਿੰਨ ਹੀ ਮੌਕੇ ਦਿੱਤੇ। ਦੂਸਰੀ ਗੱਲ ਕਿ ਅਰਜਨਟੀਨਾ ਦੀ ਟੀਮ ਦਾ ਸਾਰਾ ਦਾਰੋਮਦਾਰ ਮੈਸੀ 'ਤੇ ਸੀ।

ਇਸ ਗੱਲ ਵਿਚ ਸ਼ੱਕ ਵੀ ਕੋਈ ਨਹੀਂ ਕਿ ਮੈਸੀ ਨੇ ਆਪਣੀ ਅਰਜਨਟੀਨਾ ਦੀ ਟੀਮ ਤੋਂ ਫਾਈਨਲ ਤੱਕ ਲਿਆਉਣ ਵਿਚ ਵੱਡੀ ਭੂਮਿਕਾ ਨਿਭਾਈ ਸੀ, ਜਾਂ ਕਹਿ ਲਵੋ ਕਿ ਸਿਰਫ ਉਸ ਕਰਕੇ ਹੀ ਟੀਮ ਫਾਈਨਲ ਵਿਚ ਪਹੁੰਚੀ ਸੀ। ਉਸਨੇ ਘਟੋ-ਘੱਟ ਦੋ ਮੈਚਾਂ ਵਿਚ ਤਾਂ ਅਰਜਨਟੀਨਾ ਦੀ ਪਿਛੇ ਚੱਲ ਰਹੀ ਟੀਮ ਨੂੰ ਖੇਡ ਦੇ ਆਖਰੀ ਪਲਾਂ ਵਿਚ ਆਪਣੇ ਯਤਨਾਂ ਸਦਕਾ ਜਿੱਤ ਪ੍ਰਾਪਤ ਕਾਰਵਾਈ ਸੀ। ਪਰ ਮੈਸੀ ਪ੍ਰਤੀ ਸਪੇਨ ਨੇ ਫਾਈਨਲ ਮੈਚ ਵਿਚ ਅਜੇਹੀ ਰਣਨੀਤੀ ਅਪਣਾਈ ਕਿ ਉਸਨੂੰ ਜਾਮ ਕਰਕੇ ਰੱਖ ਦਿੱਤਾ। ਸਪੇਨ ਦੀ ਟੀਮ ਦੀ ਖਾਸੀਅਤ ਇਹ ਹੈ ਕਿ ਉਹ ਕਿਸੇ ਇਕ ਖਿਡਾਰੀ ਦੇ ਦਮ 'ਤੇ ਨਹੀਂ ਖੇਡਦੀ। ਉਹ ਪੂਰੀ ਟੀਮ ਵਾਂਗ ਖੇਡਦੀ ਹੈ ਤੇ ਉਸਦੇ ਸਾਰੇ ਹੀ ਖਿਡਾਰੀ ਮੈਚ ਦੌਰਾਨ ਆਪਣੀ ਭੂਮਿਕਾ ਨਿਭਾਉਂਦੇ ਨੇ। ਭਾਵੇਂ ਉਸ ਟੀਮ ਵਿਚ ਹੁਣ ਯਮਾਲ ਦੀ 'ਹੀਰੋ ਵਰਸ਼ਿਪ' ਵਾਲੀ ਸਥਿਤੀ ਬਣਦੀ ਜਾ ਰਹੀ ਹੈ ਪਰ ਉਹ ਟੀਮ ਵਿਚ ਇਸ ਤਰ੍ਹਾਂ ਦਾ ਰਿਵਾਜ ਨਹੀਂ ਹੈ। ਉਹ ਕਿਸੇ ਵੀ ਵਿਅਕਤੀਗਤ ਖਿਡਾਰੀ ਨੂੰ ਨਾਇਕ ਮੰਨ ਕੇ ਨਹੀਂ ਚਲਦੀ। ਪੂਰੇ ਸਮੇਂ ਵਿਚ ਦੋਵੇਂ ਟੀਮਾਂ ਬਰਾਬਰ ਰਹੀਆਂ ਹਾਲਾਂਕਿ ਸਪੇਨ ਪੂਰੀ ਤਰ੍ਹਾਂ ਅਰਜਨਟੀਨਾ 'ਤੇ ਭਾਰੂ ਰਹੀ। ਇਕ ਸਮੇਂ ਤਾਂ ਇਹ ਮੈਚ ਇਕ ਪਾਸੜ ਜਿਹਾ ਲੱਗਣ ਲਗ ਪਿਆ ਸੀ। ਮੈਚ ਦਾ ਐਕਸਟਰਾ ਟਾਈਮ ਚਲ ਰਿਹਾ ਸੀ, ਜਦੋਂ 106ਵੇਂ ਮਿੰਟ ਵਿਚ ਗੋਲ ਫੇਰਾਨ ਟੋਰੇਸ ਨੇ ਕੀਤਾ। ਉਹ ਇਕ ਪੇਸ਼ੇਵਰ ਖਿਡਾਰੀ ਹੈ ਤੇ ਐਫ ਸੀ ਬਾਰਸੀਲੋਨਾ ਵਲੋਂ ਖੇਡਦਾ ਹੈ। ਮੈਚ ਵਿਚ ਉਹ ਸਪੇਨ ਦੇ ਇਕ ਖਿਡਾਰੀ ਦੇ ਬਦਲ ਵਜੋਂ ਆਇਆ ਸੀ। ਉਹ ਗੋ.ਲ ਕਰ ਗਿਆ ਤੇ ਸਟਾਰ ਬਣ ਗਿਆ। ਯਮਾਲ ਨੇ ਸੱਜੇ ਪਾਸੇ ਤੋਂ ਪੋਰੀਸ ਨੂੰ ਇਕ ਕਰੌਸ ਪਾਸ ਦਿੱਤਾ। ਇਸਤੋਂ ਪਹਿਲਾਂ ਕਿ ਅਰਜਨਟੀਨਾ ਦਾ ਖਿਡਾਰੀ ਪੋਰੀਸ ਦੇ ਨਜ਼ਦੀਕ ਆਵੇ, ਉਸਨੇ ਪਹਿਲ ਕਰਦੇ ਹੋਏ ਉੱਚੀ ਕਿੱਕ ਸਿੱਧੀ ਗੋ.ਲ ਦੇ ਕੋਲ ਖੜੇ ਨੀਕੋ ਵਿਲੀਅਮ ਵੱਲ ਨੂੰ ਮਾਰੀ। ਨੀਕੋ ਬਿਲਕੁਲ ਗੋ.ਲ ਕੀਪਰ ਦੇ ਕੋਲ ਖੜਾ ਸੀ। ਨੀਕੋ ਨੇ ਆਪਣੇ ਸਿਰ ਨਾਲ ਬਾਲ ਨੂੰ ਟੋਰੇਸ ਵੱਲ ਮੋੜ ਦਿੱਤਾ। ਉਸਦੇ ਨੇੜੇ ਉਸ ਸਮੇਂ ਕੋਈ ਅਰਜਨਟੀਨਾ ਦਾ ਖਿਡਾਰੀ ਨਹੀਂ ਸੀ। ਇਸਤੋਂ ਪਹਿਲਾਂ ਕਿ ਅਰਜਨਟੀਨਾ ਦੇ ਖਿਡਾਰੀ ਵੇਲਾ ਸੰਭਾਲਦੇ, ਟੋਰੇਸ ਨੇ ਲੋਹੜੇ ਦੀ ਫੁਰਤੀ ਦਿਖਾਉਂਦੇ ਹੋਏ ਬਾਲ ਗੋ.ਲ ਦੇ ਅੰਦਰ ਇਸਦੇ ਛੱਤ ਵਿਚ ਮਾਰੀ। ਉਸਨੇ ਕਿੱਕ ਇੰਨੀ ਜ਼ੋਰ ਨਾਲ ਮਾਰੀ ਕਿ ਕਿਸੇ ਖਿਡਾਰੀ ਨੂੰ ਵੀ ਰੋਕਣ ਦਾ ਥੋੜ੍ਹਾ ਜਿਹਾ ਵੀ ਮੌਕਾ ਨਾ ਮਿਲਿਆ। ਅਖੀਰ ਅਰਜਨਟੀਨਾ ਦਾ ਗੋ.ਲ ਕੀਪਰ ਬਾਜ਼ੀ ਹਰ ਗਿਆ। ਉਸਨੇ ਇਸ ਮੈਚ ਵਿਚ ਅਰਜਨਟੀਨਾ ਦੀ 106ਵੇਂ ਮਿੰਟ ਤਕ ਬੜੀ ਲਾਜ ਰੱਖੀ, ਨਹੀਂ ਤਾਂ ਸ਼ਇਦ ਉਸਦੀ ਟੀਮ 2/3 ਗੋਲਾਂ ਨਾਲ ਮੈਚ ਦੇ ਨਿਰਧਾਰਤ ਸਮੇਂ ਵਿਚ ਹੀ ਹਾਰ ਜਾਂਦੀ। ਇਹ ਉਹੀ ਟੋਰੇਸ ਹੈ ਜੋ ਕਿਸੇ ਸਮੇਂ ਕਲਕੱਤੇ ਵਿਚ ਜੂਨੀਅਰ ਵਰਡਲ ਕੱਪ ਦੇ ਮੈਚ ਵਿਚ ਖੇਡਿਆ ਸੀ। ਉਸ ਮੈਚ ਵਿਚ ਉਸਦੀ ਟੀਮ ਇੰਗਲੈਂਡ ਤੋਂ 5-2 ਗੋਲਾਂ ਦੇ ਫਰਕ ਨਾਲ ਹਾਰ ਗਈ ਸੀ।

ਇਸ ਵਰਲਡ ਕੱਪ ਦੇ ਬਹੁਤ ਸਾਰੇ ਅਜਿਹੇ ਪਹਿਲੂ ਰਹੇ, ਜਿਸ ਕਾਰਨ ਫ਼ੁਟਬਾਲ ਦੀ ਆਮ ਲੋਕਾਂ ਦੀ ਖੇਡ ਨੂੰ ਨੁਕਸਾਨ ਪਹੁੰਚਿਆ ਹੈ। ਇਸ ਟੂਰਨਾਮੈਂਟ ਵਿਚ ਟੈਕਨੋਲੋਜੀ ਦੀ ਭਰਪੂਰ ਵਰਤੋਂ ਹੋਈ ਪਰ ਲੋਕਾਂ ਨੂੰ ਲੱਗਿਆ ਕਿ ਇਸ ਦੀ ਦੁਰਵਰਤੋਂ ਜ਼ਿਆਦਾ ਹੋਈ ਹੈ ਤੇ ਇਸਨੇ ਘਟੋ-ਘੱਟ ਇਜਿਪਟ (ਓਿਗੇਪਟ) ਦੀ ਟੀਮ ਨੂੰ ਹਰਾਉਣ ਵਿਚ ਭੂਮਿਕਾ ਨਿਭਾਈ। ਰੈਫਰੀਆਂ ਦੀ ਨਿਰਪੱਖਤਾ ਸ਼ੱਕ ਦੇ ਘੇਰੇ ਵਿਚ ਰਹੀ। ਕਈ ਦੇਸ਼ਾਂ ਦੇ ਲੋਕਾਂ ਨੂੰ ਵੀਜ਼ੇ ਨਹੀਂ ਦਿੱਤੇ ਗਏ। ਇਰਾਨ ਦੀ ਟੀਮ ਨੂੰ ਅਮਰੀਕਾ ਵਿਚ ਰਾਤ ਰਹਿਣ ਦੀ ਇਜਾਜ਼ਤ ਨਹੀਂ ਦਿਤੀ ਗਈ, ਉਸਨੂੰ ਗੁਆਂਢੀ ਦੇਸ਼ ਮੈਕਸੀਕੋ ਆਪਣਾ ਠਿਕਾਣਾ ਬਣਾਉਣਾ ਪਿਆ। ਅਮਰੀਕਾ ਦੇ ਰਾਸ਼ਟਰਪਤੀ ਨੇ ਸ਼ਰ੍ਹੇਆਮ ਫੀਫਾ ਦੀ ਬਾਂਹ ਮਰੋੜ ਕੇ ਬਾਲੋਗੰਨ ਦਾ ਲਾਲ ਕਾਰਡ ਅਗਲੇ ਮੈਚ ਵਾਸਤੇ ਮਨਸੂਖ ਕਰਵਾਇਆ। ਫੀਫਾ ਦੇ ਪੂਰਵ ਪ੍ਰਧਾਨ ਸੈਂਪ ਬਲੈਟਰ ਨੇ ਇਸ ਵਰਲਡ ਕੱਪ 'ਤੇ ਟਿਪਣੀ ਕਰਦਿਆਂ ਕਿਹਾ ਹੈ ਕਿ ਬਹੁਤ ਅਫਸੋਸ ਦੀ ਗੱਲ ਹੈ ਕਿ ਫ਼ੁਟਬਾਲ ਕੱਪ ਬੁਰੀ ਤਰ੍ਹਾਂ ਰਾਜਨੀਤੀ ਦੀ ਲਪੇਟ ਵਿਚ ਆ ਗਿਆ ਹੈ। ਇਸ ਨਾਲ ਫ਼ੁਟਬਾਲ ਦੀ ਖੇਡ ਤੇ ਇਸ ਨਾਲ ਜੁੜੀ ਵਿਸ਼ਵਾਸਯੋਗਤਾ ਨੂੰ ਵੱਡਾ ਨੁਕਸਾਨ ਪਹੁੰਚਿਆ ਹੈ। ਉਸਨੇ ਫ਼ੁਟਬਾਲ ਨਾਲ ਸੰਬੰਧਿਤ ਦੇਸ਼ਾਂ ਨੂੰ ਅਪੀਲ ਕੀਤੀ ਹੈ ਕਿ ਇਸਨੂੰ ਰਾਜਨੀਤੀ ਦੀ ਚੁੰਗਲ ਵਿਚੋਂ ਕੱਢੋ। ਹੁਣ ਇਹ ਚਾਰ ਸਾਲਾਂ ਬਾਅਦ 2030 ਵਿਚ ਸਪੇਨ, ਪੁਰਤਗਾਲ ਤੇ ਮੋਰਾਕੋ ਵਿਚ ਹੋਵੇਗਾ। ਸਪੇਨ ਉਸ ਸਾਲ ਆਪਣਾ ਵਰਲਡ ਕੱਪ ਟਾਈਟਲ ਡਿਫੈਂਡ ਕਰੇਗਾ। ਸਾਲ 2030 ਵਿਚ ਵਰਲਡ ਕੱਪ ਦੀ ਉਮਰ 100 ਸਾਲ ਹੋ ਜਾਵੇਗੀ ਤੇ ਉਹ ਇਸ ਕੱਪ ਲਈ ਰੰਗਲੇ ਜਸ਼ਨਾਂ ਦਾ ਸਾਲ ਹੋਵੇਗਾ।

ਜਾਂਦੇ-ਜਾਂਦੇ ਆਪਣੇ ਦੇਸ਼ ਦੀ ਗੱਲ ਵੀ ਕਰ ਲੈਣੀ ਚਾਹੀਦੀ ਹੈ। ਪੰਜਾਬ, ਬੰਗਾਲ ਤੇ ਕੇਰਲਾ ਤੋਂ ਇਲਾਵਾ ਨੌਰਥ ਈਸਟ ਰਾਜਾਂ ਦੇ ਲੋਕ ਫ਼ੁਟਬਾਲ ਨੂੰ ਬਹੁਤ ਪਿਆਰ ਕਰਦੇ ਨੇ। ਇਨ੍ਹਾਂ ਰਾਜਾਂ ਵਿਚ ਫ਼ੁਟਬਾਲ ਨੂੰ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਪ੍ਰਬੰਧ ਕਰਨ ਦੀ ਜ਼ਰੂਰਤ ਹੈ। ਇਥੇ ਅਕੈਡਮੀਆਂ ਖੋਲ੍ਹਣ ਦੀ ਲੋੜ ਹੈ। ਸਪੇਨ ਵਿਚ ਫ਼ੁਟਬਾਲ ਦੇ ਵੱਡੇ ਰੀਅਲ ਮੈਡ੍ਰਿਡ ਤੇ ਐਫ ਸੀ ਬਾਰਸੀਲੋਨਾ ਵਰਗੇ ਕਲੱਬ ਹਨ ਤੇ ਕਲੱਬਾਂ ਕਰਕੇ ਹੀ ਉਥੇ ਫ਼ੁਟਬਾਲ ਚਲਦੀ ਹੈ। ਪੰਜਾਬ ਵਿਚ ਪੰਜ ਦਹਾਕੇ ਪਹਿਲਾਂ ਜੇ.ਸੀ.ਟੀ. ਬਹੁਤ ਮਸ਼ਹੂਰ ਫ਼ੁਟਬਾਲ ਕਲੱਬ ਰਿਹਾ ਹੈ। ਇਸੇ ਤਰ੍ਹਾਂ ਲੀਡਰਜ਼ ਕਲੱਬ ਰਿਹਾ ਹੈ। ਬੰਗਾਲ ਵਿਚ ਮੋਹਨ ਬੇਗਾਨ ਵਰਗੇ ਕਲੱਬ ਹਨ। ਪੰਜਾਬ ਨੂੰ ਜ਼ਰੂਰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।

---

# ਵਿਅੰਗ: ਸੁਖ ਦਾ ਸਾਹ



**ਹਰਦੀਪ ਸਿੰਘ ਸੋਢੀ, ਨਡਾਲਾ**
**ਫੋਨ: 480-794-0325**

ਇੱਕ ਪਾਸੇ ਅੰਗਰੇਜ਼ੀ ਦਾ ਠੇਕਾ ਤੇ ਦੂਜੇ ਪਾਸੇ ਦੇਸੀ ਸ਼ਰਾਬ ਦਾ ਠੇਕਾ ਦੋਹਾਂ ਦੇ ਵਿਚਕਾਰ ਅਹਾਤਾ। ਪੰਜਾਬ ਦੇ ਅਹਾਤੇ ਵੀ ਮਾੜੇ ਮੋਟੇ ਰੈਸਟੋਰੈਂਟ ਨੂੰ ਪਰ੍ਹਾਂ ਕਰਦੇ ਹਨ, ਬਹੁਤੇ ਸੂਬਿਆਂ ਵਾਂਗ ਸਿਰਫ ਲੱਸੀ ਵਿਚ ਪਕੌੜੀਆਂ ਪਾ ਕੇ ਹੀ ਨਹੀਂ ਵੇਚਦੇ ਮੀਟ, ਮੱਛੀ, ਮੁਰਗਾ, ਆਂਡੇ ਖੁਲ੍ਹੇ ਬਣਾਉਂਦੇ ਹਨ, ਫਰਨੀਚਰ ਵੀ ਵਧੀਆ ਲਾਇਆ ਹੁੰਦਾ। ਸ਼ਾਮ ਛੇ ਕੁ ਵਜੇ ਇੱਕ ਬਜ਼ੁਰਗ ਅਤੇ ਇੱਕ ਨੌਜਵਾਨ ਅਹਾਤੇ ਵਿਚ ਦਾਖਲ ਹੁੰਦੇ ਹਨ ਅਤੇ ਹੱਥ ਵਿਚ ਰੰਮ ਦੀ ਬੋਤਲ ਹੁੰਦੀ ਹੈ। ਆਉਂਦੇ ਹੀ ਅਹਾਤੇ 'ਤੇ ਕੰਮ ਕਰਦੇ ਛੋਟੇ ਜਿਹੇ ਮੁੰਡੇ ਨੂੰ ਫੁਰਮਾਨ ਜਾਰੀ ਕਰਦੇ ਹਨ, 'ਮਾਰ ਉਏ ਕਾਕਾ ਕੋਨੇ ਵਾਲੇ ਟੇਬਲ 'ਤੇ ਕੱਪੜਾ ਤੇ ਰੱਖ ਦੋ ਗਲਾਸੀਆਂ, ਦੋ ਖਾਰੇ ਸੋਢੇ, ਬਰਫ਼ ਤੇ ਨਾਲੇ ਆਪਣੇ ਮਾਲਕ ਨੂੰ ਭੇਜ, ਉਹ ਮੱਛੀ-ਮੁੱਛੀ ਦਾ ਆਰਡਰ ਲਵੇ।' ਸਭ ਕੁਝ ਉਨ੍ਹਾਂ ਦੇ ਹੁਕਮ ਮੁਤਾਬਿਕ ਪਰੋਸਿਆ ਗਿਆ। ਹੋਰ ਟੇਬਲ ਵੀ ਲੱਗੇ ਹੋਏ ਸਨ ਪਰ ਇਸ ਟੇਬਲ 'ਤੇ ਉੱਚੀ ਅਵਾਜ਼ ਵਿਚ ਦਮਦਾਰ ਵਿਚਾਰ ਚੱਲ ਰਹੇ ਸਨ। ਗੱਲਬਾਤ ਤੋਂ ਲਗਦਾ ਸੀ ਵੱਡੀ ਉਮਰ ਵਾਲੇ ਜਨਾਬ ਰਿਟਾਇਰ ਫੌਜੀ ਹੋਣ... ਆਖ਼ਰੀ ਪੈਗ ਪਾਉਣ ਵੇਲੇ ਤੱਕ ਦੋਵੇਂ ਗੁਜ਼ਾਰੇ ਵਿਚ ਹੋ ਗਏ ਸਨ। ਨੌਜਵਾਨ ਕਹਿੰਦਾ, 'ਇਹ ਪੈਗ ਨਾ ਹੀ ਪਾਇਆ ਜਾਵੇ ਤਾਂ ਠੀਕ ਹੈ, ਸ਼ਰਾਬੀ ਹੋ ਕੇ ਗੱਡੀ ਚਲਾਉਣੀ ਗਲਤ ਹੈ'। ਅੱਗੋਂ ਅਵਾਜ਼ ਆਈ, 'ਪਾ ਪੈਗ ਤੇ ਮੁੰਡੇ ਨੂੰ ਪੈਸੇ ਦੇ ਪਾਈਆ ਹੋਰ ਲਿਆਵੇ, ਅਜੇ ਕੁਝ ਨਹੀਂ ਬਣਿਆ।' ਖੈਰ ਉਹ ਪੈਗ ਪਾ ਲਿਆ ਪਰ ਹੋਰ ਮੰਗਵਾਉਣ ਤੋਂ ਨੌਜਵਾਨ ਨੇ ਮਨ੍ਹਾ ਕਰ ਦਿੱਤਾ।

ਆਖ਼ਰੀ ਪੈਗ ਚੁੱਕ ਕੇ ਬਜ਼ੁਰਗ ਨੇ ਇੱਕ ਵਾਰ ਗਲਾਸੀ ਟੇਬਲ 'ਤੇ ਮਾਰੀ ਤੇ ਖੰਘੂਰਾ ਮਾਰ ਕੇ ਕਹਿਣ ਲੱਗਾ, 'ਉਏ ਤੇਰੀ ਮਾਂ ਵਰਗੀ ਸੋਹਣੀ-ਸੁਨੱਖੀ ਅਤੇ ਸਿਆਣੀ ਔਰਤ ਮੈਂ ਦੁਨੀਆਂ 'ਤੇ ਨਹੀਂ ਵੇਖੀ। ਮੇਰੇ 'ਤੇ ਜਾਨ ਛਿੜਕਦੀ ਐ, ਬਾਹਲਾ ਪਿਆਰ ਕਰਦੀ ਐ ਸਹੁਰੀ'। ਇਹ ਸੁਣ ਕੇ ਬਾਕੀ ਟੇਬਲਾਂ ਵਾਲੇ ਚੁਕੰਨੇ ਹੋ ਗਏ...ਅਹਾਤੇ ਵਾਲੇ ਨੇ ਕੰਮ ਵਾਲੇ ਦੋਵੇਂ-ਤਿੰਨੇ ਕਾਮੇ ਕੋਲ ਬੁਲਾ ਲਏ ਅਤੇ ਉਨ੍ਹਾਂ ਨੂੰ ਇਸ਼ਾਰਾ ਕੀਤਾ ਖਾਲੀ ਗਲਾਸ ਅਤੇ ਸੋਢੇ ਦੀਆਂ ਬੋਤਲਾਂ ਨੂੰ ਹਥਿਆਰ ਨਾ ਬਣਨ ਦਇਓ। ਸਭ ਦੇ ਚਿਹਰੇ 'ਤੇ ਕਿਸੇ ਅਣਹੋਣੀ ਹੋਣ ਦਾ ਭੈਅ ਸੀ। ਨੌਜਵਾਨ ਉੱਠਿਆ ਛੋਟੂ ਨੂੰ ਕਹਿੰਦਾ ਬਿੱਲ ਲਿਆ ਕਾਕਾ ਤੇ ਨਾਲ ਹੀ ਬਜ਼ੁਰਗ ਨੂੰ ਕਹਿੰਦਾ ਭਾਪਾ ਜੀ ਚੱਲੀਏ ਹੁਣ ਤੁਹਾਨੂੰ ਜ਼ਿਆਦਾ ਚੜ੍ਹ ਗਈ ਹੈ। ਜਦੋਂ ਸਭ ਨੇ ਇਹ ਸੁਣਿਆ ਤਾਂ ਉਨ੍ਹਾਂ ਦੇ ਸਾਹ ਵਿਚ ਸਾਹ ਆਇਆ ਕਿ ਇਹ ਪਿਉ- ਪੁੱਤਰ ਹਨ।



# ਰੰਗਲਾ ਕਵੀਸ਼ਰ ਖ਼ੁਸ਼ਦਿਲ ਇਨਸਾਨ ਸੀ
# ਕਰਨੈਲ ਸਿੰਘ ਪਾਰਸ



ਮਨੁੱਖ ਅੱਕਦਾ, ਥੱਕਦਾ, ਯੱਕਦਾ ਨਹੀਂ, ਉਹ ਹਮੇਸ਼ਾ ਆਪਣੀ ਮੰਜ਼ਿਲ 'ਤੇ ਪਹੁੰਚਦਾ ਹੈ। ਕੋਈ ਟੀਚਾ ਰੱਖ ਕੇ ਕੀਤੀ ਨਿਰੰਤਰ ਮਿਹਨਤ ਜਿੱਤ ਦੀ ਨਿਸ਼ਾਨੀ ਹੁੰਦੀ ਹੈ। ਉੱਥੇ ਹੌਸਲਾ ਆਪਣੇ ਆਪ ਰਾਹ ਖੋਲ੍ਹਦਾ ਤੁਰਿਆ ਜਾਂਦਾ ਹੈ। ਮੈਂ ਉਸ ਸ਼ਖ਼ਸ ਦੀ ਗੱਲ ਕਰਨ ਲੱਗਿਆ ਹਾਂ,

**ਦਰਸ਼ਨ ਸਿੰਘ ਪ੍ਰੀਤੀਮਾਨ**

ਜਿਸ ਨੇ ਸਾਰੀ ਉਮਰ ਕਵੀਸ਼ਰੀ ਦੇ ਲੇਖੇ ਲਾ ਦਿੱਤੀ, 'ਉਹ ਸੀ ਭਰ ਵੱਗਦਾ ਦਰਿਆ ਕਰਨੈਲ ਸਿੰਘ ਪਾਰਸ। ਮਹੰਤ ਕ੍ਰਿਸ਼ਨਾ ਨੰਦ ਤੋਂ ਪੰਜ ਪੌੜੀਆਂ ਪਾਠ ਲੈ ਕੇ ਪਾਰਸ ਨੇ ਤਿੰਨ-ਚਾਰ ਘੰਟਿਆਂ 'ਚ ਹੀ ਯਾਦ ਕਰ ਕੇ ਉਨ੍ਹਾਂ ਨੂੰ ਸੁਣਾ ਦਿੱਤੀਆਂ ਤਾਂ ਉਨ੍ਹਾਂ ਨੇ ਕਿਹਾ 'ਕਰਨੈਲ ਸਿਆਂ ਤੂੰ ਤਾਂ ਪਾਰਸ ਏ ਪਾਰਸ...।'' ਉਥੋਂ ਹੀ ਨਾਂ ਪਿਆ ਕਰਨੈਲ ਸਿੰਘ ਪਾਰਸ। ਫਿਰ ਉਹ ਪਾਰਸ, ਜਿਸ ਨਾਲ ਵੀ ਲੱਗਦਾ ਉਸ ਨੂੰ ਹੀ ਸੋਨਾ ਬਣਾ ਦਿੰਦਾ ਸੀ, ਇਸੇ ਲਈ ਉਨ੍ਹਾਂ ਦੇ ਚੇਲਿਆਂ ਨੇ ਵੀ ਉਨ੍ਹਾਂ ਦਾ ਖ਼ੂਬ ਨਾਮ ਰੋਸ਼ਨ



ਕੀਤਾ।

## 'ਪ੍ਰੀਤਲੜੀ' ਦਾ ਪ੍ਰਭਾਵ

ਪਾਰਸ ਨੂੰ ਤੂੜੀ ਵਾਲੇ ਕੋਠੇ ਵਿੱਚੋਂ ਬੋਰੀ ਕਿੱਸਿਆਂ ਦੀ ਥਿਆਈ ਸੀ, ਜਿਨਾਂ ਨੂੰ ਪੜ੍ਹ ਕੇ ਉਹ ਤੁਕਬੰਦੀ ਕਰਨ ਲੱਗ ਪਏ ਸਨ। 'ਪ੍ਰੀਤਲੜੀ' ਦਾ ਪ੍ਰਭਾਵ ਉਨ੍ਹਾਂ 'ਤੇ ਬਹੁਤ ਪਿਆ, ਉਹ ਪ੍ਰੀਤਲੜੀ ਨੂੰ ਬਹੁਤ ਪੜ੍ਹਦੇ ਸਨ। ਕਵੀਸ਼ਰ ਮੋਹਨ ਸਿੰਘ ਰੋਡਿਆਂ ਵਾਲੇ' ਨੂੰ ਉਨ੍ਹਾਂ ਨੇ ਚਲਦੀਆਂ ਰਵਾਇਤਾਂ ਅਨੁਸਾਰ ਉਸਤਾਦ ਧਾਰਿਆ ਸੀ।

## ਪ੍ਰਭਾਵਸ਼ਾਲੀ ਸ਼ੈਲੀ

ਕਰਨੈਲ ਸਿੰਘ ਪਾਰਸ ਨੇ ਰਣਜੀਤ ਸਿੰਘ ਸਿੱਧਵਾਂ ਤੇ ਚੰਦ ਸਿੰਘ ਜੰਡੀ ਨੂੰ ਨਾਲ ਲੈ ਕੇ ਖ਼ੂਬ ਗਾਇਆ। ਓਦੋਂ ਹੈ ਪਾਰਸ ਦੇ ਕਵੀਸ਼ਰੀ ਜੱਥੇ ਦੇ ਚੜ੍ਹਤ ਦੇ ਦਿਨ ਸ਼ੁਰੂ ਹੋਏ ਸਨ ਅਤੇ ਦਿਨੋ-ਦਿਨ ਗੁੱਡੀ ਚੜ੍ਹਦੀ ਹੀ ਗਈ, ਇੰਨਾ ਨੇ ਪੂਰੀ ਦੁਨੀਆ 'ਚ ਪ੍ਰਸਿੱਧਤਾ ਖੱਟੀ। ਪਾਰਸ ਦੀ ਭਾਸ਼ਣ ਦੀ ਵਿਧੀ ਪ੍ਰਭਾਵਸਾਲੀ ਤੇ ਮਾਖਿਓ ਮਿੱਠੀ ਸੀ।

ਉਨ੍ਹਾਂ ਦੇ 22 ਰਿਕਾਰਡ ਐਚਐੱਮਵੀ ਕੰਪਨੀ ਵਿਚ ਹੋਏ, ਜੋ ਸਾਰੇ ਦੇ ਸਾਰੇ ਹੀ ਬਹੁਤ ਮਕਬੂਲ ਹੋਏ। ਇੰਨਾ ਸਾਰਿਆਂ ਦੇ ਰਚਨਹਾਰੇ ਵੀ ਪਾਰਸ ਸਾਹਿਬ ਖ਼ੁਦ ਹੀ ਹਨ।

## 18 ਸਾਲ ਪਹਿਲਾਂ

ਪਾਰਸ ਦੇ 18 ਕਿੱਸੇ ਛਪੇ, ਜਿਨ੍ਹਾਂ ਦੇ ਕਈ ਕਈ ਅਡੀਸ਼ਨ ਛਪੇ। ਲਿਖਤ ਵਿਚ ਅਥਾਹ ਮਿਠਾਸ ਤੇ ਵਜ਼ਨਦਾਰ ਹੈ, ਜੋ ਪਾਠਕਾਂ ਨੂੰ ਆਪਣੇ ਵੱਲ ਖਿੱਚਦੀ ਹੈ। 'ਕਿਉਂ ਫੜ੍ਹੀ ਸਿਪਾਹੀਆਂ ਨੇ ਭੈਣੋਂ ਇਹ ਹੰਸਾਂ ਦੀ ਜੋੜੀ', 'ਕੀਮਤੀ ਅਮਾਨਤ ਸੀ ਤੇਰੀ ਤੈਨੂੰ ਸੌਂਪਤੀ', 'ਲੱਥਾ ਸਿਰੋਂ ਪਰਬਤਾਂ ਦਾ ਭਾਰ', 'ਜੱਗ ਜੰਕਸ਼ਨ ਰੇਲਾਂ ਦਾ ਗੱਡੀ ਇੱਕ ਆਵੇ ਇੱਕ ਜਾਵੇ' ਅਤੇ 'ਦਹੂਦ ਬਾਦਸ਼ਾਹ' ਆਦਿ ਬਹੁਤ ਪ੍ਰਸਿੱਧ ਹੋਏ।

ਜਦੋਂ ਭਗਤ ਸਿੰਘ ਦਾ ਕਿੱਸਾ ਸਟੇਜ' 'ਤੇ ਪੇਸ਼ ਕਰਦੇ ਸਨ ਤਾਂ ਕਰਨੈਲ ਸਿੰਘ ਪਾਰਸ ਆਪਣਾ ਭਾਸ਼ਣ ਦੇ ਪਿੱਛੇ ਹੱਟਦਾ ਤਾਂ ਕਰਤਾਰ ਸਿੰਘ ਮੰਡੀ ਕਲਾਂ, ਰਣਜੀਤ ਸਿੰਘ ਸਿੱਧਵਾਂ, ਚੰਦ ਸਿੰਘ ਜੰਡੀ, ਚਮਕੌਰ ਸਿੰਘ, ਜੀਤ ਸਿੰਘ ਆਪਣੀਆਂ ਮਿੱਠੜੀਆਂ ਆਵਾਜ਼ਾਂ ਕੱਢਦੇ। ਜਦੋਂ ਲਾਲਾ ਲਾਜਪਤ ਰਾਏ ਨੂੰ ਸਾਮਰਾਜੀ ਹਕੂਮਤ ਨੇ ਲਾਠੀਆਂ ਮਾਰ-ਮਾਰ ਸ਼ਹੀਦ ਕਰ ਦਿੱਤਾ ਤਾਂ ਭਗਤ ਸਿੰਘ ਵਰਗੇ ਸੂਰਮਿਆ ਨੇ ਇਕ ਮਤਾ ਪਾਸ ਕੀਤਾ। ਉਸ ਸਮੇਂ. ਦੀ ਵਾਰਤਾ ਨੂੰ ਪਾਰਸ ਸਾਹਿਬ ਨੇ ਬਾਖ਼ੂਬੀ ਪੇਸ਼ ਕੀਤਾ।

## ਬੇਸ਼ੁਮਾਰ ਚੇਲੇ

ਬਾਪੂ ਪਾਰਸ ਸਾਹਿਬ ਜੀ ਦੇ ਚੇਲਿਆਂ ਦੀ ਗਿਣਤੀ ਵੀ ਬਹੁਤ ਹੈ, ਰਣਜੀਤ ਸਿੰਘ ਸਿੱਧਵਾਂ, ਚੰਦ ਸਿੰਘ ਜੰਡੀ, ਅਜੀਤ ਸਿੰਘ ਸੇਖੋਂ (ਮੂੰਮਾਂ ਵਾਲਾ), ਕਰਤਾਰ ਸਿੰਘ (ਮੰਡੀ ਕਲਾਂ ਵਾਲਾ), ਗੁਰਦਿਆਲ ਸਿੰਘ ਤੇ ਜੁਗਿੰਦਰ ਸਿੰਘ (ਦੋਵੇਂ ਭਰਾ), ਜਰਨੈਲ ਸਿੰਘ, ਤਲਵਿੰਦਰ ਸਿੰਘ, ਮੱਖਣ ਸਿੰਘ, ਬੂਟਾ ਸਿੰਘ, ਚਮਕੌਰ ਸਿੰਘ, ਬੋਹੜ ਸਿੰਘ ਮੱਲਣ, ਗੁਰਦੇਵ ਸਿੰਘ ਮੱਲਣ, ਗੁਰਚਰਨ ਸਿੰਘ, ਮਲਕੀਤ ਸਿੰਘ, ਨਿਰਮਲ ਸਿੰਘ, ਗੁਰਦੇਵ ਸਿੰਘ, ਤਰਲੋਕ ਸਿੰਘ, ਦਰਸ਼ਨ ਸਿੰਘ, ਯੁੱਧਵੀਰ ਸਿੰਘ, ਸੁਖਦੇਵ ਸਿੰਘ, ਮੁਖਤਿਆਰ ਸਿੰਘ, ਮੁਖਤਿਆਰ ਸਿੰਘ ਜ਼ਫ਼ਰ, ਹਰਭਜਨ ਮਾਨ ਤੇ ਗੁਰਸੇਵਕ ਮਾਨ ਆਦਿ। ਪਾਰਸ ਦਾ ਜੱਥਾ ਜਦ ਮਹਾਰਾਣੀ ਜਿੰਦਾ ਦਾ ਪ੍ਰਸੰਗ ਗਾਉਂਦਾ ਤਾਂ ਸਰੋਤਿਆਂ ਨੂੰ ਸੁਸਰੀ ਵਾਂਗ ਸਵਾ ਦਿੰਦਾ। ਉਨ੍ਹਾਂ ਦਾ ਜਨਮ 28 ਜੂਨ, 1916 ਈ. ਨੂੰ ਪੁੰਨਿਆਂ ਦੀ ਰਾਤ ਨੂੰ ਨਾਨਕੇ ਪਿੰਡ ਮਹਿਰਾਜ, ਮਾਤਾ ਰਾਮ ਕੌਰ ਦੀ ਕੁੱਖੋਂ, ਪਿਤਾ ਤਾਰਾ ਸਿੰਘ ਦੇ ਘਰ, ਦਾਦੀ ਭੋਲੀ ਤੇ ਦਾਦਾ ਹਰਨਾਮ ਸਿੰਘ ਗਿੱਲ ਦੇ ਵਿਹੜੇ ਹੋਇਆ। ਉਨ੍ਹਾਂ ਦਾ ਪਹਿਲਾ ਨਾਂ ਗਮਦੂਰ ਸਿੰਘ ਸੀ ਤੇ ਬਾਅਦ 'ਚ ਕਰਨੈਲ ਸਿੰਘ ਪਾਰਸ ਬਣ ਗਿਆ।



## ਮਾਣ-ਸਨਮਾਨ

ਕਰਨੈਲ ਸਿੰਘ ਪਾਰਸ ਨੂੰ ਭਾਸ਼ਾ ਵਿਭਾਗ ਪੰਜਾਬ ਨੇ 1985 ਈ. ਨੂੰ ਸ਼੍ਰੋਮਣੀ ਕਵੀਸ਼ਰ ਐਵਾਰਡ ਨਾਲ ਸਨਮਾਨਿਤ ਕੀਤਾ। ਹੋਰ ਇਨਾਮਾਂ ਸਨਮਾਨਾਂ ਦੀ ਤਾਂ ਕੋਈ ਗਿਣਤੀ ਹੀ ਨਹੀਂ। ਉਹ ਕਵੀਸ਼ਰੀ ਤੇ ਲਿਖਣ ਵਿਚ ਭਰ ਵਗਦਾ ਦਰਿਆ ਸੀ। ਜਿੱਥੇ ਪਾਰਸ ਦਾ ਛੋਟੇ ਹੁੰਦੇ ਦਾ ਜੀਵਨ ਅਨੇਕ ਪ੍ਰਕਾਰ ਦੀਆਂ ਮੁਸੀਬਤਾਂ ਵਿੱਚੋਂ ਲੰਘਿਆ, ਉੱਥੇ ਉਨ੍ਹਾਂ ਨੇ ਬਾਕੀ ਸਾਰੀ ਜ਼ਿੰਦਗੀ ਦਾ ਆਨੰਦ ਵੀ ਖ਼ੂਬ ਮਾਣਿਆ। ਉਨ੍ਹਾਂ ਦੇ ਜਥੇ ਨੇ ਹਜ਼ਾਰਾਂ ਪ੍ਰੋਗਰਾਮ ਕੀਤੇ, ਉਨ੍ਹਾਂ ਸਮਿਆਂ ਵਿਚ ਉਨ੍ਹਾਂ ਕੋਲ ਇਕ ਵੀ ਦਿਨ ਵਿਹਲਾ

**ਕਲਾ ਪਰਿਕਰਮਾ**

ਨਹੀਂ ਰਹਿੰਦਾ ਸੀ। ਕਈ ਵਾਰ ਤਾਂ ਰਾਤ ਦਿਨ ਵਿਚ 2-2, 3-3 ਪ੍ਰੋਗਰਾਮ ਵੀ ਬੁੱਕ ਹੁੰਦੇ ਸਨ। ਐਨੀ ਚੜ੍ਹਤ ਸੀ ਕਵੀਸ਼ੀਰੀ ਜੱਥੇ ਦੀ।

## ਸਦਾ ਲਈ ਵਿਛੋੜਾ

ਪਹਿਲੀ ਮਾਰਚ, 2009 ਨੂੰ ਉਹ. ਸਾਡੇ ਕੋਲੋਂ ਸਦਾ ਲਈ ਵਿਛੜ ਗਏ ਸਨ। ਭਾਵੇਂ ਕਵੀਸ਼ਰ ਕਰਨੈਲ ਸਿੰਘ ਪਾਰਸ ਸਰੀਰਕ ਤੌਰ 'ਤੇ ਸਾਡੇ ਵਿਚਕਾਰ ਨਹੀਂ ਰਹੇ ਪਰ ਉਨ੍ਹਾਂ ਵੱਲੋਂ ਲਿਖੀ ਗਈ ਵਜ਼ਨਦਾਰ ਰਚਨਾ, ਰਿਕਾਰਡ ਹੋ ਚੁੱਕੀ ਕਵੀਸ਼ਰੀ ਦੇ ਬੋਲ ਸਦਾ ਕੰਨੀ ਗੂੰਜਦੇ ਰਹਿਣਗੇ।



## ਛੋਟੀ ਉਮਰੇ ਹੋ ਗਏ ਅਨਾਥ

ਪਾਰਸ 14 ਕੁ ਵਰ੍ਹਿਆਂ ਦੀ ਉਮਰ 'ਚ ਅਨਾਥ ਹੋ ਗਿਆ, ਮਾਂ ਪਿਓ ਦੋਵੇਂ ਤੁਰ ਗਏ ਪਰ ਚਾਚਾ ਕਰਤਾਰ ਸਿੰਘ ਨੇ ਸਿਰ 'ਤੇ ਹੱਥ ਰੱਖਿਆ। ਪਾਰਸ ਸਾਹਿਬ ਦਾ ਵਿਆਹ ਦਲਜੀਤ ਕੌਰ ਨਾਲ ਹੋਇਆ। ਉਨ੍ਹਾਂ ਦੇ ਘਰ ਛੇ ਬੱਚਿਆਂ ਨੇ ਜਨਮ ਲਿਆ, ਚਾਰ ਪੁੱਤਰ ਤੇ ਦੋ ਧੀਆਂ। ਹਰਚਰਨ ਸਿੰਘ (ਸਾਬਕਾ ਅਧਿਆਪਕ), ਬਲਵੰਤ ਸਿੰਘ (ਜੋ ਬਲਵੰਤ ਸਿੰਘ ਰਾਮੂੰਵਾਲੀਆਂ ਦੇ ਨਾਂ ਨਾਲ ਜਾਣੇ ਜਾਂਦੇ ਅਤੇ ਸਿਆਸਤ ਵਿਚ ਸਰਗਰਮ ਹਨ), ਇਕਬਾਲ ਸਿੰਘ (ਪੰਜਾਬੀ ਸਾਹਿਤਕਾਰ) ਅਤੇ ਰਛਪਾਲ ਸਿੰਘ ਉਨ੍ਹਾਂ ਦੇ ਪੁੱਤਰ ਹਨ ਅਤੇ ਚਰਨਜੀਤ ਕੌਰ ਤੇ ਕਰਮਜੀਤ ਕੌਰ ਦੋ ਧੀਆਂ ਹਨ। ਪ੍ਰਸਿੱਧ ਗਾਇਕ ਹਰਭਜਨ ਮਾਨ ਤੇ ਗੁਰਸੇਵਕ ਮਾਨ ਦਾ ਨਾਤਾ ਵੀ ਇਸ ਪਰਿਵਾਰ ਨਾਲ ਜੁੜਿਆ ਹੋਇਆ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 8 ਅਗਸਤ 2026 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-753



*ਵਿਚ ਪਿੰਡਾਂ ਦੇ ਥਾਂ-ਥਾਂ ਬਾਬੇ, ਜਿੱਥੇ ਨਿੱਤ ਦਿਨ ਮੇਲੇ ਲੱਗਦੇ,*
*ਨ ਇਤਿਹਾਸ ਨ ਮਿਥਿਹਾਸ, ਬਹੁਤੇ ਥਾਈਂ ਭੇਖੀ ਪਏ ਠੱਗਦੇ।*
*ਅਨਪੜ੍ਹਤਾ, ਅੰਧ-ਵਿਸ਼ਵਾਸੀ, ਛਾਈ ਪਈ ਦੇਖਾਂ ਚਾਰ ਚੁਫ਼ੇਰੇ,*
*ਅੰਨ੍ਹੇ ਵਾਹ ਲੰਗਰ ਚਲਾਉਂਦੇ, ਪਿੰਡ ਸ਼ਹਿਰ ਦੇਖੋ ਕਿਤਨੇ ਡੇਰੇ।*

## ਕੈਪਸ਼ਨ ਮੁਕਾਬਲਾ-751



ਮੰਗਲ 'ਤੇ ਪਹੁੰਚਣ ਦੀਆਂ ਗੱਲਾਂ,
ਚਾਹੇ ਦੇਸ਼ ਪਿਆਰਾ ਕਰਦਾ ਹੈ,
ਪਰ ਅਸਲੀਅਤ ਹੈ ਮੂੰਹੋਂ ਬੋਲਦੀ,
ਸੱਚ ਕਹਿਣ ਤੋਂ ਮਨ ਡਰਦਾ ਹੈ।
ਨਾ-ਬਰਾਬਰੀ ਸਭ ਪਾਏ ਪੁਆੜੇ,
ਕਿਤੇ ਮੁਸ਼ਕਿਲ ਡੰਗ ਸਰਦਾ ਹੈ,
ਵਾਹ ਸਰੀਰ ਨੂੰ ਵਾਂਗ ਪਸ਼ੂਆਂ ਦੇ,
ਹੁੰਦਾ ਦਾਣਾ-ਫੱਕਾ ਘਰ ਦਾ ਹੈ।
***-ਸੇਵਾ ਸਿੰਘ 'ਨੂਰਪੁਰੀ'***

---

ਢੱਗਾ-ਵੱਛਾ ਵਿਕ ਗਿਆ ਸਾਰਾ
ਜਦ ਸੋਕੇ ਦੀ ਮਾਰ ਪਈ।
ਖ਼ੁਦ ਹੀ ਹਾਲ਼ੀ, ਖ਼ੁਦ ਹੀ ਢੱਗਾ
ਬੰਦਿਆਂ ਵਾਲੀ ਜੂਨ ਗਈ।
ਲਾਰੇ ਲਾ ਕੇ ਤੁਰ ਗਏ ਨੇਤਾ
ਕਿਸੇ ਨਾ ਸਾਡੀ ਸਾਰ ਲਈ।
***-ਜਗਮੀਤ ਸਿੰਘ ਪੰਧੇਰ***
***ਫੋਨ: +1 825 760 7222***

---

ਓ ਕਿਰਤੀ ਕਰਮਾਂ ਮਾਰਿਆ,
ਕੀ ਆਇਐਂ ਲੇਖ ਲਿਖਾ?
ਕੀ ਰੱਬ ਹੈ ਤੈਥੋਂ ਰੁੱਸਿਆ?
ਇਹ ਗੱਲ ਜਾਈਂ ਸਮਝਾ।
ਵਰ੍ਹੀ ਜੋ ਤੂੰ ਅਰਧਾਂਗਣੀ,
ਲਈ ਕਿਹੜੇ ਕੰਮ ਤੂੰ ਲਾ।
ਬਲਦਾਂ ਥਾਵੇਂ ਤੂੰ ਲੱਗਾ,
ਲਈ ਗਲ ਪੰਜਾਲੀ ਪਾ।

ਸੁਣ ਵੇ ਕਲਮਾਂ ਵਾਲਿਆ,
ਮੇਰੀ ਵਿੱਥਿਆ ਸੁਣਦਾ ਜਾਹ।
ਮੈਨੂੰ ਹੋਰਾਂ ਵਾਂਗ ਹੀ ਭੇਜਿਆ,
ਕਿਹਾ ਰੱਬ ਨੇ ਅੰਨ ਉਗਾਅ।
ਬਣ ਦਾਤਾ ਸਗਲੀ ਧਰਤ ਦਾ,
ਤੇ ਆਪਣਾ ਬਣਦਾ ਖਾਹ।
ਪੈਂਦੇ ਜ਼ੋਰਾਂ ਵਾਲੇ ਭੁਗਤਣੇ,
ਏਥੇ ਸੌਖਾ ਨਾ ਨਿਰਬਾਹ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1 864 318 5500***

---

ਕਿਸਾਨੀ ਦਾ ਕਿੱਤਾ ਸਭ ਤੋਂ ਔਖਾ,
ਮਨ ਮਾਰ ਕੇ ਕਰਦੇ ਰਹੀਏ।
ਬੈਲ ਖਰੀਦਣ ਦੀ ਪਹੁੰਚ ਤੋਂ ਬਾਹਰ,
ਖੁਦ ਗਲੇ ਪੰਜਾਲੀ ਪਾ ਕੇ ਕੰਮ ਕਰੀਏ।
ਘਰਵਾਲੀ ਨੂੰ ਫੜਾ ਕੇ, ਹਲ ਦਾ ਮੁੰਨਾ,
ਵਾਹੀ ਖੇਤ ਦੀ ਕਰੀਏ।
ਸਰਕਾਰਾਂ ਸਾਡੀ ਬੇਹਤਰੀ ਦੀ
ਲੋੜ ਨਾ ਸਮਝਣ,
ਕੀਹਦੀ ਮਾਂ ਨੂੰ ਮਾਸੀ ਕਹੀਏ।
ਵੋਟ ਲੈਣ ਵੇਲੇ ਸਾਡੀ ਪੂਜਾ ਕਰਦੇ,
ਮਤਲਬ ਨਿਕਲਣ 'ਤੇ ਨਾ ਪੁੱਛਦੇ,
ਚਾਹੇ ਜਹੰਨਮ 'ਚ ਜਾ ਕੇ ਮਰੀਏ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)***
***ਫੋਨ: 98784-69639***

---

ਖੇਤੀ ਖਸਮਾਂ ਸੇਤੀ
ਕਦੇ ਨਾ ਹੋਵਣ ਬੱਤੀਆਂ ਤੋਂ ਤੇਤੀ
ਮਹਿੰਗੇ ਟਰੈਕਟਰ ਲੈ ਕਰਜ਼ਿਆਂ 'ਤੇ
ਕਿਸਾਨ ਖ਼ੁਦਕੁਸ਼ੀ ਕਰਦਾ।
ਗਰੀਬ ਬਲਦ ਵੀ ਲੈ ਨਹੀਂ ਸਕਦਾ
ਕਿੱਦਾਂ ਅੰਨ ਉਗਾਵੇ
ਆ ਜਾ ਭਾਗਵਾਨੇ
ਮੈਂ ਜੁੜਦਾ ਪੰਜਾਲੀ।
ਕਹਿੰਦੇ ਭਾਰਤ ਅਮੀਰ, ਬਾਸ਼ਿੰਦੇ ਗਰੀਬ
ਈਦ ਹੋਵੇ ਜਾਂ ਦੀਵਾਲੀ।
ਗਰੀਬ ਨਾ ਭੱਠ ਝੋਕਣਾ
ਸਾਰੇ ਚੋਹਲ ਅਮੀਰਾਂ ਦੇ।
***-ਦਰਸ਼ਨ ਪਾਲ ਦੋਸਾਂਝ***

# 'ਤੁਸੀਂ ਜੁਆਕਾਂ ਤੋਂ ਨਹੀਂ, ਉਨ੍ਹਾਂ ਨੇ ਤੁਹਾਡੇ ਤੋਂ ਖਹਿੜਾ ਛੁਡਾਇਐ'

ਪਾਲੀ ਭੁਪਿੰਦਰ






ਵਕਤ ਸਦਾ ਅੱਗੇ ਵੱਲ ਵਧਦਾ ਹੈ। ਜ਼ਿੰਦਗੀ ਨੂੰ ਵੀ ਇਸ ਦੇ ਨਾਲ ਅੱਗੇ ਵਧਣਾ ਪੈਂਦਾ ਹੈ। ਅਤੀਤ ਦਾ ਮੋਹ, ਸੋਚ ਅਤੇ ਤੌਰ-ਤਰੀਕੇ ਭਾਵੁਕ ਤਾਂ ਕਰਦੇ ਹਨ ਪਰ ਅਕਸਰ ਇਹੀ ਜ਼ਿੰਦਗੀ ਪਿੱਛੇ ਰਹਿ ਜਾਣ ਦਾ ਕਾਰਨ ਵੀ ਹੁੰਦੇ ਹਨ।

ਹਾਂ, ਬਹੁਤ ਵੱਡਾ ਸੰਗਠਨ ਹੈ ਆਰ.ਐਸ.ਐਸ.। ਇਸ ਵੇਲੇ ਪੂਰੀ ਤਾਕਤ ਵਿਚ ਹੈ। ਪਰ ਵੇਖਣਾ, ਇਸ ਦੀ ਜ਼ਿੰਦਗੀ ਨੂੰ ਪਿੱਛੇ ਲੈ ਕੇ ਜਾਣ ਦੀ ਖਾਹਿਸ਼ ਹੀ ਇੱਕ ਦਿਨ ਇਸ ਦੀ ਸਭ ਤੋਂ ਵੱਡੀ ਕਮਜ਼ੋਰੀ ਸਾਬਿਤ ਹੋਵੇਗੀ। ਇਸ ਦਾ ਸਭ ਤੋਂ ਵੱਡਾ ਨਿਸ਼ਾਨਾ ਹੈ ਦੇਸ਼ ਦੀ ਸਿੱਖਿਆ ਨੂੰ ਪਿੱਛੇ ਵੱਲ ਮੋੜਨਾ। ਇਨ੍ਹਾਂ ਨੂੰ ਲੱਗਦਾ ਹੈ, ਸਿੱਖਿਆ ਉੱਤੇ ਕਬਜ਼ਾ ਕਰ ਕੇ ਅਸੀਂ ਦੇਸ਼ ਦੇ ਨੌਜਵਾਨਾਂ ਦੀ ਮਾਨਸਿਕਤਾ ਨੂੰ ਵਾਪਿਸ ਸਨਾਤਨ ਜਾਂ ਹਿੰਦੂ ਧਰਮ ਵੱਲ ਮੋੜ ਸਕਦੇ ਹਾਂ। ਇਹ ਭੁੱਲ ਜਾਂਦੇ ਨੇ, ਸਿੱਖਿਆ ਅੱਗੇ ਵਧਣ ਦਾ ਢੰਗ ਹੈ। ਪਿੱਛੇ ਮੁੜਨ ਦਾ ਨਹੀਂ। ਸਿੱਖ-ਸਿੱਖ ਕੇ ਹੀ ਅਸੀਂ ਜੰਗਲਾਂ 'ਤੋਂ ਅਜੋਕੀ ਚਮਚਮਾਉਂਦੀ ਸਭਿਅਤਾ ਤੱਕ ਪੁੱਜੇ ਹਾਂ। ਕੋਈ ਵਾਪਿਸ ਜੰਗਲਾਂ ਵਿਚ ਜਾਣ ਲਈ ਨਹੀਂ ਸਿੱਖਦਾ। ਮੰਨਿਆ, ਕਿਸੇ ਵੇਲੇ ਧਰਮ ਹੀ ਸਿੱਖਿਆ ਸੀ, ਅੱਜ ਸਿੱਖਿਆ ਧਰਮ ਨਹੀਂ ਹੈ। ਇਹ ਵਿਗਿਆਨ ਹੈ। ਤਕਨਾਲੋਜੀ ਹੈ। ਇਸ ਤੋਂ ਵੀ ਕਿਤੇ ਵੱਧ, ਇਹ ਰੋਟੀ ਹੈ। ਰੁਜ਼ਗਾਰ ਹੈ। ਇਹ ਮਰ ਕੇ ਰੱਬ ਕੋਲ ਜਾਣ ਦਾ ਰਾਹ ਨਹੀਂ, ਇਹ ਜਿਉਂਦੇ ਰਹਿਣ ਦੀ ਗਰੰਟੀ ਹੈ।

ਇਹ ਜਿਹੜੀ ਨਸਲ ਆਰ.ਐਸ.ਐਸ. ਨੇ ਜੰਤਰ-ਮੰਤਰ 'ਤੇ ਵੇਖੀ ਹੈ, ਇਹ ਤਾਂ ਸਿਰਫ਼ ਇੱਕ ਨਮੂਨਾ ਹੈ। ਪੂਰੇ ਤੰਤਰ ਦਾ ਜ਼ੋਰ ਲਾ ਲਿਆ ਪਰ ਤੁਸੀਂ ਇਨ੍ਹਾਂ ਜੁਆਕਾਂ ਦੀ ਸੋਚ ਅੱਗੇ ਇੱਕ ਵੀ ਸਵਾਲ ਖੜਾ ਨਹੀਂ ਕਰ ਸਕੇ। ਕਾਰਨ ਬਹੁਤ ਛੋਟਾ ਹੈ। ਇਹ ਨਸਲ ਅੱਗੇ ਵਧਣ ਦਾ ਸੋਚਦੀ ਹੈ। ਤੇ ਇਸ ਨੂੰ ਪਤਾ ਲੱਗ ਗਿਆ ਹੈ, ਤੁਸੀਂ ਇਸ ਨਾਲ ਅੱਗੇ ਜਾਣ ਦੀ ਨਹੀਂ ਸੋਚ ਰਹੇ। ਸੋ, ਇਹ ਤੁਹਾਨੂੰ ਪਿੱਛੇ ਛੱਡ ਕੇ ਅੱਗੇ ਵਧਣ ਲਈ ਮਾਨਸਿਕ ਤੌਰ 'ਤੇ ਪੂਰੀ ਤਰ੍ਹਾਂ ਤਿਆਰ ਹੈ।

ਤੁਸੀਂ ਇਸ ਇਨ੍ਹਾਂ ਜੁਆਕਾਂ ਤੋਂ ਨਹੀਂ, ਉਨ੍ਹਾਂ ਨੇ ਤੁਹਾਡੇ ਤੋਂ ਖਹਿੜਾ ਛੁਡਾਇਆ ਹੈ।

ਮੇਰੇ ਸ਼ਬਦ ਲਿਖ ਕੇ ਰੱਖ ਲਵੇ ਭਾਜਪਾ ਦਾ 'ਥਿੰਕ ਟੈਂਕ'। ਭਾਜਪਾ ਜੇ 200 ਤੋਂ ਵਾਪਿਸ 'ਤੇ 2 'ਤੇ ਨਾ ਗਈ, ਉਸ ਸਫ਼ਰ ਦਾ ਰਾਹ ਦੇਸ਼ ਦੇ ਸਿੱਖਿਆ-ਅਦਾਰਿਆਂ ਵਿਚੋਂ ਹੀ ਨਿਕਲੇਗਾ, ਜਿਨ੍ਹਾਂ ਨੂੰ ਅੱਜ ਉਹ ਅੱਜ ਆਪਣੇ ਪ੍ਰਾਪੇਗੰਡੇ ਦੀਆਂ ਪ੍ਰਯੋਗਸ਼ਾਲਾਵਾਂ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ।




## ਰਿਸ਼ਤਿਆਂ 'ਤੇ ਭਾਰ

*ਲੁੱਟ ਕੇ ਲੈ ਗਏ ਦੋਹੀਂ ਹੱਥੀਂ,*
*ਵੇਖਣ ਨੂੰ ਲਾਚਾਰ ਰਹੇ ਸੀ।*

*ਜਿਨ੍ਹਾਂ ਨੇ ਏਦੈਂ ਈਂ ਚੱਲਣਾ ਹੁੰਦਾ,*
*ਐਸੇ ਇਹ ਹਥਿਆਰ ਰਹੇ ਸੀ।*

*ਆਖਰ ਤਾਂ ਇਹ ਫੜੇ ਜਾਣੇ ਸਨ,*
*ਜੋ ਬਹੁਤੇ ਹੁਸ਼ਿਆਰ ਰਹੇ ਸੀ।*

*ਉਹ ਹੀ ਤੈਨੂੰ ਲੈ ਡੁੱਬੇ ਨੇ,*
*ਜਿਹੜੇ ਪੈੱਗ ਦੇ ਯਾਰ ਰਹੇ ਸੀ।*

*ਬੇਈਮਾਨ ਤੇ ਠਗ ਨਿਕਲੇ ਨੇ,*
*ਉੱਚੇ ਬਸ ਕਿਰਦਾਰ ਰਹੇ ਸੀ।*

*ਉੱਤੋਂ ਐਵੇਂ ਫੁੱਲ ਲਗਦੇ ਸੀ,*
*ਅੰਦਰੋਂ ਪੂਰੇ ਖਾਰ ਰਹੇ ਸੀ।*

*ਇਨ੍ਹਾਂ ਨੇ ਕਿੱਥੇ ਲਾਜ ਬਚਾਉਣੀ,*
*ਰਿਸ਼ਤੇ 'ਤੇ ਜੋ ਭਾਰ ਰਹੇ ਸੀ।*

*ਗਿਰਝਾਂ ਵਾਂਗ ਚਰੂੰਢਣ ਵਾਲੇ,*
*ਐਸੇ ਇਹ ਗਦਾਰ ਰਹੇ ਸੀ।*

*ਉਨ੍ਹਾਂ ਨੂੰ ਸਿੱਖ ਪਛਾਨਣਾ 'ਭੌਰੇ'*
*ਜਿਹੜੇ ਜਿਉਂਦਾ ਮਾਰ ਰਹੇ ਸੀ।*

# ਮੇਰਾ ਡਾਂਗਸਤਾਨ.. !

ਚਰਨਜੀਤ ਭੁੱਲਰ

ਚੰਡੀਗੜ੍ਹ: ਲਓ ਜੀ! ਪ੍ਰਧਾਨ ਹੋਵੇ ਤਾਂ ਐਸਾ। ਨਾ ਤਖ਼ਤਾਂ ਦੀ ਪ੍ਰਵਾਹ, ਨਾ ਤਾਜਾਂ ਦੀ, ਠੋਕਰ ਮਾਰ ਔਹ ਗਿਆ। ਏਨਾ ਜੱਸ ਕਿਸੇ ਟਾਵੇਂ ਦੀ ਝੋਲੀ ਪੈਂਦੈ। ਤੁਸੀਂ ਸੋਚਦੇ ਪਏ ਹੋ, ਏਹ ਕਲਾ ਕਿਵੇਂ ਵਰਤੀ। ਪਹਿਲਾਂ ਤਾਂ ਪ੍ਰਧਾਨ ਜੀ ਇੰਜ ਗੱਜਦੇ ਪਏ ਸੀ, 'ਹਮ ਕੋ ਮਿਟਾ ਸਕੇ, ਜ਼ਮਾਨੇ ਮੇ ਯੇ ਦਮ ਨਹੀਂ।' ਹੁਣ ਗਾਉਣੋਂ ਨੀ ਹਟਦੇ ਪਏ, 'ਦਿਲ ਦੀਆ ਹੈ, ਜਾਨ ਭੀ ਦੇਂਗੇ, ਐ ਵਤਨ ਤੇਰੇ ਲੀਏ।' ਹੋਇਆ ਇੰਜ, ਜਦ ਪ੍ਰਧਾਨ ਜੀ ਆਪਣੇ ਸ਼ਾਹੀ ਬੈੱਡ-ਰੂਮ 'ਚ ਅਰਾਮ ਫ਼ਰਮਾ ਹੁੰਦੇ, ਅਚਾਨਕ ਡੰਗ ਵੱਜਣ ਲੱਗਦੇ। ਜਿਵੇਂ 'ਮਹਿਲ-ਏ-ਖ਼ਾਸ' 'ਚ ਕੌਕਰੋਚਾਂ ਦੀ ਫ਼ੌਜ ਆਣ ਵੜੀ ਹੋਵੇ।

ਕਾਸ਼! ਕਿਤੇ ਪ੍ਰਧਾਨ ਜੀ ਨੇ ਰਸੂਲ ਹਮਜ਼ਾਤੋਵ ਦੀ 'ਮੇਰਾ ਦਾਗਿਸਤਾਨ' ਪੜ੍ਹੀ ਹੁੰਦੀ, ਇਨਸਾਨੀ ਫੁਹਾਰਾਂ 'ਚ ਗੜੁੱਚ ਹੋ ਜਾਣਾ ਸੀ। ਪਰ ਪ੍ਰਧਾਨ ਜੀ ਤਾਂ ਫ਼ਖ਼ਰ ਕਰਦੇ ਰਹੇ ਹਕੂਮਤੀ ਸ਼ਾਹਕਾਰ ਰਚਨਾ 'ਮੇਰਾ ਡਾਂਗਸਤਾਨ' 'ਤੇ। ਦੂਜੇ ਬੰਨੇ, 'ਮੇਰਾ ਡੰਗਸਤਾਨ', ਜੰਤਰ ਮੰਤਰ ਦੇ ਕੌਕਰੋਚਾਂ ਦਾ ਮੰਤਰ ਸੀ, ਜਿਨ੍ਹਾਂ ਦੇ ਡੰਗ ਮੰਤਰੀ ਦਾ ਅਸਤੀਫ਼ਾ ਜੇਬ 'ਚੋਂ ਕਢਾ ਲਿਆਏ। ਡਾਂਗ ਆਲ਼ਿਆਂ ਨੇ ਡਾਂਗ ਚਲਾਈ, ਡੰਗ ਆਲ਼ਿਆਂ ਨੇ ਡੰਗ। ਪ੍ਰਧਾਨ ਸੇਵਕ ਦੁਬਿਧਾ 'ਚ ਸਨ, ਸਰਦੂਲ ਸਿਕੰਦਰ ਨੇ ਦੂਰ ਕੀਤੀ, 'ਜ਼ਿਦ ਨਾਲ ਮਸਲੇ ਵਿਗੜ ਜਾਂਦੇ ਨੇ..।'

ਪ੍ਰਧਾਨ ਸੇਵਕ ਪੁਰਾਣੇ ਵੈਦ ਨੇ ਜਿਹੜੇ ਹਰ ਬਿਮਾਰੀ ਦਾ ਇਲਾਜ 'ਡਾਂਗ ਪ੍ਰੈਸ਼ਰ' ਨਾਲ ਕਰਦੇ ਨੇ। 'ਨਾਗ ਛੇੜ ਲਿਆ ਕਾਲਾ, ਮੰਤਰ ਯਾਦ ਨਹੀਂ।' ਪਹਿਲਾਂ ਕਿਸਾਨੀ ਨੂੰ ਹੱਥ ਪਾਇਆ ਸੀ, ਹੁਣ ਜਵਾਨੀ ਨੂੰ। ਜਪਾਨੀ ਆਖਦੇ ਨੇ, 'ਜਦੋਂ ਬੁੱਢੇ ਹੋ ਜਾਵੋ, ਬੱਚਿਆਂ ਦਾ ਕਹਿਣਾ ਮੰਨੋ।' ਧਰਮੇਂਦਰ ਪ੍ਰਧਾਨ ਨੇ ਜੰਤਰ ਮੰਤਰ 'ਤੇ, ਔਹ ਵਗਾਹ ਮਾਰਿਆ ਅਸਤੀਫ਼ਾ। ਨਹੀਂ ਕਲਯੁਗੀ ਜ਼ਮਾਨੇ 'ਚ ਕੌਣ ਏਡੀ ਕੁਰਬਾਨੀ ਕਰਦੈ। 'ਜੈਨ-ਜ਼ੀ' ਦੀ ਝੋਲੀ ਜਿੱਤ ਪਈ, ਪ੍ਰਧਾਨ ਦੇ ਬੋਝੇ ਲਾਹਨਤਾਂ। ਗੁਰਦਾਸ ਮਾਨ ਐਵੇਂ ਨੀ ਹੇਕਾਂ ਲਾਉਂਦਾ, 'ਵਾਹ ਨੀ ਜਵਾਨੀਏ..।'

ਕੋਈ ਸ਼ਾਇਰ ਫ਼ਰਮਾ ਹੈ, 'ਸਹਿਣੀ ਪੈਂਦੀ ਮਾਰ ਦੁਲੱਤਿਆਂ ਦੀ, ਜੇ ਕੁਰਸੀ ਵਹਾਈਏ ਖੋਤਿਆਂ ਨੂੰ।' 'ਜੈਨ-ਜ਼ੀ' ਦੀ ਇਹ ਜਿੱਤ ਹੈ ਡਰ 'ਤੇ। ਖ਼ੌਫ਼ 'ਤੇ ਫ਼ਤਿਹ ਪਾਈ ਹੈ, ਜਿਸ ਦੇ ਪਰਛਾਵੇਂ 'ਚ ਮੁਲਕ-ਵਾਸੀ ਜੀਅ ਰਹੇ ਸਨ। ਇੱਕ ਵਾਰੀ ਤਾਂ ਇੰਜ ਲੱਗਿਆ ਜਿਵੇਂ ਪੁਲੀਸ 'ਤੋਂ ਲਾਠੀ ਖੋਹ 'ਜੈਨ-ਜ਼ੀ' ਨੇ ਲੋਕਤੰਤਰ ਨੂੰ ਫੜਾ ਦਿੱਤੀ ਹੋਵੇ ਕਿ ਹੁਣ ਤੁਰ ਮੜਕ ਨਾਲ। ਵੈਸੇ ਇਹ ਵੀ ਜ਼ਰੂਰੀ ਨਹੀਂ ਕਿ 'ਕੱਲਾ ਚੰਨੀ ਹੀ ਮਸਲੇ ਹੱਲ ਕਰਦਾ ਹੋਵੇ। ਹੁਣ ਨਵਾਂ ਨਾਅਰਾ ਗੂੰਜੇਗਾ..'ਸ਼ਹਿਰ-ਗਰਾਂ 'ਚ ਚੱਲੀ ਗੱਲ, ਜੈਨ-ਜ਼ੀ ਕਰਦੇ ਮਸਲੇ ਹੱਲ।'

'ਜੈਨ-ਜੀ' ਨੇ ਐਸਾ ਝੁਰਲੂ ਫੇਰਿਆ, ਜੰਤਰ ਮੰਤਰ 'ਤੇ ਗੂੰਜ ਪਈ, ਤੰਤਰ ਨੂੰ ਕਾਂਬਾ ਛਿੜ ਗਿਆ। ਹਾਲੇ ਜ਼ਿੰਦਪੁਰੀਏ ਧਰਮੇਂਦਰ ਪ੍ਰਧਾਨ ਦੀ ਦਾਦ ਦਿੰਦੇ ਪਏ ਨੇ, ਅਖੇ! ਇਖ਼ਲਾਕ ਦਾ ਮੁਜੱਸਮਾ 'ਸਾਡਾ ਪ੍ਰਧਾਨ'। ਖਾਕੀਪੁਰੀਓ! ਬਰਨਾਲੇ ਆਇਓ, ਤੁਹਾਨੂੰ ਕਰਾਵਾਂਗੇ ਚੌਵੀ ਕੈਰੇਟ ਇਖ਼ਲਾਕ ਦੇ ਦਰਸ਼ਨ। ਸਰਵ ਪ੍ਰਵਾਨਿਤ ਸ਼ਾਸਤਰ ਦਰਸ਼ਨੀ ਡਾਂਗ ਵੀ ਦਿਖਾਵਾਂਗੇ। ਪਟਿਆਲੇ ਆਲ਼ੇ ਸ਼ੋਅ 'ਚ ਡੀ.ਐਸ.ਪੀ. ਸੰਜੀਵ ਸਿੰਗਲਾ ਨੇ ਬੇਰੁਜ਼ਗਾਰ ਲਾਈਨਮੈਨਾਂ ਦੀ ਸੇਵਾ ਦਾ ਪੁੰਨ ਖੱਟਿਆ ਸੀ। ਬਰਨਾਲੇ ਇਹ ਡਾਂਗ ਸੇਵਾ ਡੀ.ਐਸ.ਪੀ. ਸਤਵੀਰ ਸਿਓਂ ਦੇ ਹਿੱਸੇ ਆਈ।

ਮੁੱਢ-ਕਦੀਮ 'ਤੋਂ ਹੀ ਮਨੁੱਖੀ ਕਲਿਆਣ ਲਈ ਸ੍ਰੇਸ਼ਟ ਆਤਮਾਵਾਂ ਧਰਤੀ 'ਤੇ ਜਨਮ ਲੈਂਦੀਆਂ ਰਹੀਆਂ ਹਨ। ਬਰਨਾਲੇ




'ਚ ਸਫ਼ਾਈ ਸੇਵਕ ਬੀਬੀਆਂ ਨੇ ਪੁਲੀਸ ਦੀ ਦੈਵੀ ਇੱਛਾ 'ਚ ਸਿੱਧਾ ਦਖ਼ਲ ਦਿੱਤਾ। ਨਿਆਂ ਉਹ, ਜੋ ਤੁਰੰਤ ਹੋਵੇ। ਡੀ.ਐਸ.ਪੀ. ਸਤਵੀਰ ਨੇ ਮੌਕੇ 'ਤੇ ਇਨਸਾਫ਼ ਕਰ'ਤਾ। ਕਾਨੂੰਨ ਦੇ ਹੱਥ ਵੀ ਤੇ ਡਾਂਗ ਵੀ ਲੰਮੀ ਹੁੰਦੀ ਹੈ। ਡਾਂਗਸਤਾਨ ਦੀ ਰਾਜਧਾਨੀ ਪੰਜਾਬ ਬਣਿਐ। ਰਸੂਲ ਹਮਜ਼ਾਤੋਵ ਆਖਦਾ ਪਿਐ, 'ਬੰਦਾ ਕਿਤੇ ਵੀ ਚਲਾ ਜਾਵੇ, ਜੜ੍ਹਾਂ ਨਾਲੋਂ ਟੁੱਟਣਾ ਨੀ ਚਾਹੀਦਾ।' ਸੋ ਮਾਈ-ਭਾਈ ਜਾਣਦੇ ਹੀ ਹੋ ਕਿ ਡਾਂਗ ਹੀ ਤਾਂ ਪੁਲੀਸ ਦੀ ਜੜ੍ਹ ਲਾਉਂਦੀ ਐ। ਜਦੋਂ ਕੋਈ ਹੱਕਸਤਾਨ ਦੀ ਗੱਲ ਕਰਦੈ, ਜਦੀ ਜੜ੍ਹ ਦਿੰਦੇ ਨੇ।

ਕੇਰਾਂ ਸੁਪਰਕੌਪ ਕੇ.ਪੀ.ਐਸ. ਗਿੱਲ ਨੇ ਆਈ.ਏ.ਐਸ. ਬੀਬੀ ਰੂਪਨ ਦਿਉਲ ਬਜਾਜ ਦੇ ਆਸਾ-ਪਾਸਾ ਦੇਖ ਕੇ ਬਦਨ 'ਤੇ ਥਾਪੀ ਜੜ'ਤੀ ਸੀ। ਤਾਹੀਂ ਦਿਲਜੀਤ ਦੋਸਾਂਝ ਆਖਦੈ, ਓਏ ਛੋਟੂ! ਪੰਜਾਬ ਪੁਲੀਸ ਦੀ ਕੋਈ ਰੀਸ ਨੀ। ਰਸੂਲ ਹਮਜ਼ਾਤੋਵ ਦਾ ਦਾਗਿਸਤਾਨ ਦੀ ਮਿੱਟੀ ਨਾਲ, ਕਲਚਰ ਨਾਲ ਤੇ ਬੋਲੀ ਨਾਲ ਅੰਤਾਂ ਦਾ ਮੋਹ ਸੀ। ਮੋਹ ਨੂੰ ਛੱਡੋ, ਅਸਾਂ ਦੇ ਤੰਤਰ ਕੋਲ ਤਾਂ ਸਿਰਫ ਦਾਗ ਬਚੇ ਨੇ। ਜਰਾ ਦੱਸਣਾ, ਕਿਹੜੇ ਡਿਟਰਜੈਂਟ ਨਾਲ ਧੋਈਏ। ਸ਼ਾਹ ਹੁਸੈਨ ਦੱਸਦੇ ਪਏ ਨੇ, 'ਚਿੱਟੀ ਚਾਦਰ ਲਾਹ ਸੁੱਟ ਕੁੜੀਏ, ਪਹਿਨ ਫਕੀਰਾਂ ਦੀ ਲੋਈ, ਚਿੱਟੀ ਚਾਦਰ ਨੂੰ ਦਾਗ ਹਜ਼ਾਰਾਂ, ਲੋਈ ਨੂੰ ਦਾਗ ਨਾ ਕੋਈ।

ਉਂਜ ਤਾਂ ਹਰ ਸੂਬੇ ਦੀ ਪੁਲੀਸ ਸੋਲ੍ਹਾਂ ਕਲਾ ਸੰਪੂਰਨ ਹੈ, ਪਰ ਪੰਜਾਬ ਪੁਲੀਸ ਦਾ ਅੰਦਾਜ਼ ਨਿਰਾਲਾ ਹੈ। ਅਸਾਡੀ ਪੁਲੀਸ ਦਾ ਸੁਭਾਅ ਆਲੂ ਵਰਗੈ। ਮਿਕਸ ਹੋਣ 'ਚ ਦੇਰ ਨੀ ਲਾਉਂਦੀ, ਚਾਹੇ ਕੋਈ ਨੇਤਾ ਹੋਵੇ, ਚਾਹੇ ਤਸਕਰ, ਭਾਵੇਂ ਚੋਰ-ਉਚੱਕਾ ਹੀ ਕਿਉਂ ਨਾ ਹੋਵੇ। ਇਨ੍ਹਾਂ ਪ੍ਰਤਾਪੀ ਗੁਣਾਂ ਕਰਕੇ ਹੀ ਤਾਂ ਰਿਸ਼ਤੇ 'ਚ ਪੁਲੀਸ ਵਾਲੇ ਸਭ ਦੇ 'ਮਾਮੇ' ਲੱਗਦੇ ਨੇ। ਇੰਜ ਸਮਝ ਲਓ ਕਿ ਚੰਦਾ ਮਾਮਾ ਹੀ ਨੇ, ਕਦੇ ਕਦੇ ਕੰਸ ਮਾਮਾ ਵੀ ਬਣ ਜਾਂਦੇ ਨੇ। ਥਾਣੇਦਾਰ ਜਸਵਿੰਦਰ ਭੱਲਾ ਇੱਕ ਫ਼ਿਲਮ 'ਚ ਆਖਦੈ, 'ਅਸੀਂ ਤਾਂ ਗੂੰਗੇ ਬੋਲਣ ਲਾ ਦਿੰਦੇ ਹਾਂ।'

ਪੰਜਾਬ ਪੁਲੀਸ ਤਾਂ ਹੈ ਹੀ 'ਆਲ-ਰਾਊਂਡਰ'। ਚੋਣਾਂ ਜਿਤਵਾ ਲਓ, ਚਾਹੇ ਬੰਦੇ ਮੂਧੇ ਪਵਾ ਲਓ। ਜਦੋਂ ਪਾਣੀ ਸਿਰ ਤੋਂ ਲੰਘ ਜਾਂਦੈ ਤਾਂ ਨੰਦ ਲਾਲ ਨੂਰਪੁਰੀ ਨੂੰ ਲਿਖਣਾ ਪੈਂਦੈ, 'ਇੱਥੋਂ ਉੱਡ ਜਾ ਭੋਲਿਆ ਪੰਛੀਆ..।' ਕਵੀ ਨੂਰਪੁਰੀ ਵੀ ਕਦੇ ਰਾਜਸਥਾਨ 'ਚ ਥਾਣੇਦਾਰ ਹੁੰਦੇ ਸਨ। ਪੁਲੀਸ ਮੁਕਾਬਲੇ 'ਚ ਤਿੰਨ ਜਣੇ ਨਿਹੱਥੇ ਮਾਰੇ ਗਏ। ਨੰਦ ਲਾਲ ਦਾ ਮਨ ਭਾਰ ਨਾ ਝੱਲ ਸਕਿਆ, ਅੰਗਰੇਜ਼ ਦੀ ਨੌਕਰੀ ਤੋਂ ਅਸਤੀਫ਼ਾ ਦੇ ਘਰ ਬੈਠ ਗਿਆ। ਕਿੰਨਾ ਸਮਾਂ ਕਰਤੱਵਾਂ ਆਲ਼ੀ ਗਠੜੀ ਕਿਰਨ ਬੇਦੀ ਵੀ ਚੁੱਕੀ ਫਿਰਦੀ ਰਹੀ। ਹੁਣ ਗਠੜੀ ਗੁਆਚ ਗਈ, ਪੁਲੀਸ ਨੂੰ ਚੋਰ ਨੀ ਲੱਭ ਰਿਹਾ। ਇੱਕ ਸਤਪਾਲ ਡਾਂਗ ਹੁੰਦਾ ਸੀ, ਜੀਹਨੇ ਕਲਮ ਵੀ ਡਾਂਗ ਵਾਂਗੂ ਚਲਾਈ। ਪੁਲੀਸ ਦਾ ਡਾਂਗ ਬਿਨਾਂ ਕਿੱਥੇ ਸਰਦੈ।

ਚਲੋ ਸਾਨੂੰ ਕਾਹਦਾ ਡਰ, ਮਾਮੇ ਜੋ ਹੋਏ। ਕਈ ਵਾਰੀ ਇਨ੍ਹਾਂ ਦੇ ਮੂੰਹੋਂ ਇਖ਼ਲਾਕੀ ਗੱਲਾਂ ਸੁਣ ਕੇ ਯਕੀਨ ਜਿਹਾ ਨਹੀਂ ਆਉਂਦਾ। ਖੁਸ਼ਵੰਤ ਸਿੰਘ ਦੀ ਇੱਕ ਮਹਿਲਾ ਪਾਤਰ ਨਾਲ ਸਕਾ ਮਾਮਾ ਕੁਕਰਮ ਕਰਦੈ। ਹੁਣ ਸੋਚੋ, ਜੇ ਕਲਯੁਗੀ ਮਾਮੇ ਏਦਾਂ ਕਰ ਸਕਦੇ ਨੇ ਤਾਂ ਪੁਲੀਸ ਵਾਲੇ ਤਾਂ ਹੁੰਦੇ ਹੀ ਨਕਲੀ ਮਾਮੇ ਨੇ। ਸਿਆਣੇ ਆਖਦੇ ਨੇ, ਪੁਲੀਸ ਨਾਲ ਦੋਸਤੀ ਵੀ ਮਾੜੀ ਤੇ ਦੁਸ਼ਮਣੀ ਵੀ। ਕਾਂਗਰਸੀ ਪਰਗਟ ਸਿਓ ਹਰ ਵੇਲੇ ਵਿਲਕਦਾ ਰਹਿੰਦੈ, 'ਭਾਈ ਪੁਲੀਸ ਸਟੇਟ ਨਾ ਬਣਾਓ ਪੰਜਾਬ ਨੂੰ।' ਜੇ ਕਿਤੇ ਪਰਗਟ ਸਿੰਘ ਟਰਾਂਸਪੋਰਟ ਮੰਤਰੀ ਰਿਹਾ ਹੁੰਦਾ ਤਾਂ ਬਾਡੀਆਂ ਦੇ ਖੜਕਣ ਦੇ ਮਾਅਨੇ ਪਤਾ ਲੱਗ ਜਾਣੇ ਸੀ।

ਧਰਤੀ 'ਤੇ ਦੂਜਾ ਰੱਬ ਹੁੰਦੀ ਹੈ ਪੁਲੀਸ। ਰੱਬ ਤੋਂ ਜ਼ਰਾ ਤਾਂ ਖ਼ੌਫ਼ ਖਾਓ। ਮੁਜਰਮ ਨਾ ਲੱਭੇ ਤਾਂ ਕਈ ਵਾਰੀ ਮੁੱਦਈ ਦੇ ਵੀ ਛਿੱਤਰ ਪੋਲਾ ਕਰ ਦਿੰਦੀ ਐ। ਬਾਬੂ ਸਿੰਘ ਮਾਨ ਲਿਖਦੇ ਨੇ, 'ਓਹ ਕਹਿੰਦਾ ਮੈਂ ਕਾਕਾ ਦੇਹਰਾਦੂਨ ਪੜਾਉਣਾ ਹੈ, ਜਦ ਇਹ ਵੱਡਾ ਹੋ ਗਿਆ ਥਾਣੇਦਾਰ ਬਣਾਉਣਾ ਹੈ।'

## ਮਿੰਨੀ ਕਹਾਣੀ

# ਨੀਤੀ

ਪ੍ਰੋ. ਨਵ ਸੰਗੀਤ ਸਿੰਘ



ਚੰਡੀਗੜ੍ਹੋਂ ਛਪਦੇ ਇੱਕ ਅਖ਼ਬਾਰ ਦੀ ਨਵੀਂ ਬਣੀ ਸੰਪਾਦਕਾ ਨੇ ਲੇਖਕ ਨੂੰ ਫੋਨ ਕਰਕੇ ਸੂਚਿਤ ਕੀਤਾ, "ਤੁਹਾਡੀ ਰਚਨਾ ਮਿਲ ਗਈ ਹੈ, ਚੰਗੀ ਹੈ। ਅਸੀਂ ਛਾਪਣੀ ਚਾਹੁੰਦੇ ਹਾਂ। ਪਰ ਤੁਸੀਂ ਇਹ ਰਚਨਾ ਕਿਸੇ ਹੋਰ ਅਖ਼ਬਾਰ ਵਿੱਚ ਛਾਪਣ ਲਈ ਨਾ ਭੇਜਣਾ। ਇਹ ਸਾਡੇ ਅਖ਼ਬਾਰ ਦੀ ਨੀਤੀ ਹੈ ਕਿ ਅਸੀਂ ਕਿਸੇ ਹੋਰ ਥਾਂ ਛਪੀ ਰਚਨਾ ਨੂੰ ਆਪਣੇ ਅਖ਼ਬਾਰ ਵਿੱਚ ਨਹੀਂ ਛਾਪਦੇ।" ਲੇਖਕ ਨੇ ਸਹਿਮਤੀ ਤਾਂ ਦੇ ਦਿੱਤੀ ਪਰ ਨਾਲ ਹੀ ਪੁੱਛ ਲਿਆ, "ਕਦੋਂ ਤੱਕ ਛਾਪੋਗੇ?" "ਸਮਾਂ ਲੱਗੇਗਾ", ਕਹਿ ਕੇ ਸੰਪਾਦਕਾ ਨੇ ਫੋਨ ਕੱਟਣਾ ਚਾਹਿਆ ਪਰ ਲੇਖਕ ਨੇ ਫੇਰ ਪੁੱਛਿਆ, "ਕੀ ਤੁਹਾਡੀ ਨੀਤੀ ਸਾਰੇ ਲੇਖਕਾਂ ਲਈ ਇੱਕੋ ਜਿਹੀ ਹੈ?" "ਹਾਂ, ਬਿਲਕੁਲ!" ਤਾਂ ਲੇਖਕ ਨੇ ਕੁਝ ਅਜਿਹੇ ਨਾਂ ਗਿਣਵਾਏ, ਜਿਨ੍ਹਾਂ ਦੀਆਂ ਉਹੀ ਰਚਨਾਵਾਂ ਹੋਰ ਅਖ਼ਬਾਰਾਂ ਵਿੱਚ ਛਪਣ ਦੇ ਨਾਲ ਨਾਲ ਇਸ ਅਖ਼ਬਾਰ ਵਿੱਚ ਵੀ ਛਪੀਆਂ ਸਨ। ਸੰਪਾਦਕਾ ਨੇ ਜਵਾਬ ਦਿੱਤਾ, "ਉਹ ਤਾਂ ਸਨਮਾਨਿਤ ਲੇਖਕ ਹਨ, ਉਨ੍ਹਾਂ ਦੀ ਗੱਲ ਹੋਰ ਹੈ...।" ਲੇਖਕ ਦਾ ਜਵਾਬ ਸੀ, "ਮੇਰੀਆਂ ਲਿਖਤਾਂ ਵੀ ਕਿਸੇ ਇੱਕ ਅਖ਼ਬਾਰ ਲਈ ਨਹੀਂ ਹੁੰਦੀਆਂ। ਜ਼ਰੂਰੀ ਨਹੀਂ ਕਿ ਸਾਰੇ ਪਾਠਕ ਤੁਹਾਡਾ ਅਖ਼ਬਾਰ ਹੀ ਪੜ੍ਹਦੇ ਹੋਣ! ਜੇ ਹੋਰ ਅਖ਼ਬਾਰਾਂ ਵਿੱਚ ਛਪਣ ਦੇ ਨਾਲ ਨਾਲ ਆਪਣੇ ਅਖ਼ਬਾਰ ਵਿੱਚ ਵੀ ਮੇਰੀ ਰਚਨਾ ਛਾਪ ਸਕਦੇ ਹੋ ਤਾਂ ਠੀਕ ਹੈ, ਨਹੀਂ ਤਾਂ ਮੇਰੀ ਵੀ ਆਪਣੀ ਨੀਤੀ ਹੈ...।" ਇਹ ਕਹਿ ਕੇ ਸੰਪਾਦਕਾ ਦਾ ਜਵਾਬ ਸੁਣਨ ਤੋਂ ਪਹਿਲਾਂ ਹੀ ਲੇਖਕ ਨੇ ਫੋਨ ਕੱਟ ਦਿੱਤਾ।




# ਸਰਬਨ ਰੋਗਾਂ ਦਾ ਮਾਹਰ - ਡਾਕਦਾਰ ਮੁਣਸ਼ਾ ਸਿੰਘ

## ਮੇਰੇ ਆਪਣੇ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਪੰਜਾਬ, ਪਿੰਡਾਂ ਵਿਚ ਵੱਸਦਾ ਤੇ ਪਿੰਡਾਂ ਵਿਚ ਰੱਬ ਵੱਸਦਾ ਕਿਉਂਕਿ ਪਿੰਡਾਂ ਵਿਚ ਹੀ ਵੱਸਦੇ ਸਨ ਰੱਬ ਵਰਗੇ ਫਰਿਸ਼ਤਾ ਲੋਕ। ਪਿੰਡ ਦੇ ਸਮਾਜਿਕ ਰੰਗਾਂ ਦੀ ਖੂਬਸੂਰਤੀ ਵਿਚ ਵੱਖ-ਵੱਖ ਕਿੱਤਿਆਂ, ਜਾਤਾਂ ਤੇ ਧਰਮਾਂ ਦੇ ਲੋਕਾਂ ਦਾ ਆਪਸੀ ਸਹਿਚਾਰ, ਭਾਈਚਾਰਕ ਸਾਂਝ, ਇਕ ਦੂਜੇ ਦੇ ਕੰਮ ਆਉਣ ਦਾ ਜਜ਼ਬਾ, ਲੋੜਾਂ ਤੇ ਥੋੜ੍ਹਾਂ ਨੂੰ ਸਮਝਣ ਅਤੇ ਪੂਰਾ ਕਰਨ ਦੀ ਤਤਪਰਤਾ ਆਦਿ ਸਭ ਸ਼ਾਮਲ ਹੁੰਦਾ ਸੀ। ਪੇਂਡੂਆਂ ਦੇ ਮਨਾਂ ਦੀ ਪਾਕੀਜ਼ਗੀ ਤੇ ਸਾਦਗੀ ਦੀ ਸੰਗਤ ਵਿਚ ਮੌਲਦੀਆਂ ਨਸਲਾਂ ਨੇ ਆਪਣੇ ਪੁਰਖਿਆਂ ਦੀਆਂ ਸੁਮੱਤਾਂ ਅਤੇ ਸਮਝੌਤਿਆਂ ਵਿਚੋਂ ਆਪਣੀ ਸੁਪਨਸਾਜ਼ੀ ਨੂੰ ਪ੍ਰਵਾਜ਼ ਦਿੱਤੀ। ਕੁਝ ਲੋਕ ਆਮ ਹੁੰਦਿਆਂ ਵੀ ਖਾਸਮ-ਖਾਸ ਹੋਏ ਮੇਰੇ ਚੇਤਿਆਂ ਵਿਚ ਵੱਸਦੇ ਨੇ ਜਿਨ੍ਹਾਂ ਦਾ ਸ਼ਾਬਦਿਕ ਚਿੱਤਰ ਪੰਜਾਬੀ ਪਿਆਰਿਆਂ ਲਈ ਹਾਜ਼ਰ ਹੈ। ਸ਼ਾਇਦ ਇਹ ਲੋਕ ਸਾਡੇ ਸਾਰਿਆਂ ਦੇ ਹੀ ਚੇਤਿਆਂ ਵਿਚ ਵੱਸਦੇ ਹਨ ਕਿਉਂਕਿ ਇਹ ਸਾਡੇ ਆਪਣੇ ਲੋਕ ਸਨ। ਤੁਸੀਂ ਇਨ੍ਹਾਂ ਰਾਹੀਂ ਆਪਣੇ ਵਿਰਸੇ ਨੂੰ ਜ਼ਰੂਰ ਯਾਦ ਕਰਨਾ। ਇਹੀ ਉਨ੍ਹਾਂ ਨੂੰ ਸਭ ਤੋਂ ਵੱਡੀ ਅਕੀਦਤ ਹੋਵੇਗੀ।*



ਡਾਕਦਾਰ ਮੁਣਸ਼ਾ ਸਿੰਘ ਸਾਰੇ ਪਿੰਡ ਦਾ ਪਰਿਵਾਰਕ ਡਾਕਟਰ। ਹਰ ਬਿਮਾਰੀ ਦਾ ਸ਼ਰਤੀਆ ਇਲਾਜ। ਹਰ ਵੇਲੇ ਹਾਜ਼ਰ-ਨਾਜ਼ਰ। ਕਿਸੇ ਵੀ ਵਕਤ ਕੋਈ ਜਵਾਕ, ਬਜ਼ੁਰਗ ਜਾਂ ਹੋਰ ਵਿਅਕਤੀ/ਔਰਤ ਉਸਦਾ ਬੂਹਾ ਖੜਕਾਉਂਦਾ ਤੇ ਉਚੀ ਘਬਰਾਈ ਅਵਾਜ਼ ਮਾਰਦਾ ਤਾਂ ਉਹ ਸਿਰ 'ਤੇ ਪਰਨਾ ਵਲ੍ਹੇਟ ਕੇ ਬਾਹਰ ਆ ਜਾਂਦਾ। ਆਏ ਹੋਏ ਦੀ ਗੱਲ ਸੁਣ ਕੇ ਆਪਣਾ ਦਵਾਈਆਂ ਵਾਲਾ ਝੋਲਾ ਚੁੱਕਦਾ ਅਤੇ ਉਸ ਨਾਲ ਤੁਰ ਪੈਂਦਾ। ਕਦੇ ਨਹੀਂ ਦੇਖਿਆ ਉਸਦੇ ਮੱਥੇ 'ਤੇ ਵੱਟ। ਤਾਂ ਹੀ ਹਰ ਵਿਅਕਤੀ ਲਈ ਉਹ ਆਪਣੇ ਘਰ ਦਾ ਡਾਕਟਰ ਸੀ। ਸਭ ਆਪਣੀ ਬਿਮਾਰੀ ਨੂੰ ਨਿਰਉਚਚ ਦੱਸਦੇ ਅਤੇ ਉਹ ਘਰ ਦੇ ਜੀਆਂ ਵਾਂਗ ਇਲਾਜ ਕਰਦਾ।

ਡਾਕਟਰ ਮੁਣਸ਼ਾ ਸਿੰਘ ਦਰਮਿਆਨੇ ਕੱਦ ਦਾ ਗੋਰਾ, ਸਰੀਰ ਦਾ ਕੁਝ ਭਾਰਾ। ਇਕ ਅੱਖ ਵਿਚ ਨੁਕਸ ਹੋਣ ਕਾਰਨ ਉਹ ਸਦਾ ਹੀ ਐਨਕ ਲਾਈ ਰੱਖਦਾ। ਉਸਦੀ ਵਿਰਲੀ-ਵਿਰਲੀ ਦਾਹੜੀ। ਮਾਇਆ ਵਾਲੀ ਨਾਭੀ ਜਾਂ ਨੀਲੀ ਪੱਗ ਉਹ ਵਾਰੀ-ਵਾਰੀ ਬੰਨ੍ਹਦਾ ਅਤੇ ਕਈ ਦਿਨਾਂ ਤੱਕ ਪੱਗ ਬਦਲਣ ਦੀ ਵੀ ਲੋੜ ਨਾ ਪੈਂਦੀ। ਬਹੁਤ ਹੀ ਮਿੱਠ-ਬੋਲੜਾ। ਹੌਲੀ-ਹੌਲੀ ਗੱਲਬਾਤਾਂ ਵਿਚ ਹੀ ਮਰੀਜ਼ ਦੀਆਂ ਅਲਾਮਤਾਂ ਨੂੰ ਸਮਝ ਕੇ ਦਵਾ ਤੇ ਦੁਆ ਨਾਲ ਸਰੀਰਕ ਅਤੇ ਮਾਨਸਿਕ ਇਲਾਜ ਕਰਦਾ।

ਹਾਈ ਸਕੂਲ ਨੂੰ ਜਾਂਦੀ ਗਲੀ ਵਿਚ ਉਸਦਾ ਦਵਾਖਾਨਾ ਸੀ ਜਿਸਦਾ ਦਰਵਾਜ਼ਾ ਗਲੀ ਵੱਲ ਖੁੱਲ੍ਹਦਾ ਜੋ ਕਦੇ ਵੀ ਬੰਦ ਨਹੀਂ ਸੀ ਹੁੰਦਾ ਭਾਵੇਂ ਡਾਕਟਰ ਦੁਕਾਨ ਹੁੰਦਾ ਜਾਂ ਅੰਦਰ ਆਪਣੇ ਘਰ ਵਿਚ ਹੁੰਦਾ। ਉਸਦੇ ਦਵਾਖਾਨੇ 'ਤੇ ਅਕਸਰ ਹੀ ਰੌਣਕ ਹੁੰਦੀ ਕਿਉਂਕਿ ਪਿੰਡ ਵਿਚ ਇਕ ਉਹ ਹੀ ਆਰਐਮਪੀ ਡਾਕਟਰ ਸੀ ਜੋ ਸਾਰੀਆਂ ਬਿਮਾਰੀਆਂ ਦਾ ਇਲਾਜ ਬਿਨਾਂ ਕਿਸੇ ਟੈਸਟ ਤੋਂ ਕਰਦਾ। ਇਕ ਪਾਸੇ ਸਟੋਵ 'ਤੇ ਗਰਮ ਪਾਣੀ ਵਿਚ ਟੀਕਾ ਲਾਉਣ ਵਾਲੀਆਂ ਸੂਈਆਂ ਹੁੰਦੀਆਂ ਜਿਨ੍ਹਾਂ ਨੂੰ ਉਹ ਸਵੇਰੇ/ਸ਼ਾਮ ਹੀ ਉਬਾਲਦਾ। ਡਿਸਪੋਜ਼ਲ ਟੀਕੇ ਲਾਉਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਸੀ। ਦਰਅਸਲ ਡਾਕਟਰ ਮੁਣਸ਼ਾ ਸਿੰਘ ਐਲੋਪੈਥਿਕ ਦਵਾਈਆਂ ਵੀ ਦਿੰਦਾ, ਦੇਸੀ ਟੋਟਕੇ ਵੀ ਸਮਝਾਉਂਦਾ ਅਤੇ ਜੇ ਕੋਈ ਔਰਤ ਕਹਿੰਦੀ ਕਿ ਲੱਗਦਾ ਹੈ ਕਿ ਮੇਰੇ ਬੱਚੇ ਨੂੰ ਕੋਈ ਕਸਰ ਹੋ ਗਈ ਲੱਗਦੀ ਹੈ ਤਾਂ ਉਸਦੀ ਤਸੱਲੀ ਲਈ ਦਵਾਈ ਦੇ ਨਾਲ-ਨਾਲ ਅੱਖਾਂ ਮੀਚ ਕੇ, ਮੂੰਹ ਵਿਚ ਕੁਝ ਬੋਲਦਾ, ਫੂਕਾਂ ਵੀ ਮਾਰਦਾ ਜਿਵੇਂ ਕੋਈ ਬਾਬਾ ਤੰਤਰ-ਮੰਤਰ ਪੜ੍ਹ ਰਿਹਾ ਹੋਵੇ। ਅਸਲ ਵਿਚ ਉਹ ਪਿੰਡਾਂ ਦੇ ਭੋਲੇ-ਭਾਲੇ ਲੋਕਾਂ ਦੀ ਮਾਨਸਿਕਤਾ ਨੂੰ ਬਾਖੂਬੀ ਸਮਝਦਾ ਸੀ। ਉਸਨੂੰ ਪਤਾ ਸੀ ਕਿ ਕਿਸੇ ਬਿਮਾਰੀ ਦੇ ਇਲਾਜ ਲਈ ਮਨ ਦੀ ਤਕੜਾਈ, ਵਿਸ਼ਵਾਸ ਅਤੇ ਕਿਸੇ 'ਤੇ ਭਰੋਸਾ ਬਹੁਤ ਹੀ ਲਾਜ਼ਮੀ ਹੁੰਦਾ। ਜੇ ਕਿਸੇ ਨੂੰ ਖੰਘ ਹੋਵੇ, ਬੁਖਾਰ ਹੋਵੇ ਜਾਂ ਕੋਈ ਨਿੱਕੀ-ਮੋਟੀ ਅਲਾਮਤ ਹੁੰਦੀ ਉਹ ਲਾਲ ਦਵਾਈ ਪਿਆ ਕੇ ਤੇ ਕੁਝ ਹਦਾਇਤਾਂ ਦੇ ਕੇ ਘਰ ਨੂੰ ਤੋਰ ਦਿੰਦਾ। ਬਿਮਾਰ ਠੀਕ ਹੋ ਜਾਂਦਾ ਅਤੇ ਡਾਕਟਰ ਮੁਣਸ਼ਾ ਸਿੰਘ ਦੀ ਬੱਲੇ-ਬੱਲੇ ਹੋ ਜਾਂਦੀ

ਸੱਭ ਤੋਂ ਵੱਡੀ ਗੱਲ ਸੀ ਕਿ ਡਾਕਟਰ ਮੁਣਸ਼ਾ ਸਿੰਘ ਦੇ ਦਵਾਖਾਨੇ 'ਤੇ ਹੁਧਾਰ ਵੀ ਚੱਲਦਾ ਅਤੇ ਹਾੜ੍ਹੀ-ਸੌਣੀ ਉਸਦਾ ਹਿਸਾਬ ਚੁੱਕਤਾ ਕੀਤਾ ਜਾਂਦਾ। ਉਹ ਬਿਲਕੁਲ ਵੀ ਲਾਲਚੀ ਨਹੀਂ ਸੀ। ਉਹ ਪਿੰਡ ਦੇ ਹਰ ਵਿਅਕਤੀ ਦੀ ਮਾਲੀ ਹਾਲਤ ਨੂੰ ਭਲੀ ਭਾਂਤ ਸਮਝਦਾ ਸੀ। ਉਹ ਹਰ ਵਿਅਕਤੀ ਨੂੰ ਆਪਣਾ ਸਕਾ-ਸਬੰਧੀ ਸਮਝਦਾ ਅਤੇ ਹਰ ਘਰ ਉਸਦੀ ਨੇੜਤਾ ਦਾ ਰਿਣੀ ਸੀ।

ਪਿੰਡਾਂ ਵਿਚ ਅਕਸਰ ਉਨ੍ਹਾਂ ਸਮਿਆਂ ਵਿਚ ਜ਼ਿਆਦਾ ਓਹੜ-ਪੋਹੜ ਤਾਂ ਸਾਡੀਆਂ ਮਾਵਾਂ ਅਤੇ ਦਾਦੀਆਂ ਹੀ ਕਰਦੀਆਂ ਸਨ। ਤੰਦਰੁਸਤੀ ਲਈ ਜ਼ਿਆਦਾਤਰ ਨਿਆਮਤਾਂ ਆਪਣੇ ਖੇਤਾਂ ਵਿਚ ਉਗਾਈਆਂ ਜਾਦੀਆਂ ਸਨ ਭਾਵੇਂ ਇਹ ਸੌਂਫ, ਅਜਵੈਣ, ਤਿੱਲ, ਅਲਸੀ, ਹਲਦੀ, ਸਰ੍ਹੋਂ ਆਦਿ ਜੋ ਕਈ ਬਿਮਾਰੀਆਂ ਦੇ ਇਲਾਜ ਲਈ ਲੋੜੀਂਦੀਆਂ ਸਨ। ਯਾਦ ਹੈ ਕਿ ਕਦੇ ਪੱਠੇ ਵੱਢਦਿਆਂ ਉਂਗਲ ਦਾਤਰੀ ਨਾਲ ਵੱਢੀ ਜਾਣੀ ਤਾਂ ਪੱਠਿਆਂ ਵਾਲੀ ਪੱਲੀ ਜਾਂ ਸਿਰ 'ਤੇ ਵਲ੍ਹੇਟੀ ਪੁਰਾਣੀ ਪੱਗ ਜਾਂ ਪਰਨੇ ਤੋਂ ਲੀਰ ਪਾੜਨੀ। ਜ਼ਖ਼ਮ 'ਤੇ ਪੇਸ਼ਾਬ ਕਰਨਾ ਜੋ ਬਹੁਤ ਵਧੀਆ ਐਂਟੀ ਸੈਪਟਿਕ ਹੁੰਦਾ। ਜ਼ਖ਼ਮ ਨੇ ਸਾਫ਼ ਹੋ ਜਾਣਾ, ਘੁੱਟ ਕੇ ਲੀਰ ਬੰਨ੍ਹ ਲੈਣੀ। ਫਿਰ ਪੱਠੇ ਵੱਢਣੇ ਤੇ ਪੱਠਿਆਂ ਦੀ ਭਰੀ ਹਵੇਲੀ ਵਿਚ ਸੁੱਟ ਕੇ ਬਾਅਦ ਵਿਚ ਮਾਵਾਂ ਨੂੰ ਦੱਸਣਾ। ਉਨ੍ਹਾਂ ਨੇ ਸਰ੍ਹੋਂ ਦੇ ਤੇਲ ਵਿਚ ਹਲਦੀ ਨੂੰ ਗਰਮ ਕਰਨਾ ਅਤੇ ਜਖ਼ਮ 'ਤੇ ਰੱਖ ਕੇ ਪੁਰਾਣੇ ਕਪੜੇ ਦੀ ਪੱਟੀ ਜਹੀ ਕਰ ਦੇਣੀ। ਦੋ-ਤਿੰਨ ਦਿਨਾਂ ਵਿਚ ਜ਼ਖਮ ਠੀਕ ਹੋ ਜਾਂਦਾ। ਕੌਣ ਡਾਕਟਰ ਕੋਲੋਂ ਟੀਕੇ ਲਵਾਉਂਦਾ ਜਾਂ ਪੱਟੀਆਂ ਕਰਵਾਉਂਦਾ ਸੀ? ਬਹੁਤ ਜ਼ਿਆਦਾ ਗ਼ਹਿਰਾ ਜ਼ਖ਼ਮ ਹੋਣ 'ਤੇ ਡਾਕਟਰ ਮੁਣਸ਼ਾ ਸਿੰਘ ਦੀ ਲੋੜ ਪੈਂਦੀ ਸੀ। ਮੈਨੂੰ ਯਾਦ ਹੈ ਕਿ 'ਕੇਰਾਂ ਹੱ.ਲ ਤੇ ਫਾ.ਲਾ ਫਿੱਟ ਕਰਦਿਆਂ ਮੇਰੇ ਬਾਪ ਦੇ ਹੱਥੋਂ ਫਾ.ਲਾ ਛੁੱਟ ਗਿਆ ਅਤੇ ਉਨ੍ਹਾਂ ਦੀ ਸੱਜੀ ਲੱਤ ਦੀ ਪਿੰਨੀ 'ਤੇ ਵੱਜ ਕੇ ਵੱਡਾ ਜ਼ਖ਼ਮ ਕਰ ਦਿਤਾ। ਜ਼ਖ਼ਮ 'ਤੇ ਸਾਫ਼ਾ ਵੀ ਲਪੇਟ ਦਿੱਤਾ ਪਰ ਜ਼ਖ਼ਮ ਡੂੰਘਾ ਤੇ ਵੱਡਾ ਹੋਣ ਕਾਰਨ ਲਹੂ ਬੰਦ ਨਹੀਂ ਸੀ ਹੋ ਰਿਹਾ। ਮੈਂ ਉਨ੍ਹਾਂ ਨੂੰ ਸਾਈਕਲ ਦੀ ਪਿਛਲੀ ਕਾਠੀ 'ਤੇ ਬਿਠਾ ਕੇ ਡਾਕਟਰ ਮੁਣਸ਼ਾ ਸਿੰਘ ਹੁਰਾਂ ਕੋਲ ਉਨ੍ਹਾਂ ਦੀ ਦੁਕਾਨ 'ਤੇ ਲੈ ਗਿਆ। ਉਨ੍ਹਾਂ ਨੇ ਸਾਫ਼ਾ ਖੋਲ੍ਹ ਕੇ ਦੇਖਿਆ ਤਾਂ ਜ਼ਖ਼ਮ ਦੇਖ ਕੇ ਕਹਿਣ ਲੱਗੇ ਕਿ ਜ਼ਖ਼ਮ ਬਹੁਤ ਵੱਡਾ ਹੈ। ਪੱਟੀ ਨਹੀਂ ਸਗੋਂ ਇਸ 'ਤੇ ਟਾਂਕੇ ਲਾਉਣੇ ਪੈਣਗੇ। ਮੇਰੇ ਬਾਪ ਨੂੰ ਕਹਿਣ ਲੱਗੇ ਕਿ ਪਹਿਲਾਂ ਟੀਕਾ ਲਾ ਦਿੰਦਾਂ ਤਾਂ ਕਿ ਟਾਂਕੇ ਲਾਉਣ ਵੇਲੇ ਦਰਦ ਨਾ ਹੋਵੇ। ਪਿਤਾ ਜੀ ਕਹਿਣ ਲੱਗੇ ਕਿ ਤੂੰ ਟੀਕਾ ਨਾ ਲਾ, ਸਗੋਂ ਇਸ ਤਰ੍ਹਾਂ ਟਾਂਕੇ ਲਾ ਦੇ। ਮੈਂ ਇਸ ਪੀੜ ਨੂੰ ਜ਼ਰ ਲਵਾਂਗਾ। ਡਾਕਟਰ ਨੇ ਸਟੋਵ ਨੂੰ ਚਲਾ ਕੇ ਪਾਣੀ ਗਰਮ ਕੀਤਾ। ਸੂਈ ਸਾਫ਼ ਕੀਤੀ। ਮੈਂ ਦੇਖਦਾ ਹੀ ਰਹਿ ਗਿਆ ਜਦ ਮੇਰੇ ਬਾਪ ਨੇ ਕਸੀਸ ਵੱਟ ਕੇ ਟਾਂਕੇ ਲਗਵਾ ਲਏ ਅਤੇ ਫਿਰ ਪੱਟੀ ਕਰਕੇ ਸਾਨੂੰ ਘਰ ਤੋਰ ਦਿਤਾ। ਜਦ ਪੈਸਿਆਂ ਬਾਰੇ ਪੁੱਛਿਆ ਤਾਂ ਕਹਿਣ ਲੱਗਾ ਮੈਨੂੰ ਪਤਾ ਤੁਸੀਂ ਹਵੇਲੀ ਤੋਂ ਸਿੱਧੇ ਹੀ ਆਏ ਹੋ। ਪੈਸੇ ਆ ਜਾਣਗੇ। ਪੱਟੀ ਹਰ ਰੋਜ਼ ਕਰਵਾ ਲੈਣੀ। ਉਹ ਖਾਣ ਲਈ ਗੋਲੀਆਂ ਦੇਣ ਲੱਗੇ ਤਾਂ ਮੇਰਾ ਬਾਪ ਕਹਿੰਦਾ ਗੋਲੀਆਂ ਦੀ ਲੋੜ ਨਹੀਂ। ਸ਼ਾਇਦ ਇਕ ਜਾਂ ਦੋ ਪੱਟੀਆਂ ਕਰਵਾਈਆਂ ਹੋਣਗੀਆਂ, ਜ਼ਖ਼ਮ ਬਹੁਤ ਜਲਦੀ ਠੀਕ ਹੋ ਗਿਆ। ਸੱਚੀ ਗੱਲ ਹੈ ਕਿ ਉਨ੍ਹਾਂ ਸਮਿਆਂ ਵਿਚ ਪਿੰਡਾਂ ਵਾਲਿਆਂ ਦੀ ਖੁਰਾਕ, ਜੀਵਨ ਜਾਚ, ਸਰੀਰਕ ਵਰਜਿਸ਼ ਅਤੇ ਜ਼ਿੰਦਗੀ ਪ੍ਰਤੀ ਨਜ਼ਰੀਆ ਬਹੁਤ ਹੀ ਉਸਾਰੂ ਹੁੰਦਾ ਸੀ। ਵੈਸੇ ਤਾਂ ਉਹ ਬਿਮਾਰ ਹੀ ਨਹੀਂ ਸੀ ਹੁੰਦੇ। ਜੇ ਕੋਈ ਬਿਮਾਰ-ਸ਼ੀਮਾਰ ਹੋ ਵੀ ਜਾਣ ਤਾਂ ਘੱਟ ਹੀ ਪ੍ਰਵਾਹ ਕਰਦੇ ਅਤੇ ਬਿਮਾਰੀ ਖ਼ੁਦ ਹੀ ਉਨ੍ਹਾਂ ਦਾ ਪਿੱਛਾ ਛੱਡ ਦਿੰਦੀ। ਉਹ ਨਿੱਕੀਆਂ- ਮੋਟੀਆਂ ਦਰਦਾਂ, ਪੀੜ ਜਾਂ ਦੁੱਖ ਦੀ ਤਾਂ ਉਕਾ ਹੀ ਪ੍ਰਵਾਹ ਨਹੀਂ ਸਨ ਕਰਦੇ। ਕਿਸੇ ਦੀ ਬਾਂਹ ਜਾਂ ਲੱਤ ਟੁੱਟ ਜਾਣੀ ਤਾਂ ਦੇਸੀ ਤਰੀਕੇ ਨਾਲ ਬੰਨ੍ਹਵਾ ਲੈਂਦੇ ਅਤੇ ਠੀਕ ਹੋ ਜਾਂਦਾ। ਕਈ ਵਾਰ ਬਾਂਹ ਜਾਂ ਲੱਤ ਵਿੰਗੀ ਹੀ ਰਹਿ ਜਾਂਦੀ। ਪਲੱਸਤਰ ਲਗਵਾਉਣ ਜਾਂ ਐਕਸਰੇ ਕਰਵਾਉਣ ਦਾ ਕਿਸਨੂੰ ਇਲਮ ਸੀ?

ਡਾਕਟਰ ਮੁਣਸ਼ਾ ਸਿੰਘ ਕਈ ਵਾਰ ਦੇਸੀ ਟੋਟਕੇ ਵੀ ਦੱਸ ਦਿੰਦਾ ਕਿ ਤੁਸੀਂ ਦਵਾਈ ਦੇ ਨਾਲ-ਨਾਲ ਇਹ ਖਾ ਲੈਣਾ ਜਾਂ ਇੰਝ ਕਰ ਲੈਣਾ ਤਾਂ ਤੁਸੀਂ ਜਲਦੀ ਠੀਕ ਹੋ ਜਾਵੋਗੇ। ਉਹ ਇੰਨਾ ਭਲਾ ਪੁਰਸ਼ ਅਤੇ ਉਚੇ ਆਚਰਣ ਵਾਲਾ ਸੀ ਕਿ ਪਿੰਡ ਦੀ ਹਰ ਔਰਤ ਖੁਲ੍ਹ ਕੇ ਔਰਤ ਵਾਲੀਆਂ ਬਿਮਾਰੀਆਂ ਦੱਸਣ ਵਿਚ ਸੰਗ ਨਹੀਂ ਸੀ ਕਰਦੀ। ਉਹ ਡਾਕਟਰ ਮੁਣਸ਼ਾ ਸਿੰਘ ਕੋਲੋਂ ਟੀਕਾ ਲਗਵਾਉਣ ਜਾਂ ਇਲਾਜ ਕਰਵਾਉਣ ਵਿਚ ਕਦੇ ਵੀ ਸ਼ਰਮ ਮਹਿਸੂਸ ਨਹੀਂ ਸੀ ਕਰਦੀਆਂ। ਡਾ. ਮੁਣਸ਼ਾ ਸਿੰਘ ਨੂੰ ਪਿੰਡ ਦੀ ਹਰ ਪੱਤੀ ਦੇ ਘਰ ਬਾਰੇ ਜਾਣਕਾਰੀ ਹੁੰਦੀ। ਜਦ ਕਿਸੇ ਘਰ ਵਿਚ ਕੋਈ ਅਚਨਚੇਤੀ ਬਿਮਾਰ ਜਾਂ ਕਿਸੇ ਨੂੰ ਤਕਲੀਫ਼ ਹੁੰਦੀ ਜਾਂ ਕੋਈ ਬਿਮਾਰ ਬਜ਼ੁਰਗ ਜੋ ਖੁਦ ਡਾਕਟਰ ਦੀ ਦੁਕਾਨ 'ਤੇ ਜਾ ਨਾ ਸਕਦਾ ਤਾਂ ਘਰ ਦਾ ਕੋਈ ਨਿਆਣਾ ਦੌੜ ਕੇ ਡਾਕਟਰ ਨੂੰ ਸੱਦ ਲਿਆਉਂਦਾ। ਉਹ ਦਵਾਈ ਲੈਣ ਆਏ ਮਰੀਜ਼ਾਂ ਨੂੰ ਕਹਿੰਦਾ ਕਿ ਜ਼ਰਾ ਬੈਠਿਓ! ਮੈਂ ਹੁਣੇ ਆਇਆ। ਕਮਾਲ ਦੀ ਗੱਲ ਹੁੰਦੀ ਕਿ ਮਰੀਜ਼ਾਂ ਵਿਚ ਇੰਨੀ ਸਹਿਣਸ਼ੀਲਤਾ ਅਤੇ ਡਾਕਟਰ ਪ੍ਰਤੀ ਸਤਿਕਾਰ ਹੁੰਦਾ ਕਿ ਉਹ ਡਾਕਟਰ ਮੁਣਸ਼ਾ ਸਿੰਘ ਦੀ ਘੰਟਾ-ਦੋ ਘੰਟੇ ਤੀਕ ਵੀ ਉਡੀਕ ਕਰਦੇ ਜਦ ਤੀਕ ਉਹ ਆ ਨਾ ਜਾਂਦਾ। ਹਰ ਇਕ ਨੂੰ ਭੁਗਤਾਉਂਦਾ ਭਾਵੇਂ ਕਿ ਉਸਦਾ ਰੋਟੀ ਖਾਣ ਦਾ ਸਮਾਂ ਵੀ ਟੱਪ ਜਾਂਦਾ। ਉਸ ਲਈ ਆਪਣਾ ਸੁੱਖ-ਅਰਾਮ ਬਾਅਦ ਵਿਚ ਹੁੰਦਾ ਤੇ ਪਹਿਲਾਂ ਮਰੀਜ਼ਾਂ ਦੀ ਤਾਮੀਰਦਾਰੀ ਹੁੰਦੀ।

ਡਾਕਟਰ ਮੁਣਸ਼ਾ ਸਿੰਘ ਦੀ ਇਕ ਹੋਰ ਵੀ ਖਾਸੀਅਤ ਸੀ ਕਿ ਜਦ ਉਸਨੂੰ ਲੱਗਦਾ ਕਿ ਕੋਈ ਬਿਮਾਰੀ ਠੀਕ ਨਹੀਂ ਹੋ ਰਹੀ ਅਤੇ ਇਸਦਾ ਇਲਾਜ ਉਸਦੇ ਵੱਸ ਨਹੀਂ ਤਾਂ ਉਹ ਮਰੀਜ਼ ਨੂੰ ਕਹਿ ਦਿੰਦਾ ਕਿ ਤੁਸੀਂ ਕਪੂਰਥਲੇ ਸਰਕਾਰੀ ਹਾਸਪਤਾਲ ਵਿਚ ਜਾ ਕੇ ਇਸਦਾ ਇਲਾਜ ਕਰਵਾਓ। ਅਜੋਕੇ ਡਾਕਟਰਾਂ ਵਾਂਗ ਉਹ ਮਰੀਜ਼ ਭੇਜਣ ਦਾ ਕਮਿਸ਼ਨ ਲੈਣ ਬਾਰੇ ਤਾਂ ਸੋਚ ਵੀ ਨਹੀਂ ਸੀ ਸਕਦਾ। ਦਰਅਸਲ ਸਹੀ ਅਰਥਾਂ ਵਿਚ ਉਹ ਰੱਬ ਦਾ ਰੂਪ ਸੀ ਅਤੇ ਉਸਦੀ ਦਵਾ ਅਤੇ ਦੁਆ ਦੋਵੇਂ ਹੀ ਕਾਰਗਰ ਸਾਬਤ ਹੁੰਦੀਆਂ ਸਨ। ਮੇਰੀ ਬੀਬੀ ਦੱਸਦੀ ਸੀ ਕਿ ਤੂੰ ਛੋਟਾ ਹੁੰਦਿਆਂ ਬਹੁਤ ਬਿਮਾਰ ਹੋ ਗਿਆ ਅਤੇ ਡਾਕਟਰ ਮੁਣਸ਼ਾ ਸਿੰਘ ਦੀ ਕੋਈ ਵੀ ਦਵਾਈ ਕਾਰਗਾਰ ਨਹੀਂ ਸੀ ਹੋ ਰਹੀ। ਤਦ ਉਸਨੇ ਕਿਹਾ ਕਿ ਤੁਸੀਂ ਇਸਨੂੰ ਫਗਵਾੜੇ ਨੀਲੀ ਦੁਕਾਨ ਵਾਲੇ ਡਾਕਟਰ ਕੋਲ ਲੈ ਜਾਵੋ। ਮੇਰੀ ਬੀਬੀ ਢਿਲਵਾਂ ਤੋਂ ਗੱਡੀ ਫੜ ਕੇ ਫਗਵਾੜੇ ਗਈ। ਉਥੇ ਮੇਰੇ ਪਿੰਡ ਦਾ ਸ਼ਰੀਕੇ 'ਚੋਂ ਤਾਇਆ ਜੀਤ ਸਿੰਘ ਸਿਪਾਹੀ ਲੱਗਾ ਹੋਇਆ ਸੀ। ਉਹ ਡਾਕਟਰ ਕੋਲ ਲੈ ਕੇ ਗਿਆ ਅਤੇ ਆਖਰ ਨੂੰ ਫਗਵਾੜੇ ਵਾਲੀ ਦਵਾਈ ਨਾਲ ਮੈਂ ਠੀਕ ਹੋਇਆ ਸਾਂ।

ਅਜੋਕੇ ਮਲਟੀ-ਸਪੈਸ਼ਲਿਟੀ ਹਸਪਤਾਲਾਂ ਦੀਆਂ ਵੱਡੀਆਂ ਫੀਸਾਂ ਅਤੇ ਲੱਖਾਂ ਦੇ ਇਲਾਜ ਨਾਲੋਂ ਡਾਕਟਰ ਮੁਣਸ਼ਾ ਸਿੰਘ ਦਾ ਇਲਾਜ ਬਹੁਤ ਸਸਤਾ ਅਤੇ ਸਹੀ ਸੀ। ਉਸਦੇ ਮਨ ਵਿਚ ਮਰੀਜ਼ਾਂ ਲਈ ਹਮਦਰਦੀ ਸੀ। ਉਹ ਸੱਚੇ ਦਿਲੋਂ ਆਪਣੇ ਮਰੀਜ਼ਾਂ ਦੀ ਤੰਦਰੁਸਤੀ ਲਈ ਦਵਾਈ ਦੇਣ ਲੱਗਿਆਂ ਸ਼ੁੱਭ ਭਾਵਨਾ ਨਾਲ ਅਰਦਾਸ ਵੀ ਕਰਦਾ। ਉਹ ਮਰੀਜ਼ਾਂ ਨੂੰ ਮਾਇਆ ਉਗਰਾਉਣ ਦਾ ਜ਼ਰੀਆ ਨਹੀਂ ਸੀ ਸਮਝਦਾ ਸਗੋਂ ਉਨ੍ਹਾਂ ਦਾ ਸੇਵਾ-ਭਾਵਨਾ ਨਾਲ ਇਲਾਜ ਕਰਦਿਆਂ ਉਨ੍ਹਾਂ ਦੀਆਂ ਦੁਆਵਾਂ ਕਮਾਉਂਦਾ ਸੀ। ਇਕ ਸੁਹਿਰਦ ਇਨਸਾਨ ਜਿਸਨੇ ਸ਼ਾਇਦ ਪੈਸੇ ਤਾਂ ਇੰਨੇ ਨਾ ਕਮਾਏ ਹੋਣ ਪਰ ਉਹ ਹਰ ਪਿੰਡ ਵਾਸੀ ਦੇ ਮਨ ਵਿਚ ਵੱਸਦਾ ਸੀ। ਉਹ ਕਿਸੇ ਦਾ ਚਾਚਾ, ਕਿਸੇ ਦਾ ਤਾਇਆ ਅਤੇ ਕਿਸੇ ਦਾ ਭਰਾ ਸੀ। ਇਸੇ ਅਪਣੱਤ ਅਤੇ ਮੋਹ ਦੀ ਕਮਾਈ ਕਾਰਨ ਉਸਦੇ ਚਿਹਰੇ 'ਤੇ ਹਮੇਸ਼ਾ ਸੰਤੁਸ਼ਟੀ ਅਤੇ ਸਕੂਨ ਝਲਕਦਾ ਸੀ। ਸ਼ਾਇਦ ਤਾਂ ਹੀ ਇੰਨੇ ਵਰ੍ਹਿਆਂ ਬਾਅਦ ਵੀ ਉਸਦੀ ਸ਼ਕਲ, ਸੂਰਤ ਵਰਤਾਰਾ ਅਤੇ ਆਪਣੇ ਕਿੱਤੇ ਪ੍ਰਤੀ ਨਜ਼ਰੀਆ ਹੁਣ ਵੀ ਮੇਰੇ ਚੇਤਿਆਂ ਵਿਚ ਤਾਜ਼ਾ ਹੈ।

ਡਾਕਟਰ ਮੁਣਸ਼ਾ ਸਿੰਘ ਜੇਹੀਆਂ ਰੱਬੀ ਰੂਹਾਂ ਦਾ ਵਾਸਾ ਜਿਥੇ ਲੋਕ ਮਨਾਂ ਵਿਚ ਹੁੰਦਾ ਉਥੇ ਉਸਦੀ ਰੂਹ ਵਿਚ ਵੱਸਿਆ ਸੁਖਨ ਉਸਦੀ ਜੀਵਨ ਯਾਤਰਾ ਨੂੰ ਵੀ ਸਫ਼ਲਾ ਕਰ ਗਿਆ।

ਡਾਕਦਾਰ ਸਾਹਿਬ ਤੁਸੀਂ ਧੰਨ ਸੀ ਅਤੇ ਧੰਨ ਸੀ ਤੁਹਾਡੀ ਕਮਾਈ।

---

# ਕਿਰਤੀ ਬੰਦਾ ਕਦੇ ਲਾਪ੍ਰਵਾਹ ਨਹੀਂ ਹੁੰਦਾ... !

ਸਾਲ 2011 ਦੀ ਗੱਲ ਹੈ। ਫ਼ਾਜ਼ਿਲਕਾ 'ਚ ਡਿਊਟੀ ਦੌਰਾਨ ਇੱਕ ਵਾਰ ਕਪੜਾ ਲੈਣ ਬਾਜ਼ਾਰ ਗਏ। ਮੇਰੇ ਨਾਲ ਮੇਰਾ ਇੱਕ ਹੋਰ ਮਿੱਤਰ ਵੀ ਸੀ ਜਿਹੜਾ ਕਿ ਫੌਜ 'ਚ ਮੇਰਾ ਸੀਨੀਅਰ ਸੀ। ਫ਼ਾਜ਼ਿਲਕਾ ਵਿਖੇ ਘੰਟਾ ਘਰ ਚੌਕ 'ਚ ਇੱਕ ਵੱਡੇ ਸਾਰੇ ਸ਼ੋਅਰੂਮ 'ਤੇ ਇਕ ਬਜ਼ੁਰਗ ਬਾਬਾ ਜੀ ਬੈਠੇ ਹੋਏ ਸਨ। ਉਸ ਸ਼ੋਅਰੂਮ ਤੇ ਗਾਹਕਾਂ ਦੀ ਕਾਫ਼ੀ ਭੀੜ ਲੱਗੀ ਹੋਈ ਸੀ। ਕਈ ਮੁੰਡੇ ਕੰਮ ਕਰ ਰਹੇ ਸਨ। ਕੁਲ ਮਿਲਾ ਕੇ ਬਾਬਾ ਜੀ ਦਾ ਵਾਹਵਾ ਚੰਗਾ ਕਾਰੋਬਾਰ ਜਾਪਦਾ ਸੀ। ਅਸੀਂ ਵੀ ਅੰਦਰ ਚਲੇ ਗਏ। ਗੇਟ 'ਤੇ ਬੈਠੇ ਮੁੰਡੇ ਨੇ ਦਰਵਾਜ਼ਾ ਖੋਲ੍ਹਿਆ ਤੇ 'ਜੀ ਆਇਆਂ ਨੂੰ' ਆਖ ਕੇ ਸਾਡਾ ਸਵਾਗਤ ਕੀਤਾ।



ਡਾ. ਨਿਸ਼ਾਨ ਸਿੰਘ ਰਾਠੌਰ
ਫੋਨ: 90414-98009

ਸ਼ੋਅਰੂਮ 'ਚ ਵੜਦਿਆਂ ਹੀ ਬਾਬਾ ਜੀ ਨੇ ਸਿਰ ਹਿਲਾ ਕੇ ਸਾਡਾ ਸਵਾਗਤ ਕੀਤਾ ਅਤੇ ਇੱਕ ਮੁੰਡੇ ਨੂੰ ਸਾਡੇ ਨਾਲ ਗੱਲਬਾਤ ਕਰਨ ਲਈ ਇਸ਼ਾਰਾ ਕੀਤਾ। ਇਸ਼ਾਰਾ ਮਿਲਦਿਆਂ ਹੀ ਦੁਕਾਨ 'ਤੇ ਕੰਮ ਕਰਦਾ ਇੱਕ ਮੁੰਡਾ ਸਾਡੇ ਨੇੜੇ ਆ ਗਿਆ ਅਤੇ ਬਹੁਤ ਨਿਮਰਤਾ ਨਾਲ ਪੁੱਛਿਆ:

'ਕੀ ਲਓ ਗਏ ਸਰਦਾਰ ਜੀ?'

'ਵਧੀਆ ਜਿਹਾ ਕੁੜਤੇ-ਪਜ਼ਾਮੇ ਦਾ ਕੱਪੜਾ ਦਿਖਾਓ।' ਮੈਂ ਉਸ ਮੁੰਡੇ ਨੂੰ ਕਿਹਾ।

'ਤੁਸੀਂ ਅੱਗੇ ਆ ਜਾਓ।' ਮੁੰਡੇ ਨੇ ਸ਼ੋਅਰੂਮ ਦੇ ਅਗਲੇ ਹਿੱਸੇ ਵਿਚ ਆਉਣ ਲਈ ਕਿਹਾ।

ਅਸੀਂ ਅੱਗੇ ਗਏ ਤਾਂ ਉੱਥੇ ਕੁੜਤੇ-ਪਜ਼ਾਮਿਆਂ ਦੇ ਥਾਨ ਹੀ ਥਾਨ ਪਏ ਸਨ। ਉਸਨੇ ਸਾਨੂੰ ਚੰਗੀ ਕੁਆਲਟੀ ਦੇ ਕਪੜੇ ਦਿਖਾਉਣੇ ਸ਼ੁਰੂ ਕੀਤੇ। ਕਾਫ਼ੀ ਕਪੜੇ ਦੇਖਣ ਤੋਂ ਬਾਅਦ ਸਾਨੂੰ ਇੱਕ ਕਪੜਾ ਜੱਚ ਗਿਆ। ਮੈਂ ਪੁੱਛਿਆ, 'ਇਹ ਕਿੰਨੇ ਰੁਪਏ ਮੀਟਰ ਹੈ? 'ਰੇਟ ਤਾਂ ਸਰਦਾਰ ਜੀ ਹੀ ਦੱਸਣਗੇ। ਤੁਸੀਂ ਕਪੜਾ ਪਸੰਦ ਕਰ ਲਓ।'

ਅਸੀਂ ਉਹ ਕਪੜਾ ਲੈ ਕੇ ਸ਼ੋਅਰੂਮ ਦੇ ਗੇਟ ਨੇੜੇ ਵੱਡੀ ਕੁਰਸੀ 'ਤੇ ਬੈਠੇ ਬਜ਼ੁਰਗ ਕੋ.ਲ ਆ ਗਏ। ਅਸੀਂ ਪੰਜ ਮੀਟਰ ਕਪੜਾ ਲੈਣਾ ਸੀ। ਉਨ੍ਹਾਂ ਨੇ ਰੇਟ ਵਾਜ਼ਬ ਹੀ ਦੱਸਿਆ। ਸਾਡੀ ਹਾਮੀ 'ਤੇ ਜਦੋਂ ਉਹ ਕੱਪੜਾ ਕੱਟਣ ਲੱਗੇ ਤਾਂ ਕੱਪੜਾ ਪੰਜ ਮੀਟਰ ਤੋਂ ਸਿਰਫ਼- 20 ਕੁ ਸੈਂਟੀਮੀਟਰ ਵੱਧ ਨਿਕਲਿਆ। ਬਾਬਾ ਜੀ ਨੇ ਦੁਕਾਨ ਤੇ ਕੰਮ ਕਰਦੇ ਮੁੰਡੇ ਨੂੰ ਆਵਾਜ਼ ਮਾਰੀ, 'ਰਾਜੂ, ਕੈਂਚੀ ਫੜਾਈ।'ਮੈਂ ਹਾਸੇ ਜਿਹੇ ਨਾ.ਲ ਕਿਹਾ, 'ਬਾਬਾ ਜੀ, ਸਿਰਫ਼- 20 ਸੈਂਟੀਮੀਟਰ ਕਪੜੇ ਦਾ ਕੀ ਕਰੋਗੇ?, ਰਹਿਣ ਦਿਓ; ਐਵੇਂ ਕਪੜਾ ਖ਼ਰਾਬ ਹੀ ਹੋਵੇਗਾ।'

ਉਹ ਅੱਗਿਓਂ ਕਹਿੰਦੇ, 'ਸਰਦਾਰ ਸਾਹਿਬ, ਤੁਸੀਂ ਮੈਨੂੰ ਪੰਜ ਮੀਟਰ ਦੇ ਪੈਸੇ ਦਿੱਤੇ ਹਨ, ਮੈਂ ਪੰਜ ਮੀਟਰ ਪੂਰਾ ਕਪੜਾ ਦੇ ਰਿਹਾਂ: ਵੱਧ ਇੱਕ ਸੈਂਟੀਮੀਟਰ ਵੀ ਨਹੀਂ ਦਿੰਦਾ। ਤੁਹਾਡਾ ਹੱਕ ਰੱਖਦਾ ਨਹੀਂ ਤੇ ਆਪਣਾ ਹੱਕ ਦਿੰਦਾ ਨਹੀ।'ਮੈਂ ਕਿਹਾ, 'ਇੰਨਾ ਥੋੜ੍ਹਾ ਕਪੜਾ ਤੁਹਾਡੇ ਕਿਸ ਕੰਮ ਆਵੇਗਾ?, ਇਹ ਤਾਂ ਕਪੜਾ ਖ਼ਰਾਬ ਕਰਨ ਵਾਲੀ ਗੱਲ ਹੋਉਗੀ! ਹੋਰ ਕੁਝ ਨਹੀਂ।'

ਕਹਿੰਦੇ, 'ਕੋਈ ਗੱਲ ਨਹੀਂ, ਭਾਵੇਂ ਕਿਸੇ ਕੰਮ ਨਾ ਆਵੇ ਪਰ ਵੱਧ ਕਪੜਾ ਨਹੀਂ ਦਿੰਦਾ।' ਕਾਫ਼ੀ ਬਜ਼ੁਰਗ ਸੀ ਇਸ ਲਈ ਮੈਂ ਅੱਗਿਓਂ ਭਾਵੇਂ ਚੁੱਪ ਕਰ ਗਿਆ ਪਰ ਮੈਨੂੰ ਉਸਦਾ ਸੁਭਾਅ ਬਹੁਤ ਕੁਰੱਖ਼ਤ ਕਿਸਮ ਦਾ ਲੱਗਿਆ। ਮੈਨੂੰ ਇੰਝ ਚੁੱਪ ਦੇਖ ਕੇ ਬਾਬਾ ਜੀ ਸਮਝ ਗਏ ਕਿ ਮੈਨੂੰ ਉਨ੍ਹਾਂ ਦੀ ਗੱਲ ਦਾ ਗੁੱਸਾ ਲੱਗਿਆ ਹੈ। ਇਸ ਲਈ ਉਹ ਰਤਾ ਕੁ ਸੰਭਲ ਕੇ ਬੋਲੇ, 'ਸਰਦਾਰ ਜੀ, ਗੁੱਸਾ ਨਾ ਕਰਨਾ। ਤੁਸੀਂ ਮੇਰੇ ਬੇਟੇ ਦੇ ਬਰਾਬਹ ਹੋ, ਪਰ ਇਹ ਦੁਕਾਨ ਮੇਰੀ ਉਮਰ ਭਰ ਦੀ ਕਮਾਈ ਹੈ।' ਮੈਂ ਕਿਹਾ, 'ਕੋਈ ਨਾ ਬਾਬਾ ਜੀ, ਤੁਸੀਂ ਆਪਣਾ ਵੱਧ ਕਪੜਾ ਕੱਟ ਲਓ। ਆਪਾਂ ਕਿਹੜਾ ਤੁਹਾਡੇ ਨਾਲ ਲੜਨਾ ਹੈ?' ਮੈਂ ਵੀ ਬਾਬਾ ਜੀ ਨਾਲ ਬਹਿਸ ਨਹੀਂ ਸੀ ਕਰਨਾ ਚਾਹੁੰਦਾ। ਉਹ ਕਹਿੰਦੇ, 'ਸਰਦਾਰ ਜੀ, ਅੱਜ ਤੁਹਾਨੂੰ ਮੈਂ ਬਹੁਤ ਅਮੀਰ ਦੁਕਾਨਦਾਰ ਅਤੇ ਸ਼ਾਹੂਕਾਰ ਬੰਦਾ ਜ਼ਰੂਰ ਲੱਗ ਰਿਹਾ ਹਾਂ ਪਰ 1947 ਦੀ ਭਾਰਤ-ਪਾਕਿਸਤਾਨ ਵੰਡ ਬਾਅਦ ਮੈਂ ਇਸ ਸ਼ਹਿਰ ਫ਼ਾਜ਼ਿਲਕਾ 'ਚ ਕਈ ਸਾਲ ਰਿਕਸ਼ਾ ਵਾਹੁੰਦਾ ਰਿਹਾ ਹਾਂ।' 'ਅੱਛਾ ਜੀ!' ਇਹ ਗੱਲ ਸੁਣ ਕੇ ਸਾਨੂੰ ਰਤਾ ਅਚੰਭਾ ਹੋਇਆ। ਉਹ ਕਹਿੰਦੇ, 'ਹਾਂ ਜੀ। ਇਹ ਗੱਲ 100 ਫ਼ੀਸਦੀ ਸੱਚ ਹੈ ਜੀ।'

ਅਸੀਂ ਦੋਵੇਂ ਮਿੱਤਰ ਬਾਬਾ ਜੀ ਦੀਆਂ ਗੱਲਾਂ ਬਹੁਤ ਧਿਆਨ ਅਤੇ ਉਤਸੁਕਤਾ ਨਾਲ ਸੁਣ ਰਹੇ ਸਾਂ। ਉਹ ਕਹਿੰਦੇ, 'ਰਿਕਸ਼ੇ ਨਾਲ ਥੋੜ੍ਹੇ ਪੈਸੇ ਜੋੜ ਕੇ ਮੈਂ ਕਪੜਾ ਖ਼ਰੀਦਣ ਲੱਗਾ ਅਤੇ ਨੇੜੇ-ਤੇੜੇ ਦੇ ਪਿੰਡਾਂ ਵਿੱਚ ਸਾਇਕਲ 'ਤੇ ਫੇਰੀ ਲਗਾਉਣ ਲੱਗਾ। ਫੇਰ ਸ਼ਹਿਰ 'ਚ ਇੱਕ ਦੁਕਾਨ ਦੇ ਸਾਹਮਣੇ ਤਕਰੀਬਨ-20 ਕੁ ਸਾਲ ਕਪੜੇ ਦੀ ਫੜੀ ਲਾਈ ਹੈ। ...ਤੇ ਹੁਣ ਜ਼ਿੰਦਗੀ ਦੇ ਆਖ਼ਿਰ 'ਚ ਆ ਕੇ ਇਹ ਦੁਕਾਨ ਬਣੀ ਹੈ।'

ਅਸੀਂ ਬਾਬਾ ਜੀ ਦੀ ਕੀਤੀ ਹੋਈ ਮਿਹਨਤ ਤੋਂ ਖ਼ੁਦ ਨੂੰ ਉਤਸ਼ਾਹਤ ਮਹਿਸੂਸ ਕਰ ਰਹੇ ਸਾਂ। ਉਨ੍ਹਾਂ ਆਪਣੀ ਗੱਲ ਜ਼ਾਰੀ ਰੱਖਦਿਆਂ ਕਿਹਾ:


'ਸਰਦਾਰ ਜੀ, ਤੁਹਾਡੇ ਵਾਂਗ ਬਾਜ਼ਾਰ ਦੇ ਹੋਰ ਦੁਕਾਨਦਾਰ ਅਤੇ ਮੇਰੇ ਆਪਣੇ ਬੱਚੇ ਵੀ ਮੈਨੂੰ ਕੰਜੂਸ ਬੰਦਾ ਸਮਝਦੇ ਹਨ। ਉਨ੍ਹਾਂ ਨੂੰ ਮਿਹਨਤ ਦਾ ਮੁੱਲ ਕੀ ਪਤਾ ਹੋਵੇਗਾ? ਜਿਨ੍ਹਾਂ ਨੂੰ ਸਭ ਕੁਝ ਬਣਿਆ-ਬਣਾਇਆ ਮਿਲ ਜਾਂਦਾ ਹੈ। ਇਸ ਲਈ ਅਸੀਂ 20 ਸੈਂਟੀਮੀਟਰ ਕਪੜੇ ਦੀ ਕੀਮਤ ਨਹੀਂ ਸਮਝਦੇ। ਪਰ ਜਿਸ ਬੰਦੇ ਨੇ ਮਿਹਨਤ ਕੀਤੀ ਹੁੰਦੀ ਹੈ, ਗ਼ਰੀਬੀ ਦੇਖੀ ਹੁੰਦੀ ਹੈ, ਉਹ ਹੀ ਮਿਹਨਤ ਦਾ ਅਸਲ ਮੁੱਲ ਸਮਝਦਾ ਹੈ ਅਤੇ ਉਹ ਬੰਦਾ ਕਦੀ ਵੀ ਪੈਸੇ ਨੂੰ ਬਰਬਾਦ ਨਹੀਂ ਕਰਦਾ।'

ਮੈਨੂੰ ਲੱਗਿਆ ਦੁਕਾਨਦਾਰ ਬਾਬਾ ਜੀ ਬਿਲਕੁਲ ਸਹੀ ਗੱਲ ਕਹਿ ਰਹੇ ਹਨ। ਜਿਸ ਬੰਦੇ ਨੇ ਹੱਥੀਂ ਕੰਮ ਕਰਕੇ ਪੈਸਾ ਕਮਾਇਆ ਹੁੰਦਾ ਹੈ, ਉਹ ਬੰਦਾ ਕਦੇ ਵੀ ਪੈਸੇ ਨੂੰ ਬਰਬਾਦ ਨਹੀਂ ਕਰਦਾ। ਬਲਕਿ ਹੋਰ ਮਿਹਨਤ ਨਾਲ ਅੱਗੇ ਵੱਧਣ ਦਾ ਯਤਨ ਕਰਦਾ ਹੈ। ਪਰ ਜੱਦੀ-ਪੁਸ਼ਤੀ ਮਿਲੀ ਜਾਇਦਾਦ ਅਤੇ ਪੈਸੇ ਦੀ ਕੀਮਤ ਘੱਟ ਹੀ ਹੁੰਦੀ ਹੈ ਅਤੇ ਨਾਲਾਇਕ ਔਲਾਦਾਂ ਅਕਸਰ ਹੀ ਅਜਿਹੀ ਦੌਲਤ ਨੂੰ ਮਿੱਟੀ ਵਿੱਚ ਮਿਲਾ ਦਿੰਦੀਆਂ ਹਨ। ਖ਼ੈਰ! ਅਸੀਂ ਕਪੜਾ ਲਿਆ ਤੇ ਪੈਸੇ ਦੇ ਕੇ ਵਾਪਸ ਮੁੜ ਆਏ।

ਆਪਣੇ ਮਾਂ-ਬਾਪ ਦੀ ਮਿਹਨਤ ਦੀ ਕਮਾਈ ਨੂੰ ਵਿਅਰਥ ਨਾ ਗੁਆਓ ਕਿਉਂਕਿ ਉਨ੍ਹਾਂ ਇਸ ਮਕਾਨ, ਦੁਕਾਨ ਅਤੇ ਸਹੂਲਤਾਂ ਲਈ ਆਪਣੇ ਕਈ ਸੁਪਨਿਆਂ ਦਾ ਕਤਲ ਕੀਤਾ ਹੁੰਦਾ ਹੈ। ਉਹ ਆਪਣੇ ਸੁਪਨਿਆਂ ਅਤੇ ਇੱਛਾਵਾਂ ਨੂੰ ਮਾਰ ਕੇ ਆਪਣੀ ਔਲਾਦ ਲਈ ਚੰਗਾ ਕਾਰੋਬਾਰ ਅਤੇ ਚੰਗਾ ਘਰ ਬਣਾਉਂਦੇ ਹਨ ਪਰ ਕਈ ਵਾਰ ਨਾਲਾਇਕ ਬੱਚੇ ਉਨ੍ਹਾਂ ਦੀ ਮਿਹਨਤ 'ਤੇ ਪਾਣੀ ਫੇਰ ਦਿੰਦੇ ਹਨ। ਖ਼ੌਰੇ! ਇਸੇ ਲਈ ਕਿਹਾ ਜਾਂਦਾ ਹੈ ਕਿ ਕਿਰਤੀ ਬੰਦਾ ਕਦੇ ਲਾਪ੍ਰਵਾਹ ਨਹੀਂ ਹੁੰਦਾ। ਖ਼ੈਰ, ਜਿਉਂਦੇ- ਵੱਸਦੇ ਰਹੋ ਸਾਰੇ।

# ਇਹੁ ਜਨਮੁ ਤੁਮਹਾਰੇ ਲੇਖੇ!

***ਪੰਜਾਬੀ ਸਾਹਿਤ ਨੂੰ ਕਣਦਾਰ ਤੇ ਯਾਦਗਾਰੀ ਕਹਾਣੀਆਂ ਅਤੇ ਇਕ ਨਿੱਗਰ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਦੇਣ ਵਾਲੇ ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਇਸ ਨਾਵਲ (ਜੋ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਹੈ) ਨਾਲ ਉਨ੍ਹਾਂ ਸਾਹਿਤਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਨਾਵਲ ਦੀ 19ਵੀਂ ਕਿਸ਼ਤ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਹਾਜ਼ਰ ਹੈ। -ਸੰਪਾਦਕ***




## ਕਿਸ਼ਤ - 19



**ਗੁਰਬਚਨ ਸਿੰਘ ਭੁੱਲਰ**
**ਫੋਨ:+91 8076363058**
**bhullargs@gmail.com**

ਉਹਨੇ ਸਮੁੰਦਰ ਵੀ ਪਹਿਲਾਂ ਦੇਖਿਆ ਹੋਇਆ ਸੀ ਤੇ ਆਪਣੀ ਉਮਰ ਕੁ ਜਿੰਨੀ ਜ਼ਿੰਦਗੀ ਵੀ ਦੇਖੀ ਹੋਈ ਸੀ। ਪਰ ਹੁਣ ਉਹ ਆਪਣੇ ਪਿੰਡ ਦੇ ਸਕੂਲ ਦੇ ਕੱਚੇ ਵਿਹੜੇ ਵਾਂਗ ਕਿਨਾਰੇ ਦੀ ਰੇਤ ਉੱਤੇ ਬੈਠਦਾ ਤਾਂ ਸਮੁੰਦਰ ਮਾਸਟਰ ਹਕੂਮਤ ਰਾਇ ਵਾਂਗ ਤਾਰੀਖ਼-ਜੁਗਰਾਫ਼ੀਆ ਪੜ੍ਹਾਉਣ ਲੱਗ ਪੈਂਦਾ। ਫ਼ਰਕ ਇਹ ਸੀ ਕਿ ਸਮੁੰਦਰ ਮਨੁੱਖੀ ਜ਼ਿੰਦਗੀ ਦਾ ਤਾਰੀਖ਼-ਜੁਗਰਾਫ਼ੀਆ ਪੜ੍ਹਾਉਂਦਾ ਜੋ ਉਸ ਵਾਂਗ ਹੀ ਭੇਤਭਰੀ ਸੀ, ਬੇਕਿਨਾਰਾ ਸੀ, ਗਹਿਰੀ ਸੀ, ਅਥਾਹ-ਅਸਗਾਹ ਸੀ; ਜਿਸਦੀ ਝੋਲੀ ਵਿਚ ਸੁੱਚੇ ਮੋਤੀ ਵੀ ਸਨ ਤੇ ਘੋਗੇ-ਸਿੱਪੀਆਂ ਵੀ; ਜੋ ਦੁਰੇਡੀਆਂ ਮੰਜ਼ਲਾਂ ਤੱਕ ਵੀ ਪੁਜਦਾ ਕਰਦੀ ਸੀ ਤੇ ਅੱਧ-ਵਿਚਕਾਰ ਵੀ ਡੋਬਦੀ ਸੀ! ਉਹ ਘੰਟਿਆਂ-ਬੱਧੀ ਬੈਠ ਕੇ ਉਠਦਾ ਤਾਂ ਲੰਮਾ ਠੰਡਾ ਸਾਹ ਲੈ ਕੇ ਆਖਦਾ, ਵਾਹ ਬਈ ਸਾਗਰ ਦੇਵਤਾ, ਵਾਹ ਨੀ ਜ਼ਿੰਦਗੀ ਦੇਵੀ!

ਇਕ ਦਿਨ ਕਿਸਮਤ ਦੇ ਬੂਹੇ ਨੇ ਥੋੜ੍ਹੀ ਜਿਹੀ ਵਿਰਲ ਦਿੱਤੀ।

ਗੇਟਮੈਨ ਨੇ ਅੰਦਰੋਂ ਆਗਿਆ ਲੈ ਕੇ ਰਾਹ ਦਿਖਾਇਆ ਤਾਂ ਸਾਹਮਣੇ ਆਪਣੇ ਦਫ਼ਤਰ ਵਿਚ ਇਕੱਲੇ ਰਾਜਕਪੂਰ ਬੈਠੇ ਹੋਏ ਸਨ। ਦੋਵਾਂ ਹੱਥਾਂ ਦੀ ਕੰਘੀ ਉੱਤੇ ਠੋਡੀ ਰੱਖ ਕੇ ਕੁਛ ਸੋਚਦੇ ਹੋਏ। ਉਹਨੇ ਸੁਣ ਰੱਖਿਆ ਸੀ ਕਿ ਉਹ ਇਕੋ-ਇਕ ਅਜਿਹਾ ਪ੍ਰੋਡਿਊਸਰ-ਡਾਇਰੈਕਟਰ ਹੈ ਜਿਸ ਨੂੰ ਕਹਾਣੀ, ਵਾਰਤਾਲਾਪ, ਗੀਤ, ਸੰਗੀਤ, ਆਰਟ, ਕੈਮਰਾ, ਲਾਈਟ, ਵਗ਼ੈਰਾ ਸਭ ਦੀ ਕੰਮ-ਚਲਾਊ ਨਹੀਂ, ਗਹਿਰੀ ਸਮਝ ਹੈ। ਕੁਰਸੀ ਵੱਲ ਇਸ਼ਾਰਾ ਕੀਤਾ, "ਆਓ। ਤੁਸੀਂ ਕਿਥੋਂ ਆਏ ਹੋ ਜੀ ਤੇ ਤੁਸਾਂ ਦਾ ਮੇਰੇ ਕੋਲ ਕਿਵੇਂ ਆਉਣਾ ਹੋਇਆ?"

ਚਰਨਜੀਤ ਹੈਰਾਨ ਹੋਇਆ, "ਰਾਜ ਸਾਹਿਬ, ਕਮਾਲ ਹੈ, ਤੁਸੀਂ ਫ਼ਿਲਮੀ ਹਿੰਦੀ-ਉਰਦੂ ਨਾਲ ਚੌਵੀ ਘੰਟਿਆਂ ਦੇ ਏਨੇ ਲੰਮੇ ਵਾਹ ਦੇ ਬਾਵਜੂਦ ਭੁੱਲੇ ਨਹੀਂ, ਏਨੀ ਖ਼ੂਬਸੂਰਤ ਪੰਜਾਬੀ ਬੋਲਦੇ ਹੋ!"

ਉਹ ਖੁੱਲ੍ਹ ਕੇ ਹੱਸੇ, "ਪੰਜਾਬੀ ਨੂੰ ਤਾਂ ਤਦ ਭੁੱਲੀਏ ਜੀ ਜੇ ਪਾਪਾ ਜੀ ਦੀ ਲਾਠੀ ਘਰ ਵਿਚ ਪੰਜਾਬੀ ਤੋਂ ਬਿਨਾਂ ਕਿਸੇ ਨੂੰ ਇਕ ਲਫ਼ਜ਼ ਵੀ ਕਿਸੇ ਹੋਰ ਜ਼ਬਾਨ ਦਾ ਬੋਲਣ ਦੇਵੇ!"

ਅਚਾਨਕ ਪਰੇ ਮੇਜ਼ ਉੱਤੇ ਪਏ ਕਾਗ਼ਜ਼-ਪੱਤਰ ਤੇ ਰਸਾਲਿਆਂ ਵਿਚ ਚਰਨਜੀਤ ਦੀ ਨਜ਼ਰ ਪਿਛਲੇ ਮਹੀਨੇ ਦੇ 'ਚਿਰਾਗ਼' ਉੱਤੇ ਪੈ ਗਈ। ਜਗਦੀਪ ਤੋਂ ਝਿਜਕਦਾ ਆਪਣਾ ਕੁਛ ਵੀ ਉਹ ਦਿੱਲੀ ਤੋਂ ਲੈ ਕੇ ਨਹੀਂ ਸੀ ਆਇਆ। ਉਹਨੇ ਕਾਹਲੀ ਨਾਲ ਰਸਾਲਾ ਚੁੱਕਿਆ ਤੇ ਖੋਲ੍ਹ ਕੇ ਉਹਨਾਂ ਅੱਗੇ ਰਖਦਿਆਂ ਪੰਨੇ ਪਲਟ-ਪਲਟ ਦਿਖਾਉਣ ਲੱਗਿਆ, "ਰਾਜ ਸਾਹਿਬ, ਮੈਂ ਇਹ ਵਾਲਾ ਚਰਨਜੀਤ!"

'ਚਿਰਾਗ਼' ਹੋਰ ਰਸਾਲਿਆਂ ਵਾਂਗ ਸਰਸਰੀ ਉਹਨਾਂ ਦੀ ਦੋ-ਮਿੰਟੀ ਨਜ਼ਰੋਂ ਲੰਘਦਾ ਰਿਹਾ ਸੀ ਪਰ ਹੁਣ ਚਰਨਜੀਤ ਦੇ ਦਿਖਾਇਆਂ ਉਹਦਾ ਕੰਮ ਦੇਖਿਆ ਤਾਂ ਹੀ ਧਿਆਨ ਵਿਚ ਆਇਆ। ਉਹਨਾਂ ਨੇ ਮਿਲਾਉਣ ਲਈ ਦੁਬਾਰਾ ਹੱਥ ਵਧਾਇਆ, "ਤੁਹਾਡੀਆਂ ਉਂਗਲਾਂ ਦੇ ਪੋਟਿਆਂ ਵਿਚ ਹੁਨਰ ਤਾਂ ਬਿਨਾਂ-ਸ਼ੱਕ ਹੈ ਜੀ! ਪਰ ਤੁਸੀਂ ਰੇਖਾਵਾਂ ਤੋਂ ਹੀ ਕੰਮ ਲੈਂਦੇ ਹੋ ਕਿ ਰੰਗ-ਚਿਤਰ ਵੀ ਬਣਾਂਦੇ ਹੋ?"

"ਇਹ ਰੇਖਾ-ਚਿਤਰ ਤਾਂ ਰਸਾਲੇ ਦੀ ਲੋੜ ਤੇ ਮੰਗ ਮੁਤਾਬਿਕ ਨੇ, ਰਾਜ ਸਾਹਿਬ, ਆਪਣੀ ਰੁਚੀ ਮੁਤਾਬਿਕ ਤਾਂ ਮੈਂ ਪੇਂਟ ਹੀ ਕਰਨ ਦੀ ਕੋਸ਼ਿਸ਼ ਕਰਦਾ ਹਾਂ।"

ਉਹ ਮੁਸਕਰਾਏ ਤੇ ਡਾਇਰੀ ਦੇਖ ਕੇ ਵਿਦਾਇਗੀ ਦਾ ਹੱਥ ਵਧਾਇਆ, "ਠੀਕ ਹੈ, ਹੁਣ ਤਾਂ ਮੈਨੂੰ ਹੋਰ ਕੰਮ ਹੈ, ਕੱਲ੍ਹ ਪੰਜ ਵਜੇ ਆ ਜਾਓ, ਮਿਲਦੇ ਹਾਂ ਜੀ।"

ਚਰਨਜੀਤ ਤੋਂ ਖ਼ੁਸ਼ੀ ਸਾਂਭੀ ਨਹੀਂ ਸੀ ਜਾ ਰਹੀ। ਜਿਸ ਬੂਹੇ ਨੇ ਅੱਜ ਥੋੜ੍ਹੀ ਜਿਹੀ ਵਿਰਲ ਦਿੱਤੀ ਸੀ, ਭਲਕੇ ਉਹ ਚੁਪੱਟ ਖੁੱਲ੍ਹਾ ਮਿਲਣਾ ਸੀ! ਕਮਰੇ ਵਿਚ ਜਾਣ ਦੀ ਥਾਂ ਉਹ ਸਿੱਧਾ ਸਮੁੰਦਰ ਕਿਨਾਰੇ ਪਹੁੰਚ ਗਿਆ। ਉਹ ਉਤੇਜਿਤ ਸੀ ਪਰ ਸਮੁੰਦਰ ਸ਼ਾਂਤ ਸੀ। ਜੁੱਤੇ ਉਤਾਰ ਕੇ ਤੇ ਪੈਰ ਪਸਾਰ ਕੇ ਉਹ ਠੰਡੇ-ਗਿੱਲੇ ਬਰੇਤੇ ਉੱਤੇ ਬੈਠ ਗਿਆ। ਨਿੱਕੀ-ਨਿੱਕੀ ਲਹਿਰ ਆਉਂਦੀ ਤੇ ਉਹਦੇ ਪੈਰ ਚੁੰਮ ਕੇ ਪਰਤ ਜਾਂਦੀ। ਹੌਲੀ-ਹੌਲੀ ਸਮੁੰਦਰ ਨੇ ਉਹਦਾ ਉਤੇਜਿਤ ਮਨ ਵੀ ਆਪਣੇ ਵਾਂਗ ਸ਼ਾਂਤ ਕਰ ਲਿਆ। ਉਹਨੇ ਸੋਚਿਆ, ਅੱਜ ਹੀ ਉਹ ਇਹ ਗੱਲ ਜਗਦੀਪ ਨੂੰ ਨਹੀਂ ਦੱਸੇਗਾ। ਮਾਮਲਾ ਕੁਝ ਠੋਸ ਸ਼ਕਲ ਫੜ ਲਵੇ, ਤਦ ਹੀ ਦੱਸਣਾ ਠੀਕ ਰਹੇਗਾ। ਉਹ ਨਿੱਤ ਵਰਗੀ ਸਾਧਾਰਨ, ਥੱਕੀ-ਮਾਂਦੀ ਹਾਲਤ ਵਿਚ ਜਗਦੀਪ ਕੋਲ ਪਰਤ ਆਇਆ।

ਅਗਲੇ ਦਿਨ ਰਾਜ ਸਾਹਿਬ ਨੇ ਇਕ-ਦੋ ਛੋਟੀਆਂ ਛੋਟੀਆਂ ਗੱਲਾਂ ਪੁੱਛੀਆਂ, ਕਿਥੋਂ ਹੋ, ਆਰਟ ਦਾ ਸ਼ੌਕ ਕਦੋਂ ਤੇ ਕਿਵੇਂ ਜਾਗਿਆ, ਕਿਤੋਂ ਸਿੱਖਿਆ, ਕੋਈ ਕੋਰਸ ਕੀਤਾ ਕਿ ਕੁਦਰਤ ਦੀ ਮਿਹਰ ਹੈ? ਗੱਲਾਂ ਵਿਚ ਰਾਜ ਸਾਹਿਬ ਅਚਾਨਕ ਬੋਲੇ, "ਸੋਭਾ ਸਿੰਘ ਭਾਪਾ ਜੀ ਨੂੰ ਜਾਣਦੇ ਹੋ ਤੁਸੀਂ?"

ਚਰਨਜੀਤ ਹੈਰਾਨ ਹੋਇਆ, "ਜੀ ਮੇਰੇ ਤਾਂ ਉਹ ਗੁਰੂ ਸਮਾਨ ਨੇ। ਮੈਨੂੰ ਉਹਨਾਂ ਦੀ ਨਜ਼ਦੀਕੀ ਵੀ ਹਾਸਲ ਹੈ ਤੇ ਅਸ਼ੀਰਵਾਦ ਵੀ। ਮੈਂ ਉਹਨਾਂ ਤੋਂ ਬੜਾ ਕੁਛ ਸਿੱਖਿਆ ਹੈ। ਤੁਸੀਂ ਉਹਨਾਂ ਨੂੰ ਕਿਵੇਂ ਜਾਣਦੇ ਹੋ?"

ਰਾਜ ਸਾਹਿਬ ਮੁਸਕਰਾਏ, "ਉਹ ਪਾਪਾ ਜੀ ਦੇ ਬਹੁਤ ਗੂੜ੍ਹੇ ਮਿੱਤਰ ਨੇ ਜੀ। ਪਾਪਾ ਜੀ ਉਹਨਾਂ ਦੀ ਤੇ ਉਹ ਪਾਪਾ ਜੀ ਦੀ ਬਹੁਤ ਇੱਜ਼ਤ ਕਰਦੇ ਨੇ।" ਉਹਨਾਂ ਦਾ ਬੁਲਾਇਆ ਹੋਇਆ ਆਦਮੀ ਆਇਆ ਤਾਂ ਕਹਿਣ ਲੱਗੇ, "ਸਾਹਿਲ ਜੀ, ਇਨ ਸੇ ਮਿਲੀਏ, ਚਰਨਜੀਤ ਆਰਟਿਸਟ ਹੈਂ। ਯਿਹ ਮੈਗ਼ਜ਼ੀਨ ਲੇ ਜਾਈਏ, ਆਜ ਕਿਸੀ ਵਕਤ ਇਨ ਕੇ ਕਾਮ ਪੇ ਜ਼ਰਾ ਨਜ਼ਰ ਮਾਰ ਲੀਜੀਏ। ਹਾਥ ਸਾਫ਼ ਹੈ ਔਰ ਕਲਪਨਾ ਭੀ ਅੱਛੀ ਹੈ। ਕੱਲ੍ਹ ਸੇ ਅਪਨੀ ਟੀਮ ਮੇਂ ਮਿਲਾ ਕਰ ਦੇਖੀਏ।"

ਰਾਜ ਸਾਹਿਬ ਨੂੰ "ਅੱਛਾ ਜੀ" ਆਖ ਕੇ ਤੇ ਜਾਂਦੇ-ਜਾਂਦੇ ਇਕ ਪਲ ਵਿਚ ਚਰਨਜੀਤ ਨੂੰ ਸਿਰ ਤੋਂ ਪੈਰਾਂ ਤੱਕ ਦੇਖ ਕੇ ਸਾਹਿਲ ਚਲਿਆ ਗਿਆ। ਰਾਜ ਸਾਹਿਬ ਉਹਦੇ ਦੇਖਣ ਨੂੰ ਦੇਖ ਕੇ ਤੇ ਇਹ ਵੀ ਦੇਖ ਕੇ ਕਿ ਚਰਨਜੀਤ ਨੇ ਉਹਨੂੰ ਇਉਂ ਦੇਖਦਿਆਂ ਦੇਖ ਲਿਆ ਹੈ, ਵਿਦਾਇਗੀ ਹੱਥ ਮਿਲਾਉਂਦਿਆਂ ਮੁਸਕਰਾਏ, "ਬੜੀ ਤੇਜ਼ ਨਜ਼ਰ ਹੈ ਜੀ ਇਸ ਮਹਾਂਪੁਰਸ਼ ਦੀ। ਇਹ ਬੰਦੇ ਦਾ ਬਾਹਰ ਨਹੀਂ ਦੇਖਦਾ, ਉਸਦੇ ਅੰਦਰ ਝਾਕਦਾ ਹੈ ਜੀ!"

ਜਗਦੀਪ ਨਾਲ ਖ਼ੁਸ਼ਖ਼ਬਰੀ ਸਾਂਝੀ ਕਰਨ ਦਾ ਮੌਕਾ ਹੁਣ ਆਇਆ ਸੀ। ਉਹਨੇ ਲੱਡੂਆਂ ਦਾ ਡੱਬਾ ਲਿਆ ਤੇ ਸਿੱਧਾ ਸਮੁੰਦਰ ਕਿਨਾਰੇ ਪਹੁੰਚਿਆ, ਜੁੱਤੇ ਉਤਾਰੇ, ਪੈਂਟ ਚਾੜ੍ਹ ਕੇ ਗੋਡੇ-ਗੋਡੇ ਪਾਣੀ ਵਿਚ ਪਹੁੰਚਿਆ ਤੇ ਲੱਡੂ ਚੜ੍ਹਾਵਾ ਚੜ੍ਹਾ ਕੇ ਬੋਲਿਆ, "ਹੇ ਸਾਗਰ ਦੇਵਤਾ, ਜ਼ਿੰਦਗੀ ਦੀ ਤੁਲਨਾ ਆਪਣੇ ਨਾਲ ਕਰ ਕੇ ਤੂੰ ਜੋ ਫ਼ਲਸਫ਼ਾ ਸਮਝਾਇਆ, ਉਸ ਤੋਂ ਬਲਿਹਾਰ!"

ਚਰਨਜੀਤ ਦੇ ਹੱਥ ਵਿਚ ਲੱਡੂ ਤੇ ਚਿਹਰੇ ਉੱਤੇ ਖ਼ੁਸ਼ੀ ਦੇਖ ਕੇ ਜਗਦੀਪ ਵੀ ਗਦਗਦ ਹੋ ਗਈ। ਸਮੁੰਦਰ ਦੀਆਂ ਉੱਚੀਆਂ, ਹੋਰ ਉੱਚੀਆਂ ਹੋ ਰਹੀਆਂ ਲਹਿਰਾਂ ਦੇਖ ਕੇ ਲਏ ਗੀਤਕਾਰ, ਕਹਾਣੀਕਾਰ, ਹੀਰੋਇਨ ਬਣਨ ਦੇ ਸੁਪਨੇ ਉਹਨੂੰ ਸਾਕਾਰ ਹੁੰਦੇ ਦਿੱਸੇ। ਉਹਨੂੰ ਜੱਫੀ ਵਿਚ ਘੁਟਦਿਆਂ ਬੱਚਿਆਂ ਵਾਲੇ ਚਾਅ ਨਾਲ ਪੁੱਛਿਆ, "ਕੀ ਬਣਿਆ, ਜੀਤੀ?"

ਚਰਨਜੀਤ ਦੀ ਹੁਣ ਤੱਕ ਰੋਕ-ਰੋਕ ਰੱਖੀ ਖ਼ੁਸ਼ੀ ਛਲਕ ਪਈ, "ਜੱਗ, ਆਪਣੇ ਦਿਨ ਫਿਰਨ ਲੱਗੇ ਨੇ, ਰਾਜਕਪੂਰ ਨੇ ਮੈਨੂੰ ਆਪਣੇ ਆਰਟ ਡਿਪਾਰਟਮੈਂਟ ਨਾਲ ਜੋੜ ਲਿਆ ਹੈ!"

ਜਗਦੀਪ ਦੀ ਜੱਫੀ ਇਕਦਮ ਢਿੱਲੀ ਪੈ ਗਈ। ਸਾਹਮਣੇ ਖਲੋਂਦਿਆਂ ਬੋਲੀ, "ਕੀ? ਕੀ ਕਿਹਾ ਤੂੰ? ਰਾਜਕਪੂਰ ਨੇ ਤੈਨੂੰ ਕੰਮ ਦੇ ਦਿੱਤਾ? ਮਤਲਬ, ਜੀਤੀ, ਤੂੰ ਮੇਰੇ ਕੰਮ ਜਾ ਰਿਹਾ ਆਖ ਕੇ ਜਾਂਦਾ ਸੀ ਤੇ ਕੰਮ ਆਪਣਾ ਕਰਦਾ ਫਿਰਦਾ ਸੀ?" ਸਮੁੰਦਰ ਦੀ ਇਕ ਉੱਚੀ ਤੇ ਤੇਜ਼ ਛੱਲ ਆਈ ਤੇ ਉਹਦੀ ਗੀਤਕਾਰ, ਕਹਾਣੀਕਾਰ, ਹੀਰੋਇਨ ਸਭ ਨੂੰ ਬਹਾ ਕੇ ਲੈ ਗਈ। ਚਰਨਜੀਤ ਦੇ ਪੈਰਾਂ ਹੇਠੋਂ ਧਰਤੀ ਖਿਸਕ ਗਈ। ਉਹ ਜਗਦੀਪ ਦੇ ਸੁਭਾਅ ਵਿਚ ਆਪਮੁਖਤਾ ਦੇ ਅੰਸ਼ ਤੋਂ ਤਾਂ ਸਚੇਤ ਸੀ ਪਰ ਉਸ ਨੂੰ ਅਜਿਹੇ ਪ੍ਰਤੀਕਰਮ ਦੀ ਆਸ ਨਹੀਂ ਸੀ। ਉਹਨੇ ਸਮਝੌਤੀ ਦੇਣ ਵਾਂਗ ਕਿਹਾ, "ਜੱਗ, ਤੇਰੇ ਤੇ ਮੇਰੇ ਵਿਚ ਫ਼ਰਕ ਕਿਥੋਂ ਆ ਗਿਆ? ਜੇ ਤੇਰੇ ਕੰਮ ਵਿਚ ਦੇਰ ਲੱਗਣੀ ਹੈ ਤੇ ਮੈਨੂੰ ਕੰਮ ਮਿਲ ਰਿਹਾ ਹੈ ਤਾਂ ਇਸ ਵਿਚ ਮਸਲਾ ਕੀ ਹੈ?"

"ਮਸਲਾ ਹੈ, ਚਰਨਜੀਤ, ਮਸਲਾ ਹੈ", ਉਹਦਾ ਚਿਹਰਾ ਭਖਦਾ ਜਾਂਦਾ ਸੀ, "ਤੁਰੇ ਮੇਰੇ ਕੰਮ ਨੂੰ ਲੈ ਕੇ ਸੀ, ਮੈਂ ਐਹ ਚਾਰਦੀਵਾਰੀ ਵਿਚ ਬੈਠੀ ਇਹਨਾਂ ਕਾਗ਼ਜ਼ਾਂ ਨਾਲ ਫ਼ਜ਼ੂਲ ਮੱਥਾ ਮਾਰ ਰਹੀ ਹਾਂ।" ਉਹਨੇ ਮੇਜ਼ ਉੱਤੇ ਖਿੱਲਰੇ ਕਾਗ਼ਜ਼ ਹੂੰਝੇ ਅਤੇ ਹਵਾ ਵਿਚ ਵਗਾਹ ਮਾਰੇ, "ਤੇ ਤੂੰ ਮੈਨੂੰ ਧੋਖੇ ਵਿਚ ਰੱਖ ਕੇ ਰਾਜਕਪੂਰ ਤੋਂ ਕੰਮ ਲੈ ਲੈਣ ਤੱਕ ਜਾ ਪਹੁੰਚਿਆ!"

ਚਰਨਜੀਤ ਪੂਰੀ ਨਿਰਾਸ ਆਵਾਜ਼ ਵਿਚ ਕਹਿੰਦਾ, "ਜਗਦੀਪ, ਮੈਨੂੰ ਤੈਥੋਂ ਇਹ ਆਸ ਨਹੀਂ ਸੀ!"

ਉਹਦਾ ਜਵਾਬ ਤਾਂ ਪਹਿਲਾਂ ਹੀ ਤਿਆਰ ਸੀ, "ਚਰਨਜੀਤ, ਮੈਨੂੰ ਵੀ ਤੈਥੋਂ ਇਹ ਆਸ ਨਹੀਂ ਸੀ। ਗੱਲ ਤੈਨੂੰ ਕੰਮ ਮਿਲਣ ਜਾਂ ਮੈਨੂੰ ਨਾ ਮਿਲਣ ਦੀ ਨਹੀਂ, ਗੱਲ ਵਫ਼ਾ ਉੱਤੇ ਲੱਗੇ ਸਵਾਲੀਆ ਨਿਸ਼ਾਨ ਦੀ ਹੈ।"

"ਹੁਣ ਵਿਚ ਇਹ ਵਫ਼ਾ ਕਿਥੋਂ ਆ ਗਈ?" ਚਰਨਜੀਤ ਕੁਛ ਸਿੱਧਾ ਹੋ ਗਿਆ, "ਮੈਡਮ ਨਾ ਤੂੰ ਤੇ ਨਾ ਮੈਂ, ਦਿੱਲੀ ਤੋਂ ਕੋਈ ਖ਼ਜ਼ਾਨਾ ਲੈ ਕੇ ਨਹੀਂ ਤੁਰੇ। ਵਰਤੀਂ ਦੇ ਵਰਤੀਂ ਦੇ ਤਾਂ ਖੂਹ ਵੀ ਖਾਲੀ ਹੋ ਜਾਂਦੇ ਨੇ। ਪਤਾ ਹੈ, ਹੁਣ ਤੱਕ ਕਿੰਨਾ ਖਰਚ ਹੋ ਗਿਆ ਤੇ ਕੋਲ ਕੀ ਕੁਛ ਰਹਿ ਗਿਆ?"

"ਪੈਸੇ ਕਮਾਉਣ ਵਾਸਤੇ ਬੱਸ ਰਾਜਕਪੂਰ ਦਾ ਆਰਟ ਦਾ ਕੰਮ ਹੀ ਰਹਿ ਗਿਆ ਸੀ?"

"ਹੋਰ ਬਾਂਦਰਾ ਸਟੇਸ਼ਨ ਉੱਤੇ ਲਾਲ ਕੁੜਤੀ ਪਾ ਕੇ ਲੋਕਾਂ ਦੇ ਟਰੰਕ-ਬਿਸਤਰੇ ਚੁਕਦਾ?"

ਕਿੰਨਾ ਹੀ ਚਿਰ ਇਹ ਕਿੱਚ-ਕਿੱਚ ਚਲਦੀ ਰਹੀ। ਆਖ਼ਰ ਚਰਨਜੀਤ ਨੇ ਫ਼ੈਸਲਾ ਸੁਣਾਇਆ, "ਰਾਜਕਪੂਰ ਸਾਹਿਬ ਨੇ 'ਚਿਰਾਗ਼' ਦੇਖਿਆ ਹੋਣ ਕਰਕੇ ਮੈਨੂੰ ਗਰੇਸਫੁਲੀ ਦਿੱਤਾ ਕੰਮ ਤੈਨੂੰ ਬੁਰਾ ਲਗਦਾ ਹੈ। ਤੈਨੂੰ ਸੋਢੀ ਦੀ ਸਿਫ਼ਾਰਸ਼ ਦੇ ਬਾਵਜੂਦ ਚੋਪੜਾ ਜੀ ਕਿਸੇ ਕਪਟ ਕਾਰਨ ਨਹੀਂ, ਫ਼ਿਲਮੀ ਕੰਮ ਦੀ ਨੇਚਰ ਕਾਰਨ ਮਹੀਨਿਆਂ-ਸਾਲਾਂ ਦੀਆਂ ਬਾਤਾਂ ਪਾਉਂਦੇ ਨੇ। ਇਥੇ ਕੰਮ ਹੁੰਦਾ ਹੀ ਇਉਂ ਹੈ। ਕੋਈ ਕੰਮ ਝੱਟ ਹੋ ਜਾਂਦਾ ਹੈ ਤੇ ਕੋਈ ਲਟਕਦਾ ਰਹਿੰਦਾ ਹੈ। ਇਹ ਤੇਰੀ ਕਵਿਤਾ ਜਾਂ ਮੇਰਾ ਰੇਖਾ-ਚਿਤਰ ਨਹੀਂ ਕਿ ਅੱਧੇ ਘੰਟੇ ਵਿਚ ਤਿਆਰ। ਫ਼ਿਲਮ ਬਣਨ ਨੂੰ ਸਾਲਾਂ ਦੇ ਸਾਲ ਲਗਦੇ ਨੇ।"

ਜਗਦੀਪ ਨੇ ਵਿਅੰਗ ਕੀਤਾ, "ਤੈਨੂੰ ਤਾਂ ਸਾਲਾਂ ਦੇ ਸਾਲ ਕੋਈ ਨਾ ਲੱਗੇ?"

"ਹੁਣ ਮੈਂ ਤੈਨੂੰ ਕੀ ਸਫ਼ਾਈ ਦੇਵਾਂ", ਚਰਨਜੀਤ ਨੇ ਬੇਵਸੀ ਵਿਚ ਹੱਥ ਢਿੱਲੇ ਛੱਡੇ। "ਮੇਰੇ ਸਾਹਮਣੇ ਹੁਣ ਇਕੋ ਰਾਹ ਹੈ, ਮੈਂ ਤਾਂ ਦਿੱਲੀ ਮੁੜਦਾ ਹਾਂ। ਫ਼ਿਲਮਾਂ-ਫ਼ਿਲਮਾਂ ਤੂੰ ਕਰਦੀ ਸੀ, ਮੈਥੋਂ ਇਹ ਰੋਜ਼ ਸਵੇਰੇ ਕਲੀ-ਕੂਚੀ ਵਾਲਿਆਂ ਵਾਂਗ ਕੰਮ ਲੱਭਣ ਜਾਣ ਦੀ ਖੱਜਲ-ਖੁਆਰੀ ਨਹੀਂ ਝੱਲੀ ਜਾਂਦੀ।"

"ਤੇਰੀ ਖੱਜਲ-ਖੁਆਰੀ ਤਾਂ ਖਤਮ ਹੋ ਗਈ ਨਾ", ਜਗਦੀਪ ਨੇ ਮਿਹਣਾ ਮਾਰਿਆ।

"ਨਹੀਂ, ਮੈਂ ਉਹ ਕੰਮ ਛੱਡ ਦੇਣ ਦਾ ਫ਼ੈਸਲਾ ਕਰ ਲਿਆ।"

ਚਰਨਜੀਤ ਨੂੰ ਭਰਮ ਸੀ, ਸ਼ਾਇਦ ਉਹ ਕੁਛ ਠੰਡੀ ਪੈ ਕੇ ਉਹਨੂੰ ਕੰਮ ਨਾ ਛੱਡਣ ਲਈ ਕਹੇਗੀ ਪਰ ਉਹਨੇ ਕਿਹਾ ਨਹੀਂ। ਉਹਨੇ ਤਾਂ ਸਗੋਂ ਦਿੱਲੀ ਪਰਤਣ ਦੀ ਗੱਲ ਉੱਤੇ ਮੋਹਰ ਲਾ ਦਿੱਤੀ, "ਮੈਂ ਵੀ ਇਥੇ ਰਹਿ ਕੇ ਕੀ ਮੱਖੀਆਂ ਮਾਰੂੰਗੀ!"

"ਠੀਕ ਹੈ, ਮੈਂ ਕੱਲ੍ਹ ਦੀਆਂ ਦੋ ਟਿਕਟਾਂ ਲੈ ਆਉਂਦਾ ਹਾਂ।"

ਜਦੋਂ ਉਲਾਰ ਹੁੰਦੀ, ਜਗਦੀਪ ਹੋਸ਼ ਗੁਆ ਬੈਠਦੀ। ਬੋਲੀ, "ਕੱਲ੍ਹ ਦੀਆਂ ਕਿਉਂ, ਅੱਜ ਦੀਆਂ ਕਿਉਂ ਨਹੀਂ? ਅੱਜ ਇਥੇ ਰਹਿ ਕੇ ਰਾਜਕਪੂਰ ਵਾਲੇ ਕੰਮ ਦਾ ਜਸ਼ਨ ਮਨਾਉਣਾ ਹੈ?"

ਚਰਨਜੀਤ ਮੁਸਕਰਾਇਆ, "ਰਾਜਕਪੂਰ ਵਰਗੇ ਪਾਰਖੀ ਨੇ 'ਚਿਰਾਗ਼' ਦੇਖ ਕੇ ਮੈਨੂੰ ਕੰਮ ਦਿੱਤਾ, ਜਸ਼ਨ ਤਾਂ ਮੇਰੇ ਦਿਲ ਵਿਚ ਹੈ ਤੇ ਹਮੇਸ਼ਾ ਰਹੇਗਾ। ਰਹੀ ਅੱਜ ਜਾਣ ਦੀ ਗੱਲ, ਮੈਡਮ ਜਗਦੀਪ, ਮੈਂ ਨਾਸ਼ੁਕਰਾ ਨਹੀਂ ਬਣ ਸਕਦਾ। ਲੱਡੂ ਦੇਣ ਵੇਲੇ ਮੈਂ ਸੋਢੀ ਜੀ ਦੇ ਆਦਮੀ ਤੋਂ ਪੁੱਛਿਆ ਸੀ, ਉਹ ਕਿਧਰੇ ਕੰਮ ਗਏ ਨੇ ਤੇ ਉਧਰੋਂ ਹੀ ਘਰ ਚਲੇ ਜਾਣਗੇ। ਤੂੰ ਭਾਵੇਂ ਨਾ ਮੰਨ, ਉਹਨਾਂ ਦਾ ਏਨਾ ਵੱਡਾ ਅਹਿਸਾਨ ਹੈ ਸਾਡੇ ਉੱਤੇ, ਮੈਂ ਉਹਨਾਂ ਦਾ ਸ਼ੁਕਰੀਆ ਕਰੇ ਬਿਨਾਂ ਕਿਵੇਂ ਜਾ ਸਕਦਾ ਹਾਂ? ਤੇ ਰਾਜਕਪੂਰ ਸਾਹਿਬ ਦੀ ਮਿਹਰਬਾਨੀ ਦੇ ਜਵਾਬ ਵਿਚ ਬਿਨਾਂ ਦੱਸੇ ਜਾ ਕੇ ਉਹਨਾਂ ਦੀ ਬੇਕਦਰੀ ਕਰਾਂ? ਮੈਂ ਏਨਾ ਜ਼ਲੀਲ ਇਨਸਾਨ ਨਹੀਂ ਬਣ ਸਕਦਾ!"

ਉਹਨੇ ਬਾਹਰ ਖਲੋ ਕੇ ਗੇਟ ਦੇ ਚੌਕੀਦਾਰ ਨੂੰ ਆਵਾਜ਼ ਦਿੱਤੀ, "ਤਾਵੜੇ, ਏਕ ਮਿੰਟ ਆਨਾ।" ਤਾਵੜੇ ਨੇ ਸਲੂਟ ਮਾਰ ਕੇ ਪੁੱਛਿਆ, "ਕਿਆ ਸਾਅਬ?" ਚਰਨਜੀਤ ਨੇ ਡੱਬਾ ਫੜਾਇਆ, "ਲੋ, ਬੱਚੋਂ ਕੇ ਲੀਏ ਲੇ ਜਾਨਾ।" ਤਾਵੜੇ ਬਾਗੋ-ਬਾਗ ਹੋ ਗਿਆ, "ਆਪ ਕਾ ਕਾਮ ਬਨ ਗਿਆ ਸਾਅਬ? ਮੁਬਾਰਕ ਹੋ!" ਚਰਨਜੀਤ ਉਹਦੇ ਮੋਢੇ ਉੱਤੇ ਹੱਥ ਰੱਖ ਕੇ ਮੁਸਕਰਾ ਪਿਆ, "ਹਾਂ, ਤਾਵੜੇ ਭਾਈ, ਬਨ ਗਿਆ!" ਚਰਨਜੀਤ ਉਹਦੇ ਨਾਲ ਹੀ ਬਾਹਰ ਨਿੱਕਲਿਆ ਤੇ ਸਟੇਸ਼ਨ ਤੋਂ ਇਕ ਟਿਕਟ-ਟਾਊਟ ਲੱਭ ਕੇ ਕੱਲ੍ਹ ਦੀਆਂ ਦੋ ਬਰਥ ਲੈ ਆਇਆ।

ਅਗਲੇ ਦਿਨ ਚਰਨਜੀਤ ਤਿਆਰ ਹੋ ਕੇ ਜਗਦੀਪ ਨੂੰ ਕੁਛ ਕਹੇ ਬਿਨਾਂ ਨਿੱਕਲ ਗਿਆ। ਉਹਨੇ ਕੁਛ ਰੋਣਹੱਕਾ ਜਿਹਾ ਮੂੰਹ ਬਣਾ ਕੇ ਕਿਹਾ, "ਸਾਹਿਲ ਜੀ, ਮੁਝੇ ਦਿੱਲੀ ਜਾਨਾ ਪੜ ਰਹਾ ਹੈ, ਰਾਜ ਸਾਹਿਬ ਅਭੀ ਆਏ ਨਹੀਂ, ਮੇਰੀ ਤਰਫ਼ ਸੇ ਬਹੁਤ-ਬਹੁਤ ਸ਼ੁਕਰੀਆ ਕਰ ਕੇ ਉਨ ਸੇ ਮਾਫ਼ੀ ਜ਼ਰੂਰ ਮਾਂਗ ਦੀਜੀਏਗਾ।"

ਉਹਨੇ ਰੁਖਾਈ ਜਿਹੀ ਨਾਲ ਪੁੱਛਿਆ, "ਕਬ ਲੌਟੋਗੇ?"

ਚਰਨਜੀਤ ਨੇ ਗੱਲ ਮੁਕਦੀ ਕੀਤੀ, "ਸ਼ਾਇਦ ਕਭੀ ਨਹੀਂ!"

ਹੈਰਾਨੀ ਨਾਲ ਸਾਹਿਲ ਦਾ ਮੂੰਹ ਖੁੱਲ੍ਹੇ ਦਾ ਖੁੱਲ੍ਹਾ ਰਹਿ ਗਿਆ, "ਅਰੇ ਤੁਮ੍ਹਾਰਾ ਦਿਮਾਗ਼ ਤੋ ਕਾਮ ਕਰ ਰਹਾ ਹੈ ਨਾ, ਬੜੇ ਆਰਟਿਸਟ? ਰਾਜ ਸਾਹਿਬ ਕੇ ਹਾਂ ਕਾਮ ਮਿਲਾ ਔਰ ਤੁਮ ਛੋਡ ਕਰ ਜਾ ਰਹੇ ਹੋ? ਪਤਾ ਹੈ, ਤੁਮ੍ਹਾਰੇ ਜੈਸੇ ਕਾਮ ਤਲਾਸ਼ਨੇ ਵਾਲੋਂ ਕੋ ਕੋਈ ਆਰ ਕੇ ਸਟੂਡੀਓ ਕੇ ਦਰਵਾਜ਼ੇ ਕੇ ਅੰਦਰ ਨਹੀਂ ਆਨੇ ਦੇਤਾ!"

"ਸਾਹਿਲ ਸਾਹਿਬ, ਮੈਂ ਇਤਨਾ ਬੇਵਕੂਫ਼ ਨਹੀਂ, ਸਭ ਸਮਝਤਾ ਹੂੰ। ਕਿਆ ਕਰੂੰ, ਦਿੱਲੀ ਮੇਰੇ ਘਰ ਕੁਛ ਐਸਾ ਹੋ ਗਿਆ ਹੈ, ਮੁਝੇ ਜਾਨਾ ਹੀ ਹੋਗਾ।"

ਸਾਹਿਲ ਕੁਛ ਨਰਮ ਪੈ ਗਿਆ, "ਐਸਾ ਹੈ ਤੋ ਠੀਕ ਹੈ। ਰਾਜ ਸਾਹਿਬ ਕੋ ਤੁਮ੍ਹਾਰਾ ਸ਼ੁਕਰੀਆ ਕਹਿ ਕਰ ਮਜਬੂਰੀ ਬਤਾ ਦੂੰਗਾ।"

ਵਾਪਸ ਆ ਕੇ ਉਹਨੇ ਜਗਦੀਪ ਨੂੰ ਨਾਲ ਲਿਆ ਤੇ ਬਿਲਕੁਲ ਸਾਧਾਰਨ ਵਾਂਗ ਸੋਢੀ ਨੂੰ ਕਿਹਾ, "ਹੁਣ ਅਸੀਂ ਇਥੇ ਬੰਬਈ ਬੈਠ ਕੇ ਕੀ ਕਰਾਂਗੇ, ਸੋਢੀ ਜੀ। ਚੋਪੜਾ ਜੀ ਦੀ ਵਾਪਸੀ ਮਗਰੋਂ ਜੇ ਤੇ ਜਦੋਂ ਕੋਈ ਗੱਲ ਬਣੇ, ਸਾਨੂੰ ਦਿੱਲੀ ਦੱਸ ਦੇਣਾ। ਬਾਕੀ ਜੋ ਕੁਛ ਤੁਸੀਂ ਸਾਡੇ ਲਈ ਕੀਤਾ, ਉਹਦਾ ਸ਼ੁਕਰੀਆ ਕਰ ਕੇ ਅਸੀਂ ਤੁਹਾਡੀ ਮਿਹਰਬਾਨੀ ਨੂੰ ਛੁਟਿਆਉਣਾ ਨਹੀਂ ਚਾਹੁੰਦੇ।"

ਸੋਢੀ ਨੇ ਸ਼ੁਕਰ ਕੀਤਾ, ਇਹਨਾਂ ਨਾਲ ਅਜੇ ਚੋਪੜਾ ਜੀ ਦੀ ਦੱਸੀ ਗੀਤਾਂ-ਗ਼ਜ਼ਲਾਂ ਬਾਰੇ ਗੱਲ ਨਹੀਂ ਸੀ ਕੀਤੀ। ਐਵੇਂ ਬੇਮਜ਼ਾ ਹੁੰਦੇ। ਉਹਨੇ ਕਿਹਾ, "ਠੀਕ ਹੈ, ਚੋਪੜਾ ਜੀ ਵਾਪਸ ਆ ਜਾਣ, ਮੈਂ ਉਹਨਾਂ ਨਾਲ ਇਨ-ਟੱਚ ਰਹਾਂਗਾ। ਮਿਹਰਬਾਨੀਆਂ ਬਿਗਾਨਿਆਂ ਉੱਤੇ ਹੁੰਦੀਆਂ ਨੇ, ਆਪਣਿਆਂ ਉੱਤੇ ਕਾਹਦੀ ਮਿਹਰਬਾਨੀ ਤੇ ਕਾਹਦਾ ਅਹਿਸਾਨ! ਸਗੋਂ ਮੈਂ ਤਾਂ ਸ਼ਰਮਿੰਦਾ ਹਾਂ, ਆਪਣੇ ਕੰਮਾਂ ਵਿਚ ਉਲਝਿਆ ਤੁਹਾਡਾ ਓਨਾ ਖ਼ਿਆਲ ਨਹੀਂ ਰੱਖ ਸਕਿਆ ਜਿੰਨਾ ਰੱਖਣਾ ਚਾਹੀਦਾ ਸੀ।"

ਸਫ਼ਰ ਲਗਭਗ ਚੁੱਪ ਵਿਚ ਹੀ ਬੀਤਿਆ। ਚਰਨਜੀਤ ਨੇ ਕੁਲੀ ਤੋਂ ਜਗਦੀਪ ਦਾ ਸਾਮਾਨ ਟਿਕਟਘਰ ਵਾਲੇ ਬਾਹਰਲੇ ਹਾਲ ਦੇ ਇਕ ਬੈਂਚ ਉੱਤੇ ਰਖਵਾ ਦਿੱਤਾ। ਆਪਣਾ ਬੈਗਪੈਕ ਉਹਨੇ ਪਹਿਲਾਂ ਹੀ ਮੋਢਿਆਂ ਵਿਚ ਪਾਇਆ ਹੋਇਆ ਸੀ ਤੇ ਛੋਟਾ ਜਿਹਾ ਬੈਗ ਹੱਥ ਵਿਚ ਫੜਿਆ ਹੋਇਆ ਸੀ। ਕੁਲੀ ਨੂੰ ਤੋਰ ਕੇ ਕਹਿੰਦਾ, "ਠੀਕ ਹੈ ਫੇਰ, ਮੈਂ ਚਲਦਾ ਹਾਂ।"

ਜਗਦੀਪ ਹੈਰਾਨੀ ਨਾਲ ਚੀਕ ਹੀ ਪਈ, "ਕੀ ਮਤਲਬ? ਪਹਿਲਾਂ ਮੈਨੂੰ ਘਰ ਛੱਡ ਕੇ ਆ!"

ਚਰਨਜੀਤ ਨੇ ਉਹਦੇ ਸਾਰੇ ਮਿਹਣਿਆਂ ਵਰਗਾ ਇਕੋ ਮਿਹਣਾ ਮਾਰਿਆ, "ਕਿਉਂ ਤੂੰ ਗੁਰਮੁਖ ਸਿੰਘ ਤੋਂ ਕੰਨਿਆਦਾਨ ਕਰਵਾ ਕੇ ਮੇਰੇ ਨਾਲ ਆਈ ਸੀ ਜੋ ਮੈਂ ਹੁਣ ਜਾ ਕੇ ਕਹਾਂ, ਇਹਨੂੰ ਪੇਕੀਂ ਮਿਲਾਉਣ ਲਿਆਇਆ ਹਾਂ!"

ਜਗਦੀਪ ਨੇ ਕੱਚੀ ਜਿਹੀ ਹੋ ਕੇ ਪੁੱਛਿਆ, "ਤੂੰ ਕਿਥੇ ਚੱਲਿਆ ਹੈਂ?"

"ਅਨਵਰ ਮੀਆਂ ਵਾਲੀ ਕੋਠੜੀ ਵਿਚ!... ਜੇ ਉਸ ਉੱਤੇ ਕਿਸੇ ਹੋਰ ਨੇ ਕਬਜ਼ਾ ਨਾ ਕੀਤਾ ਹੋਇਆ।"

"ਤੇ ਮੈਂ ਕਿਧਰ ਜਾਵਾਂ?"

"ਤੂੰ ਆਪਣੇ ਘਰ! ਗੁਰਮੁਖ ਸਿੰਘ ਨੇ ਤਾਂ ਤੈਨੂੰ ਤਲਾਕ ਦੇਣੋਂ ਵੀ ਇਨਕਾਰ ਕਰ ਦਿੱਤਾ ਸੀ। ਸੋ ਉਹ ਬੂਹਾ ਤੇਰੇ ਵਾਸਤੇ ਖੁੱਲ੍ਹਾ ਹੈ। ਜਿੰਨਾ ਕੁ ਮੈਂ ਜਾਣਦਾ ਹਾਂ, ਉਹ ਏਨਾ ਗੁਰਮੁਖ ਬੰਦਾ ਹੈ, ਅੱਜ ਤਾਂ ਕੀ, ਜ਼ਿੰਦਗੀ ਭਰ ਤੈਨੂੰ ਕਦੀ ਮਿਹਣਾ ਵੀ ਨਹੀਂ ਮਾਰੇਗਾ।"

ਜਗਦੀਪ ਮਿੰਨਤ ਵਾਂਗ ਬੋਲੀ, "ਮੈਂ ਇਕੱਲੀ ਬੇਸ਼ਰਮਾਂ ਵਾਂਗ ਘਰ ਕਿਵੇਂ ਜਾਵਾਂ? ਤੂੰ ਮੈਨੂੰ ਘਰ ਵੜਦੀ ਕਰ ਕੇ ਆ।"

ਚਰਨਜੀਤ ਨੇ ਕੋਰੀ ਨਾਂਹ ਕੀਤੀ, "ਜਾਣਦੀ-ਸਮਝਦੀ ਤੂੰ ਵੀ ਹੈਂ ਕਿ ਤੇਰੀ ਇਸ ਸ਼ਰਮ ਦਾ ਇਲਾਜ ਘੱਟੋ-ਘੱਟ ਮੈਂ ਤਾਂ ਹਾਂ ਨਹੀਂ। ਕਿਸੇ ਹੋਰ ਨੂੰ ਬੁਲਾ ਲੈ ਜੋ ਤੇਰੇ ਉੱਤੇ ਇਹ ਪਰਉਪਕਾਰ ਕਰ ਸਕੇ।"

ਉਹ ਰੋਣਹਾਕੀ ਹੋ ਗਈ, "ਮੈਂ ਕੀਹਨੂੰ ਬੁਲਾਵਾਂ? ਮੈਨੂੰ ਕੁਛ ਨਹੀਂ ਸੁਝਦਾ!"

ਚਰਨਜੀਤ ਨੂੰ ਤਰਸ ਆਇਆ ਪਰ ਉਹਨੇ ਇਹ ਤਰਸ ਦਿਖਾਏ ਬਿਨਾਂ ਕਿਹਾ, "ਇਕ ਆਦਮੀ ਹੈ ਜੋ ਤੇਰੀ ਮਰਜ਼ ਦੀ ਦਵਾ ਬਣ ਸਕਦਾ ਹੈ।"

ਜਗਦੀਪ ਨੇ ਕਾਹਲੀ ਪੈ ਕੇ ਪੁੱਛਿਆ, "ਕੌਣ?"

"ਹਰਪ੍ਰੀਤ ਸਿੰਘ ਹਿਤੈਸ਼ੀ!"

ਜਗਦੀਪ ਨੇ ਸੁਖ ਦਾ ਸਾਹ ਲਿਆ। ਉਹ ਹੈਰਾਨ ਵੀ ਹੋਈ, ਉਹਨੂੰ ਇਹ ਗੱਲ ਆਪ ਕਿਉਂ ਨਾ ਸੁੱਝੀ! ਚਰਨਜੀਤ ਨੇ ਕਿਹਾ, "ਉਠ, ਔਹ ਪਬਲਿਕ ਫ਼ੋਨ ਬੂਥ ਤੋਂ ਮੈਂ ਫ਼ੋਨ ਮਿਲਾ ਦਿੰਦਾ ਹਾਂ, ਗੱਲ ਤੂੰ ਹੀ ਕਰੀਂ।" ਚੰਗੇ ਭਾਗ, ਫ਼ੋਨ ਪਹਿਲੀ ਵਾਰ ਹੀ ਮਿਲ ਗਿਆ ਤੇ ਹਿਤੈਸ਼ੀ ਜੀ ਦਫ਼ਤਰ ਵਿਚ ਹੀ ਸਨ। ਜਗਦੀਪ ਨੇ ਕਿਹਾ, "ਮੈਂ ਬੰਬਈ ਤੋਂ ਮੁੜ ਆਈ ਹਾਂ ਤੇ ਨਵੀਂ ਦਿੱਲੀ ਸਟੇਸ਼ਨ ਦੇ ਟਿਕਟਘਰ ਦੇ ਬੈਂਚ ਉੱਤੇ ਬੈਠੀ ਹਾਂ। ਹਿਤੈਸ਼ੀ ਜੀ, ਤੁਸੀਂ ਹੁਣੇ, ਖੜ੍ਹੇ ਪੈਰ ਆ ਜਾਉ!"

ਉਹ ਸਮਝ ਗਏ, ਮਾਮਲਾ ਗੜਬੜ ਹੈ ਤੇ ਕੁਛ ਵੀ ਪੁੱਛੇ ਬਿਨਾਂ ਬੋਲੇ, "ਜਗਦੀਪ ਜੀ, ਘਬਰਾਉ ਨਾ, ਮੈਂ ਆਇਆ ਸਮਝੋ।" ਉਹਨਾਂ ਨੇ ਇਹ ਪੁੱਛਣ ਦੀ ਲੋੜ ਵੀ ਮਹਿਸੂਸ ਨਾ ਕੀਤੀ ਕਿ ਚਰਨਜੀਤ ਕਿਥੇ ਹੈ।

ਬੂਥ ਵਿਚੋਂ ਬਾਹਰ ਆ ਕੇ ਚਰਨਜੀਤ ਕਹਿਣ ਲੱਗਿਆ, "ਠੀਕ ਹੈ, ਹੁਣ ਤਾਂ ਹਿਤੈਸ਼ੀ ਜੀ ਆ ਹੀ ਰਹੇ ਨੇ, ਮੈਂ ਚਲਦਾ ਹਾਂ।"

"ਨਹੀਂ, ਮੈਂ ਇਥੇ ਇਕੱਲੀ ਕਿਵੇਂ ਬੈਠਾਂਗੀ। ਹਿਤੈਸ਼ੀ ਜੀ ਦੇ ਆਉਣ ਤੱਕ ਇਥੇ ਹੀ ਰਹਿ।"

ਚਰਨਜੀਤ ਨੇ ਬੈਗ ਭੁੰਜੇ ਰੱਖ ਦਿੱਤਾ ਤੇ ਬੈਗਪੈਕ ਮੋਢਿਆਂ ਵਿਚ ਪਾਏ-ਪਵਾਏ ਬੈਂਚ ਦੇ ਦੂਜੇ ਕਿਨਾਰੇ ਬੈਠ ਗਿਆ।

###

# ਐਸੀ ਪਈ ਇਸ਼ਕ ਦੀ ਮਾਰ...!

ਮੇਰੀ ਉਹ ਗਲਤੀ ਨਹੀਂ, ਗੁਨਾਹ ਸੀ ਜੋ ਮੈਂ ਜਵਾਨੀ ਦੀ ਦਹਿਲੀਜ਼ 'ਤੇ ਪੈਰ ਰੱਖਦਿਆਂ ਹੀ ਕਰ ਬੈਠੀ ਸੀ। ਜਿਨ੍ਹਾਂ ਜੰਮਿਆ, ਪਾਲਿਆ, ਪੜ੍ਹਾਇਆ ਤੇ ਹਰੇਕ ਚੀਜ਼ ਕੀ ਚਿੜੀਆਂ ਦਾ ਦੁੱਧ ਵੀ ਹਾਜ਼ਰ ਕਰਨ ਲਈ ਤਿਆਰ ਰਹਿੰਦੇ ਮਾਪਿਆਂ ਖਿਲਾਫ ਮੈਂ ਬਗਾਵਤ ਕਰ ਦਿੱਤੀ। ਲੋਕ ਧੀ ਜੰਮਣ ਤੋਂ ਇਸ ਲਈ ਹੀ ਡਰਦੇ ਹਨ ਕਿ ਬਾਬਲ ਦੀ ਪੱਗ ਨੂੰ ਦਾਗ਼ ਨਾ ਲਾ ਦੇਵੇ। ਘਰ ਦੀ ਇੱਜ਼ਤ ਧੀ ਦੀ ਚੁੰਨੀ ਵਿਚ ਵਲੇਟੀ ਹੁੰਦੀ ਹੈ। ਜੱਦ ਉਹ ਕੁਆਰੀ ਚੁੰਨੀ ਕਿਸੇ ਬਿਗਾਨੇ ਪੁੱਤ ਦੇ ਸਾਹਮਣੇ ਉਤਾਰੀ ਜਾਵੇ ਤਾਂ ਉਸੇ ਵਕਤ ਬਾਬਲ ਦੀ ਪੱਗ ਪੈਰਾਂ ਵਿਚ ਡਿੱਗ ਪੈਂਦੀ ਹੈ। ਸ਼ਰੀਕੇ ਵਿਚ ਬੇਕਸੂਰ ਬਾਬਲ ਦੋਸ਼ੀਆਂ ਦੀ ਗਿਣਤੀ ਵਿਚ ਗਿਣਿਆ ਜਾਣਾ ਸ਼ੁਰੂ ਹੋ ਜਾਂਦਾ ਹੈ।

ਮੇਰੇ ਮਾਪਿਆਂ ਨੇ ਮੈਨੂੰ ਬੜੇ ਚਾਵਾਂ ਨਾਲ ਪਾਲਿਆ ਤੇ ਪੜ੍ਹਾਇਆ। ਦਸਵੀਂ ਕਰਵਾ ਕੇ ਮਾਪਿਆਂ ਨੇ ਚਾਅ ਨਾਲ ਕਾਲਜ ਦਾਖਲ ਕਰਵਾਇਆ। ਪੜ੍ਹਨ ਨੂੰ ਮੈਂ ਹੁਸ਼ਿਆਰ ਸੀ। ਘਰ ਦੇ ਹਾਲਾਤ ਵੀ ਦਰਮਿਆਨੇ ਸਨ।



**ਮੇਜਰ ਕੁਲਾਰ ਬੋਪਾਰਾਏ ਕਲਾਂ**
**ਫੋਨ: 916 273 2856**

ਦੋਵੇਂ ਵੱਡੇ ਵੀਰ ਵੀ ਮੇਰੇ ਤੋਂ ਜਾਨ ਵਾਰਦੇ ਸਨ। ਪਰ ਮੈਨੂੰ ਪਤਾ ਨਹੀਂ ਲੱਗਿਆ ਕਦੋਂ ਕਾਲਜ ਦੀ ਪੜ੍ਹਾਈ ਨਾਲ ਇਸ਼ਕ ਦਾ ਓ-ਅ ਪੜ੍ਹ ਗਈ ਤੇ ਨਾਲ ਪੜ੍ਹਦੇ ਪੰਡਤਾਂ ਦੇ ਮੁੰਡੇ ਨਾਲ ਦਿਲ ਬਦਲਾ ਬੈਠੀ। ਯਾਨੀ ਮੇਰੇ ਦਿਲ 'ਤੇ ਪੰਡਤਾਂ ਦੇ ਮੁੰਡੇ ਦਾ ਨਾਮ ਲਿਖਿਆ ਗਿਆ। ਇਸ਼ਕ ਦੀਆਂ ਮਿਸ਼ਰੀ ਤੋਂ ਵੱਧ ਮਿੱਠੀਆਂ ਗੱਲਾਂ ਨੇ ਕਿਤਾਬਾਂ ਹੱਥੋਂ ਸੁੱਟਾ ਦਿੱਤੀਆਂ। ਕਲਾਸਾਂ ਦਾ ਸਮਾਂ ਬਾਹਰ ਬੀਤਣ ਲੱਗਿਆ। ਪੰਡਤਾਂ ਦੇ ਪੁੱਤ ਤੇ ਜ਼ਿਮੀਂਦਾਰਾਂ ਦੀ ਧੀ ਦਾ ਇਸ਼ਕ ਕੰਨੋਂ-ਕੰਨੀ ਕਾਲਜ ਦੀ ਜਵਾਨੀ ਬਦੌਲਤ ਹਵਾ ਵਿਚ ਗੁਬਾਰੇ ਦੀ ਤਰ੍ਹਾਂ ਉਡਣ ਲੱਗਿਆ। ਪਹਿਲੇ ਕੱਚੇ ਪੇਪਰਾਂ ਵਿਚੋਂ ਫੇਲ੍ਹ ਦਾ ਖ਼ਿਤਾਬ ਮਿਲ ਗਿਆ। ਬਾਬਲ ਦੇ ਖੂਨ-ਪਸੀਨੇ ਦੀ ਕਮਾਈ ਨਾਲ ਦਿੱਤੀਆਂ ਮੋਟੀਆਂ ਫ਼ੀਸਾਂ ਦਾ ਲਿਹਾਜ਼ ਵੀ ਨਹੀਂ ਕੀਤਾ, ਬੱਸ ਚੌਂਤੇ-ਪਹਿਰ ਇਸ਼ਕ ਦੇ ਸਾਗਰ ਵਿਚ ਗ਼ੋਤੇ ਲਾਉਂਦੀ ਰਹਿੰਦੀ ਸੀ। ਚਾਸ਼ਨੀ ਦੇ ਮਿਠਾਸ ਵਰਗੇ ਇਸ਼ਕ ਨੇ ਅੱਖਾਂ ਅੱਗੇ ਅਜਿਹੀ ਪੱਟੀ ਬੰਨ੍ਹੀ ਕਿ ਘਰ ਦੇ ਜ਼ਹਿਰ ਵਾਂਗ ਕੌੜੇ ਲੱਗਣ ਲੱਗੇ। ਅਸੀਂ ਧੀਆਂ ਵੀ ਕਿੰਨੀਆਂ ਬੇਵਕੂਫ਼ ਹੁੰਦੀਆਂ ਹਾਂ ਕਿ ਜਿਹੜੇ ਮਾਪਿਆਂ ਨੇ ਵੀਹ-ਬਾਈ ਸਾਲ ਸਾਨੂੰ ਦਿਨ-ਰਾਤ ਇੱਕ ਕਰਕੇ ਪਾਲਿਆ ਹੁੰਦਾ ਹੈ, ਉਨ੍ਹਾਂ ਨੂੰ ਛੱਡ ਕੇ ਜੋ ਵੀਹ-ਬਾਈ ਦਿਨ ਪਹਿਲਾਂ ਮਿਲਿਆ ਹੁੰਦਾ ਹੈ, ਉਸ ਪਿੱਛੇ ਜਾਨ ਦੇਣ ਨੂੰ ਤਿਆਰ ਹੋ ਜਾਂਦੀਆਂ ਹਾਂ। ਉਹੀ ਸਾਨੂੰ ਸਭ ਤੋਂ ਵੱਧ ਪਿਆਰਾ ਹੋ ਜਾਂਦਾ ਹੈ। ਬੱਸ ਦੋਵੇਂ ਪਾਸਿਓਂ ਚਿੱਟਾ ਚੰਮ ਚੂੰਡਣ ਨੂੰ ਇਸ਼ਕ ਦਾ ਨਾਮ ਦੇ ਕੇ ਸੱਚੇ ਰੂਹਾਂ ਦੇ ਆਸ਼ਿਕਾਂ ਨੂੰ ਬਦਨਾਮ ਕਰ ਦਿੰਦੀਆਂ ਹਾਂ।

ਮੇਰੀ ਮਾਂ ਨੂੰ ਮੇਰੇ ਦਾਜ ਦਾ ਫ਼ਿਕਰ ਸੀ। ਉਹ ਚਾਦਰਾਂ 'ਤੇ ਕਢਾਈ ਕੱਢਦੀ ਅੰਨ੍ਹੀ ਹੋ ਰਹੀ ਸੀ, ਜਿਸ ਨੇ ਦਾਜ ਲਿਜਾਣਾ ਸੀ, ਉਹ ਇਸ਼ਕ ਵਿਚ ਅੰਨ੍ਹੀ ਹੋਈ ਫਿਰਦੀ ਸੀ। ਸਿਆਣੇ ਕਹਿੰਦੇ ਨੇ ਕਿ ਕੱਖਾਂ ਥੱਲੇ ਅੱਗ ਦੱਬ ਨਹੀਂ ਹੁੰਦੀ ਇਸੇ ਤਰ੍ਹਾਂ ਸਾਡਾ ਇਸ਼ਕ ਵੀ ਕਾਲਜ ਤੋਂ ਉਡਦਾ ਹੋਇਆ ਸਾਡੇ ਘਰ ਦੇ ਵਿਹੜੇ ਆਣ ਵੜਿਆ। ਸਭ ਤੋਂ ਪਹਿਲਾਂ ਮੇਰੀ ਮਾਂ ਨੇ ਮੇਰੇ ਜੰਮਣ ਲਈ ਹੀ ਕੀਰਨੇ ਪਾਏ। ਆਪਣੇ ਢਿੱਡ 'ਤੇ ਮੁੱਕੀਆਂ ਮਾਰੀਆਂ ਕਿ ਤੂੰ ਮੇਰੀ ਕੁੱਖ ਵਿਚੋਂ ਪੈਦਾ ਕਿਉਂ ਹੋਈ। ਮਾਂ ਦਾ ਰੋਣਾ-ਪਿੱਟਣਾ, ਕੀਰਨੇ, ਤਾਅਨੇ-ਮਿਹਣਿਆਂ ਦਾ ਮੇਰੇ 'ਤੇ ਕੋਈ ਅਸਰ ਨਾ ਹੋਇਆ। ਮਾਂ ਨੂੰ ਦੇਖ ਕੇ ਲੱਗਦਾ ਸੀ ਕਿ ਉਹ ਐਕਟਿੰਗ ਬਹੁਤ ਵਧੀਆ ਕਰ ਲੈਂਦੀ ਹੈ। ਮੇਰੇ ਸਿਰ ਤਾਂ ਪੰਡਿਤ ਪੜ੍ਹਨ ਦਾ ਭੂਤ ਸਵਾਰ ਸੀ। ਫਿਰ ਜਾਨੋਂ ਵੱਧ ਪਿਆਰੇ ਭਰਾਵਾਂ ਨੇ ਪੁੱਛਿਆ ਕਿ 'ਦੀਪੀ ...! ਦੱਸ ਸਾਡਾ ਕਸੂਰ ਕੀ ਸੀ, ਤੈਂ ਕਿਹੜੇ ਜਨਮਾਂ ਦੀ ਸਜ਼ਾ ਸਾਨੂੰ ਦਿੱਤੀ ਹੈ। ਅਸੀਂ ਕਿਹੜੇ ਮੂੰਹ ਨਾਲ ਲੋਕਾਂ ਦੇ ਮੱਥੇ ਲੱਗਾਂਗੇ। ਲੋਕ ਸੱਚ ਹੀ ਕਹਿੰਦੇ ਨੇ ਕਿ ਇਨ੍ਹਾਂ ਨੂੰ ਜੰਮਣ ਤੋਂ ਪਹਿਲਾਂ ਹੀ ਮਾਰ ਦਿਉ। ਦੂਜੇ ਭਰਾ ਦਾ ਗੁੱਸਾ ਤਾਂ ਹਾਈ ਲੈਵਲ ਦਾ ਸੀ। ਉਹ ਬੋਲਿਆ ਘੱਟ ਤੇ ਕੁਟਾਪਾ ਵੱਧ ਚਾੜ੍ਹਿਆ। ਮੇਰੀਆਂ ਚੀਕਾਂ ਸੁਣ ਕੇ ਆਂਢੀ-ਗਵਾਂਢੀ ਇਕੱਠੇ ਹੋ ਗਏ। ਰੌਲਾ ਪੈਂਦਾ ਸੁਣ ਕੇ ਹਰੇਕ ਰਾਹਗੀਰ ਨੇ ਸਾਡੇ ਵਿਹੜੇ ਦੀ ਹਿੱਕ 'ਤੇ ਗੋੜੇ ਕੱਢੇ, ਕੁੱਟ ਤੇ ਇਸ਼ਕ ਦੇ ਠਰਕੀ ਮਖੌਲ ਕੀਤੇ। ਜਿੰਨੀ ਮੇਰੇ ਨਾਲ ਹੋਈ, ਦਿਲ ਤਾਂ ਕਰਦਾ ਸੀ ਕਿ ਕੁਝ ਖਾ ਕੇ ਮਰ ਜਾਵਾਂ, ਪਰ ਪੜ੍ਹਨ ਦੀ ਖਾਤਰ ਮੈਨੂੰ ਜਿਉਣਾ ਪੈਣਾ ਸੀ। ਇਸ਼ਕ ਕਿੰਨੀ ਭੈੜੀ ਬਲਾ ਹੈ, ਜੰਮਣ ਵਾਲਿਆਂ ਦਾ ਫਿਕਰ ਨਹੀਂ ਕੀਤਾ ਜਿਹੜਾ ਦੋ ਮਹੀਨੇ ਪਹਿਲਾਂ ਮਿਲਿਆ ਉਸ ਦਾ ਫਿਕਰ ਬਹੁਤਾ ਸੀ। ਉਸ ਦਿਨ ਸਾਰਾ ਟੱਬਰ ਸੋਗਮਈ ਅਵਸਥਾ ਵਿਚ ਰਿਹਾ। ਨਾ ਰੋਟੀ ਪੱਕੀ ਨਾ ਕਿਸੇ ਖਾਧੀ। ਬਾਪੂ ਰਾਤ ਨੂੰ ਘਰ ਵੜਿਆ ਤੇ ਚੁੱਪ-ਚਾਪ ਕਮਰੇ ਵਿਚ ਚਲਿਆ ਗਿਆ। ਇਹ ਮੇਰਾ ਉਹ ਬਾਪੂ ਸੀ, ਜਿਹੜਾ ਬੂਹਾ ਲੰਘਦਿਆਂ ਹੀ ਮੇਰਾ ਨਾਮ ਲੈ ਕੇ ਆਵਾਜ਼ ਮਾਰਦਾ ਸੀ ਤੇ ਮੈਂ ਭੱਜ ਕੇ ਪਾਣੀ ਦਾ ਗਲਾਸ ਫੜਾਉਂਦੀ, ਤੇ ਬਾਪੂ ਮੈਨੂੰ ਘੁੱਟ ਕੇ ਬੁੱਕਲ ਵਿਚ ਲੈ ਕੇ ਪਿਆਰ ਕਰਦਾ। ਮੈਂ ਬਾਪੂ ਦੇ ਸਾਰੇ ਦਿਨ ਦਾ ਹਾਲ-ਚਾਲ ਸੁਣਦੀ। ਬਾਪੂ ਮਾਂ ਨੂੰ ਕਹਿੰਦਾ ਕਿ ਕੁਝ ਆਪਣੀ ਧੀ ਤੋਂ ਵੀ ਸਿੱਖ ਲੈ ਕਿ ਕਿਵੇਂ ਬਾਹਰੋਂ ਆਏ ਬੰਦੇ ਦਾ ਹਾਲ-ਚਾਲ ਪੁੱਛੀਦਾ ਹੈ। ਮਾਂ ਅੱਗੋਂ ਖਿਝ ਕੇ ਕਹਿੰਦੀ ਕਿ ਮੇਰੇ ਕੋਲ ਟਾਈਮ ਨਹੀਂ ਇਨ੍ਹਾਂ ਹੋਛੀਆਂ ਗੱਲਾਂ ਦਾ...ਤੁਸੀਂ ਪਿਓ-ਧੀ ਲੱਗੇ ਰਿਹਾ ਕਰੋ। ਫਿਰ ਮਾਂ ਮੈਨੂੰ ਕਹਿੰਦੀ, ਭਾਈ ਸੱਚੀਂ ਤੇਰਾ ਪਿਓ ਤਾਂ ਬਹੁਤਾ ਮੋਹ ਕਰਦਾ ਤੇਰਾ...ਫਿਰ ਅਸੀਂ ਸਾਰੇ ਹੱਸਣ ਲੱਗ ਜਾਂਦੇ ਤੇ ਅੱਜ ਉਹੀ ਮਾਂ ਨੇ ਮੇਰਾ ਜਿਉਂਦੀ ਦਾ ਸਿਵਾ ਬਾਲ ਦਿੱਤਾ ਸੀ। ਮਾਂ ਸੱਚੀਂ ਮੇਰੇ ਤੋਂ ਬਹੁਤ ਦੁਖੀ ਹੋਈ ਸੀ। ਮੈਂ ਕਰਤੂਤ ਵੀ ਅਜਿਹੀ ਕੀਤੀ ਸੀ।

ਦੂਜੇ ਦਿਨ ਬਾਪੂ ਮੇਰੇ ਕਮਰੇ ਵਿਚ ਆਇਆ, ਮੈਂ ਡਰ ਕੇ ਆਪਣਾ ਮੂੰਹ ਦੋਵਾਂ ਗੋਡਿਆਂ ਦੇ ਵਿਚਕਾਰ ਲੁਕੋ ਲਿਆ, ਮੈਂ ਬਾਪੂ ਨੂੰ ਮੂੰਹ ਕਿੰਝ ਦਿਖਾਉਂਦੀ।

ਲਾਲਿਆਂ ਘਰ ਸੁਨੇਹਾ ਭੇਜ ਦੇ ਤੈਨੂੰ ਆ ਕੇ ਲੈ ਜਾਣ...ਬਾਪੂ ਨੇ ਆਉਂਦਿਆਂ ਹੀ ਹੁਕਮ ਸੁਣਾਇਆ।

ਡਰ ਦੀ ਮਾਰੀ ਕੁਝ ਨਾ ਬੋਲੀ, ਅੱਜ ਪਹਿਲੀ ਵਾਰ ਬਾਪੂ ਤੋਂ ਡਰ ਲੱਗਿਆ ਸੀ। ਸ਼ਾਇਦ ਇਹ ਵੀ ਬਾਪੂ ਦਾ ਪਿਆਰ ਹੀ ਸੀ ਕਿ ਬਗੈਰ ਹੱਥ ਚੁੱਕਿਆਂ ਹੁਕਮ ਸੁਣਾ ਗਿਆ ਸੀ, ਨਹੀਂ ਤਾਂ ਸੋਟੀ ਨਾਲ ਕੁੱਟ ਕੇ ਵੀ ਹੁਕਮ ਸੁਣਾ ਸਕਦਾ ਸੀ। ਜੇ ਮਾਂ ਨਾਲ ਨਾੜੂਏ ਦੀ ਸਾਂਝ ਸੀ ਤਾਂ ਬਾਪੂ ਦਾ ਰੱਤ ਵੀ ਮੇਰੀਆਂ ਰਗਾਂ ਵਿਚ ਦੌੜਦਾ ਸੀ।

ਮੈਂ ਕਿਵੇਂ ਕਿਸ ਕੋਲ ਸੁਨੇਹਾ ਭੇਜਦੀ। ਉਦੋਂ ਫੋਨ ਵੀ ਨਹੀਂ ਹੁੰਦੇ ਸੀ ਤੇ ਬਿਨਾਂ ਅਨੰਦ ਕਾਰਜ ਕਰਵਾਇਆਂ ਕਿਵੇਂ ਚਲੀ ਜਾਂਦੀ। ਕਈ ਦਿਨ ਘਰੇ ਇੰਝ ਹੀ ਸੋਗਮਈ ਮਾਹੌਲ ਚੱਲਦਾ ਰਿਹਾ। ਦੋ ਕੁ ਮਹੀਨੇ ਪਹਿਲਾਂ ਸੂਈ ਮੱਝ ਦੀ ਕੱਟੀ ਮਰ ਗਈ। ਮਾਂ ਨੇ ਰੋ-ਰੋ ਬੁਰਾ ਹਾਲ ਕਰ ਲਿਆ ਕਿ ਮਸਾਂ ਇਸ ਰਵੇ ਦੀ ਕੱਟੀ ਪੈਦਾ ਹੋਈ ਸੀ ਉਹ ਵੀ ਮਰ ਗਈ। ਮਰਨਾ ਸੀ ਤਾਂ ਦੀਪੀ ਮਰ ਜਾਂਦੀ। ਜਿਹੜੀ ਚੰਗੇ ਰਵੇ ਦੀ ਹੁੰਦੀ ਹੋਈ ਵੀ ਬੇ ਗ਼ੈਰਤ ਨਿਕਲੀ। ਮੱਝ ਨੇ ਵੀ ਬਹੁਤ ਖ਼ੋਰੂ ਪਾਇਆ ਆਪਣੀ ਧੀ ਦੇ ਮਰ ਜਾਣ 'ਤੇ, ਪਰ ਇੱਕ ਮੇਰੀ ਮਾਂ ਜਿਸ ਨੇ ਮੈਨੂੰ ਜਿਉਂਦਿਆਂ ਹੀ ਮਾਰ ਕੇ ਇੱਕ ਹੰਝੂ ਵੀ ਨਹੀਂ ਵਹਾਇਆ ਸੀ। ਬੇਜ਼ੁਬਾਨ ਨੂੰ ਵੀ ਕਿੰਨਾ ਦੁੱਖ ਹੋਇਆ ਸੀ ਆਪਣੀ ਧੀ ਦੇ ਵਿਛੜਨ ਦਾ। ਇੱਕ ਮੇਰੀ ਮਾਂ ਜਿਸਨੇ ਧੀ ਦੇ ਗੁਨਾਹਾਂ ਦੀ ਪੰਡ ਸਿਰ ਧਰ ਲਈ ਸੀ ਤੇ ਮੈਂ ਆਪਣਿਆਂ ਨੂੰ ਜਿਉਂਦੇ ਜੀਅ ਦੁੱਖਾਂ ਦੀ ਅੱਗ ਦਾ ਸੇਕ ਦਿੱਤਾ ਤੇ ਨਾਲ ਘਰ ਦੀ ਇੱਜ਼ਤ ਦਾ ਵੀ ਬੇੜਾ ਗ਼ਰਕ ਕਰ ਦਿੱਤਾ।

ਸਾਡੇ ਵਿਹੜੇ ਇਸ਼ਕ ਦੇ ਪੁਆੜੇ ਵਾਲੀ ਅੱਗ ਦਾ ਸੇਕ ਪੰਡਿਤਾਂ ਦੇ ਵਿਹੜੇ ਵੀ ਜਾ ਵੜਿਆ। ਪੜਨ ਬੇਸ਼ੱਕ ਉਨ੍ਹਾਂ ਦਾ ਇਕਲੌਤਾ ਪੁੱਤਰ ਸੀ, ਪਰ ਉਹ ਵੀ ਪੜਨ ਦੇ ਹੱਕ ਵਿਚ ਨਹੀਂ ਆਏ। ਪੰਡਿਤ ਖੁਸ਼ੀ ਰਾਮ ਕਹਿੰਦਾ ਕਿ ਸਾਡੇ ਪੁਰਖਿਆਂ ਤੋਂ ਜ਼ਿਮੀਂਦਾਰਾਂ ਭਰਾਵਾਂ ਨਾਲ ਚੰਗੇ ਸਬੰਧ ਰਹੇ ਨੇ। ਇੱਕੋ ਥਾਲੀ ਵਿਚ ਖਾਂਦੇ ਰਹੇ ਹਾਂ। ਮੈਂ ਕਦੇ ਵੀ ਕਿਸੇ ਜ਼ਿਮੀਂਦਾਰ ਭਰਾ ਦੀ ਧੀ ਨੂੰ ਆਪਣੀ ਨੂੰਹ ਨਹੀਂ ਬਣਾਵਾਂਗਾ। ਖੁਸ਼ੀ ਰਾਮ ਨੇ ਪੜਨ ਨੂੰ ਕਹਿ ਦਿੱਤਾ ਕਿ ਘਰੋਂ ਭੱਜਣਾ ਹੈ ਤਾਂ ਜਾ ਸਕਦਾ ਹੈ। ਖ਼ੁਦਕੁਸ਼ੀ ਕਰਨੀ ਹੈ ਤਾਂ ਕਰ ਸਕਦਾ ਹੈਂ, ਪਰ ਮੈਂ ਆਪਣੇ ਪੁਰਖਿਆਂ ਦੀ ਸਦੀਆਂ ਤੋਂ ਚੱਲੀ ਆ ਰਹੀ ਰਵਾਇਤ ਨੂੰ ਨਹੀਂ ਬਦਲ ਸਕਦਾ।

ਪੜਨ ਡਰ ਗਿਆ ਸੀ। ਉਸ ਨੇ ਆਪਣੇ ਬਾਪ ਦੇ ਪੈਰ ਫੜ ਕੇ ਗਲਤੀ ਮੰਨ ਲਈ ਤੇ ਮੈਨੂੰ ਭੁੱਲ ਜਾਣ ਦਾ ਵਾਅਦਾ ਵੀ ਕਰ ਲਿਆ। ਇਸ ਤਰ੍ਹਾਂ ਪੜਨ ਨੇ ਮੈਨੂੰ ਧੋਖਾ ਦਿੱਤਾ। ਛੇ ਕੁ ਮਹੀਨੇ ਇਸ਼ਕ ਦੀ ਉਮਰ ਰਹੀ ਤੇ ਸਾਰੀ ਉਮਰ ਦਾ ਗਲ ਫਾਹਾ ਪਾ ਗਈ, ਫਾਹਾ ਵੀ ਉਹ ਜਿਹੜਾ ਨਾ ਜਿਊਣ ਦਿੰਦਾ ਸੀ ਤੇ ਨਾ ਮਾਰਦਾ ਸੀ। ਮੇਰੇ ਵੀ ਖੰਭ ਕੁਤਰ ਦਿੱਤੇ ਸਨ ਬਾਪੂ ਨੇ ਕਾਲਜ ਤੋਂ ਹਟਾ ਕੇ। ਦੋ ਹੋਰ ਮੱਝਾਂ ਲੈ ਲਈਆਂ, ਕੂਲੇ ਕੂਲੇ ਹੱਥ ਫਿਰ ਗੋਹੇ ਦੀਆਂ ਪਾਥੀਆਂ ਪੱਥਣ ਲੱਗ ਪਏ। ਘਰ ਦੇ ਜੀਆਂ ਦਾ ਮੇਰੇ ਨਾਲੋਂ ਰਿਸ਼ਤਾ ਇੰਝ ਟੁੱਟ ਗਿਆ ਜਿਵੇਂ ਪਹਾੜਾਂ 'ਤੇ ਗਏ ਬੰਦੇ ਦਾ ਇੰਟਰਨੈਟ ਨਾ ਹੋਣ ਕਰਕੇ ਦੁਨੀਆਂ ਨਾਲੋਂ ਲਿੰਕ ਟੁੱਟ ਜਾਂਦਾ ਹੈ। ਦਿਨ ਚੜ੍ਹਨ ਛਿਪਣ ਦੀ ਵਾਰੀ ਚੱਲਦੀ ਰਹੀ। ਮੈਂ ਵਿਹੜੇ ਵਾਲੀ ਅਮਰੋ ਬਣ ਕੇ ਘਰ ਦਾ ਸਾਰਾ ਕੰਮ ਕਰਦੀ ਰਹੀ।

ਵੱਡੇ ਵੀਰ ਦਾ ਵਿਆਹ ਆ ਗਿਆ ਤੇ ਮੇਰੀ ਭੂਆ ਦੀ ਧੀ ਸਾਡੇ ਕੋਲ ਵੀਹ ਕੁ ਦਿਨਾਂ ਲਈ ਆ ਗਈ। ਪਹਿਲਾਂ ਤਾਂ ਭੂਆ ਮੰਨਦੀ ਨਹੀਂ ਸੀ ਕਿ ਭੋਲੀ ਆਪਣੇ ਨਾਨਕੇ ਮਾਮੇ ਦੀ ਧੀ ਦੀਪੀ ਕੋਲ ਰਹੇ। ਪਰ ਮਾਂ ਦੇ ਜ਼ੋਰ ਨਾਲ ਕਹਿਣ 'ਤੇ ਭੂਆ ਮੰਨੀ ਸੀ। ਭੂਆ ਡਰਦੀ ਸੀ ਕਿ ਦੀਪੀ ਵਾਂਗ ਭੋਲੀ ਵੀ ਨਾਂ ਇਸ਼ਕ ਦੀ ਪੌੜੀ ਚੜ੍ਹ ਜਾਵੇ। ਮੈਨੂੰ ਹੁਣ ਇਹ ਅਹਿਸਾਸ ਹੋਣ ਲੱਗ ਗਿਆ ਸੀ ਕਿ ਪਿਆਰ ਕਰਨ ਦੀ ਐਨੀ ਕਰੜੀ ਸਜ਼ਾ ਕਿਉਂ ਮਿਲਦੀ ਹੈ। ਮੈਂ ਹਰੇਕ ਦੀ ਨਿਗਾਹ ਵਿਚ ਗੁਨਾਹਗਾਰ ਸੀ। ਮੇਰਾ ਬਾਹਰ ਆਉਣਾ-ਜਾਣਾ ਤਾਂ ਉਦੋਂ ਦਾ ਹੀ ਬੰਦ ਸੀ, ਪਰ ਵੀਰ ਦਾ ਵਿਆਹ ਹੋਣ ਕਰਕੇ ਸ਼ਹਿਰ ਆਉਣਾ-ਜਾਣਾ ਪੈਂਦਾ ਸੀ। ਘਰਦੇ ਮੈਨੂੰ ਸ਼ਹਿਰ ਇੰਜ ਲਿਜਾਂਦੇ ਜਿਵੇਂ ਜੇਲ੍ਹ ਵਿਚੋਂ ਕੈਦੀ ਨੂੰ ਪੁਲਿਸ ਦੀ ਨਿਗਰਾਨੀ ਹੇਠ ਅਦਾਲਤ ਲੈ ਜਾਇਆ ਜਾਂਦਾ ਹੈ। ਇਸ਼ਕ ਦਾ ਨਾਗ ਮੇਰੀ ਜਵਾਨੀ ਤੇ ਮੇਰੇ ਚਾਵਾਂ-ਲਾਡਾਂ ਨੂੰ ਡੰਗ ਗਿਆ ਸੀ। ਮੈਨੂੰ ਹੁਣ ਕੋਈ ਰੰਗ ਪਸੰਦ ਨਹੀਂ ਸੀ। ਮਾਂ ਜੋ ਰੰਗ ਦਾ ਸੂਟ ਜਾਂ ਚੁੰਨੀ ਲੈ ਕੇ ਦਿੰਦੀ, ਓੜ ਲੈਂਦੀ। ਨਾਲੇ ਚੁੰਨੀ ਤਾਂ ਹੁਣ ਇੱਕ ਲੋਕ-ਦਿਖਾਵਾ ਸੀ। ਸਿਰੋਂ ਤਾਂ ਮੈਂ ਕਦੋਂ ਦੀ ਲਾਹ ਮਾਰੀ ਸੀ। ਵਿਆਹ ਵਿਚ ਮੇਰੇ ਨਾਲੋਂ ਭੋਲੀ ਦੀ ਜ਼ਿਆਦਾ ਪੁੱਛ-ਗਿੱਛ ਸੀ। ਮੈਂ ਤਾ ਨਾਮ ਦੀ ਲਾੜੇ ਦੀ ਭੈਣ ਸੀ। ਵਿਆਹ ਵਿਚ ਕੁੜੀਆਂ ਨੇ ਮੇਰੇ ਇਸ਼ਕ ਦੇ ਬੜੇ ਬੋਲ-ਕਬੋਲ ਬੋਲੇ। ਮੈਂ ਸਬਰ ਦਾ ਘੁੱਟ ਭਰੀ ਰੱਖਿਆ। ਮੈਂ ਵਿਆਹ ਵਿਚ ਕੋਈ ਵੀ ਲੜਾਈ ਜਾਂ ਵਿਗਾੜ ਨਹੀਂ ਪਾਉਣਾ ਚਾਹੁੰਦੀ ਸੀ।

ਵੀਰ ਦੀ ਵਹੁਟੀ ਤੇ ਮੇਰੀ ਵੱਡੀ ਭਾਬੀ ਨੂੰ ਵੀ ਪਹਿਲਾਂ ਹੀ ਪਤਾ ਲੱਗ ਗਿਆ ਸੀ ਮੇਰੀਆਂ ਕਰਤੂਤਾਂ ਦਾ। ਇਸੇ ਕਰਕੇ ਉਸ ਨੇ ਵੀ ਨਣਦ-ਭਰਜਾਈ ਦੇ ਪਿਆਰ ਵਾਲੀ ਗਲਵੱਕੜੀ ਨਹੀਂ ਪਾਈ। ਮੇਰੇ ਇਸ਼ਕ ਨੇ ਮੈਨੂੰ ਜੀਅ-ਜੀਅ ਤੋਂ ਜ਼ਲੀਲ ਕਰਵਾਇਆ। ਸਮਾਂ ਬੀਤਿਆ ਛੋਟੇ ਵੀਰ ਦਾ ਵੀ ਵਿਆਹ ਹੋ ਗਿਆ। ਭੋਲੀ ਵੀ ਚੰਗੇ ਘਰ ਵਿਆਹੀ ਗਈ। ਹੁਣ ਮੇਰੇ ਵਿਆਹ ਦੀਆਂ ਗੱਲਾਂ ਹੋਣ ਲੱਗ ਪਈਆਂ ਸਨ। ਕਈ ਥਾਂ ਦੇਖੇ ਪਰ ਮੇਰੇ ਇਸ਼ਕ ਦੀ ਕਹਾਣੀ ਖੁੱਲ੍ਹ ਜਾਂਦੀ ਤੇ ਮੇਰੇ ਸੰਯੋਗ ਬੰਦ ਹੋ ਜਾਂਦੇ। ਤੀਹ ਸਾਲ ਦੀ ਹੋ ਗਈ ਸੀ ਤੇ ਚਾਲੀਆਂ ਦੀ ਲੱਗਦੀ ਸੀ। ਕੁਆਰਾ ਨਾਤਾ ਨਾ ਮਿਲਿਆ ਫਿਰ ਦੁਹਾਜੂ ਦੇ ਲੜ ਲਾ ਦਿੱਤੀ। ਤਿੰਨ ਕੱਪੜਿਆਂ ਵਿਚ ਤੋਰ ਦਿੱਤੀ ਗਈ। ਮੈਂ ਜਾਂਦੀ ਹੀ ਮਾਂ ਬਣ ਗਈ। ਕਿਉਂ ਕਿ ਮੇਰੇ ਘਰਵਾਲੇ ਦੇ ਪਹਿਲੇ ਵਿਆਹ ਵਿਚੋਂ ਇੱਕ ਬਾਰਾਂ ਸਾਲ ਦੀ ਧੀ ਸੀ। ਆਪਣੇ ਹੱਥੀਂ ਦਿੱਤੀਆਂ ਗੰਢਾਂ ਮੂੰਹ ਨਾਲ ਖੋਲ੍ਹਣੀਆਂ ਪੈ ਰਹੀਆਂ ਸਨ। ਛੇ ਮਹੀਨਿਆਂ ਦੇ ਇਸ਼ਕ ਨੇ ਜਾਨ ਸੂਲੀ ਟੰਗ ਦਿੱਤੀ ਸੀ।

ਪਹਿਲੀ ਰਾਤ ਘਰਵਾਲੇ ਨੇ ਚੰਗਾ ਲੈਕਚਰ ਦਿੱਤਾ। ਜਿਸ ਵਿਚ ਆਪਣੀ ਧੀ ਦਾ ਬਹੁਤਾ ਖਿਆਲ ਰੱਖਣ ਲਈ ਕਿਹਾ। ਮੇਰੇ ਹਾਲਾਤ ਉਸ ਕਸਾਈ ਦੇ ਬੱਕਰ ਵਰਗੇ ਹੋ ਗਏ ਸੀ ਜੋ ਕਸਾਈ 'ਤੇ ਨਿਰਭਰ ਸੀ, ਕਿ ਉਹ ਕਿਸ ਦਿਨ ਧੌਣ ਵੱਢਦਾ ਹੈ। ਸਮਾਂ ਬੀਤਿਆ ਧੀ ਮੁਟਿਆਰ ਹੋਈ ਤੇ ਕਾਲਜ ਪੜ੍ਹਨ ਲੱਗ ਗਈ। ਮੈਂ ਬਹੁਤ ਸਮਝਾਇਆ ਸੀ ਕਿ ਇਸ਼ਕ ਦਾ ਚਰਖਾ ਨਾ ਕੱਤੀਂ, ਦੁੱਖਾਂ ਦੇ ਗਲੋਟੇ ਲਾਹੁਣੇ ਪੈ ਜਾਣਗੇ। ਜ਼ਿੰਦਗੀ ਦਾ ਤੱਕਲਾ ਫਿਰ ਸਿੱਧਾ ਨਹੀਂ ਰਹਿਣਾ। ਮੇਰੇ ਸਮਝਾਉਣ 'ਤੇ ਵੀ ਨਾ ਸਮਝੀ। ਨਾਲ ਪੜ੍ਹਦੇ ਤਰਖਾਣਾਂ ਦੇ ਮੁੰਡੇ ਨਾਲ ਨਿਕਲ ਗਈ ਤੇ ਕੋਟ ਮੈਰਿਜ ਕਰਵਾ ਲਈ। ਇਸ ਸਾਰੇ ਦੀ ਕਸੂਰਵਾਰ ਮੈਂ ਨਿਕਲੀ ਤੇ ਮੇਰਾ ਅਤੀਤ ਨਿਕਲਿਆ, ਘਰਵਾਲਾ ਗੁੱਤੋਂ ਫੜ ਕੇ ਪੇਕੇ ਛੱਡ ਗਿਆ। ਹੁਣ ਭਰਜਾਈਆਂ ਦਾ ਗੋਹਾ ਕੂੜਾ ਕਰਕੇ ਰੋਟੀ ਖਾ ਲੈਂਦੀ ਹਾਂ ਤੇ ਪਿੰਡ ਦੇ ਨਿਆਣਿਆਂ ਤੇ ਸਿਆਣਿਆਂ ਦੀ ਮੈਂ 'ਦੀਪੋ' ਭੂਆ ਬਣ ਕੇ ਰਹਿ ਗਈ। ਰੱਬ ਰਾਖਾ।

# ਅਸਲ ਅਮੀਰ ਉਹ ਜਿਸਦੀ ਔਲਾਦ ਨੂੰ ਉਸਦੀਆਂ ਮਜਬੂਰੀਆਂ ਸਮਝ ਆ ਜਾਵਣ...!

## ਜ਼ਿੰਦਗੀ ਨਾਮਾ



**ਹਰਪ੍ਰੀਤ ਸਿੰਘ ਜਵੰਦਾ**

***ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।***

ਮਾਂ ਦੀ ਇੱਛਿਆ ਸੀ...ਕਿ ਪੁੱਤ ਵੱਡੇ ਘਰ ਵਿਆਹੁਣਾ...!

ਅਖੀਰ ਵੋ ਢੁੱਕ ਹੀ ਗਿਆ...ਮੇਰੇ ਸਹੁਰੇ ਰਾਜਨੈਤਿਕ ਅਤੇ ਆਰਥਿਕ ਪੱਖੋਂ ਖਾਸੇ ਵੱਡੇ ਲੈਵਲ 'ਤੇ ਸਨ...!

ਸ਼ੁਰੂ ਸ਼ੁਰੂ ਵਿਚ ਵੱਡਾ ਮਾਣ ਸਤਿਕਾਰ ਅਤੇ ਇੱਕ ਦਰਮਿਆਨੇ ਪਰਿਵਾਰ ਦੀ ਉਨ੍ਹਾਂ ਵਾਲਿਆਂ ਨਾਲ ਪੈ ਗਈ ਯਾਰੀ ਸੌਖਿਆਂ ਹੀ ਨਿਭੀ ਗਈ...!

ਜਦੋਂ ਮੇਰੀ ਔਲਾਦ ਵੱਡੀ ਹੋਈ ਤਾਂ ਪੜਾਈਆਂ, ਲੀੜੇ-ਕੱਪੜੇ ਫੋਨ ਅਤੇ ਕਾਰਾਂ ਪੈਟਰੋਲ ਦੇ ਖਰਚਿਆਂ ਨੇ ਅਹਿਸਾਸ ਕਰਵਾਇਆ ਕੇ ਹੁਣ ਅਗਿਓਂ ਸਿਰਫ ਪ੍ਰੋਫੈਸਰ ਦੀ ਨੌਕਰੀ ਨਾਲ ਗੱਲ ਨਹੀਂ ਬਣਨੀ...!

ਨਾਲਦੀ ਹਰ ਗੱਲ ਵਿਚ ਪਿੱਛੇ ਵਾਲਿਆਂ ਦੀ ਨਕਲ ਕਰਿਆ ਕਰਦੀ...ਮਾਂ ਪਰ ਧੀ...ਪਿਤਾ ਪਰ ਘੋੜਾ...ਬਹੁਤਾ ਨਹੀਂ ਪਰ ਥੋੜਾ ਥੋੜਾ...ਨਿਆਣਿਆਂ ਨੂੰ ਵੀ ਨਾਨਕਿਆਂ ਵੱਲ ਦੇ ਬੱਚਿਆਂ ਦੀ ਰੀਸ ਵਿਚ ਹੀ ਅਸਲ ਜਿੰਦਗੀ ਦਿਸਣ ਲੱਗੀ...!

ਇੱਕ ਦਿਨ ਰੈਸਟੋਰੈਂਟ, ਟੂਰ, ਬਾਰਾਂ ਕਾਰਾਂ ਅਤੇ ਹੋਰ ਪਾਰਟੀਆਂ ਵਾਲੇ ਬਿੱਲਾਂ ਖਰਚਿਆਂ ਨੇ ਹਿੱਸੇ ਆਉਂਦੀ ਜਮੀਨ ਵਿਕਵਾ ਦਿੱਤੀ...!

ਨਾਲਦੀ ਨੂੰ ਦੱਬੀ ਅਵਾਜ ਵਿਚ ਅਗਿਓਂ ਹੋਣ ਵਾਲੇ ਧੀ ਦੇ ਵਿਆਹ ਅਤੇ ਮੁੰਡੇ ਦੀ ਸੈਟਲਮੈਂਟ ਬਾਰੇ ਹਵਾਲਾ ਦਿੰਦਾ ਤਾਂ ਆਖਦੀ ਓਦੋਂ ਦੀ ਓਦੋਂ ਵੇਖੀ ਜਾਊ...ਪਰ ਹੁਣ ਆਪਣੇ ਧੀ-ਪੁੱਤ ਕਿਸੇ ਸਾਮਣੇ ਹੌਲੇ ਥੋੜੇ ਨਹੀਂ ਪੈਣ ਦੇਣੇ...ਬਰੋਬਰ ਦਾ ਸਟੈਂਡਰਡ ਬਣਾ ਕੇ ਰੱਖਣਾ...!

ਮੁੰਡੇ ਨੂੰ ਆਖਿਆ ਕਿ ਦਿਲ ਲਾ ਕੇ ਪੜਾਈ ਕਰਿਆ ਕਰ...ਮੈਥੋਂ ਰਿਸ਼ਵਤ ਨਹੀਂ ਦਿੱਤੀ ਜਾਣੀ ਤੇ ਆਖਣ ਲੱਗਾ ਕਨੇਡਾ ਘੱਲ ਦਿਓ...ਕੌੜਾ ਘੁੱਟ ਕੀਤਾ ਪਰ ਆਈਲੈਟਸ ਵਿਚੋਂ ਬਣਦੇ ਗ੍ਰੇਡ ਨਾ ਆਏ...ਪਹਿਲੀ ਵਾਰ ਆਪਣੇ ਪ੍ਰੋਫੈਸਰ ਹੋਣ 'ਤੇ ਸ਼ਰਮਿੰਦਗੀ ਮਹਿਸੂਸ ਹੋਈ...!

ਕਿਸੇ ਸਲਾਹ ਦਿੱਤੀ ਹੋਰ ਕਮਾਈ ਲਈ ਬਿਜਨਸ ਵਿਚ ਹੱਥ-ਪੈਰ ਮਾਰ ਕੇ ਵੇਖ ਲੈ...ਪਰ ਓਥੇ ਵੀ ਪੈਂਦੀ ਸੱਟੇ ਧੋਖਾ ਹੋ ਗਿਆ ਤੇ ਮੁੜ ਪੈ ਗਏ ਘਾਟੇ ਦਾ ਸਾਰਾ ਭਾਂਡਾ ਮੇਰੇ ਸਿਰ ਭੰਨ ਦਿੱਤਾ ਗਿਆ...ਲੈਣੇ ਦੇ ਦੇਣੇ ਪੈ ਗਏ...ਵੱਡਾ ਨੁਕਸਾਨ ਕਰਵਾ ਕੇ ਬੈਠੇ ਨੂੰ ਇੰਝ ਲੱਗਿਆ ਕਰੇ ਕਿ ਹੁਣ ਸ਼ਾਇਦ ਕਦੀ ਵੀ ਉੱਪਰ ਨਹੀਂ ਉੱਠ ਸਕਾਂਗਾ...!

ਮੇਰਾ ਵਜੂਦ ਅਤੇ ਜਮੀਰ ਦੋਵੇਂ ਚੀਜਾਂ ਵਿਆਹ-ਮੰਗਣਿਆਂ ਅਤੇ ਇਕੱਠਾਂ ਤੇ ਅਕਸਰ ਹੀ ਦਰਕਿਨਾਰ ਹੋਣ ਲੱਗੀਆਂ...ਨੇੜੇ ਦੇ ਰਿਸ਼ਤੇਦਾਰ ਅਣਗੌਲਿਆਂ ਜਿਹਾ ਕਰਨ ਲੱਗੇ...ਮੁਕਾਬਲੇਬਾਜੀ ਦੀ ਅੰਨੇਵਾਹ ਦੌੜ ਵਿਚ ਇੰਝ ਲੱਗਦਾ ਜਿੱਦਾਂ ਬਹੁਤ ਪੱਛੜ ਗਿਆ ਹੋਵਾਂ...!

ਮੇਰੇ ਨਾਲਦੀ ਅਕਸਰ ਹੀ ਇਸ ਸਾਰੇ ਵਰਤਾਰੇ ਲਈ ਮੈਨੂੰ ਜੁੰਮੇਵਾਰ ਠਹਿਰਾਇਆ ਕਰਦੀ...ਨਾਨਕਿਆਂ ਵੱਲ ਦੇ ਰਹਿਣ-ਸਹਿਣ ਦੇ ਆਦੀ ਜੁਆਕ ਵੀ ਹਮੇਸ਼ਾਂ ਮਾਂ ਦਾ ਹੀ ਸਾਥ ਦਿੰਦੇ...!

ਕੱਲਮ-ਕੱਲਾ ਜਿਹਾ ਰਹਿ ਗਿਆ ਮਹਿਸੂਸ ਹੋਇਆ ਕਰੇ...ਇੰਝ ਲੱਗੇ ਕੋਈ ਸ਼ਰੇਆਮ ਚਪੇੜਾਂ ਮਾਰ ਕੇ ਹੁਣ ਰੋਣ ਵੀ ਨਹੀਂ ਸੀ ਦੇ ਰਿਹਾ...!

ਅਖੀਰ ਇੱਕ ਦਿਨ ਫੇਰ ਘਰੇ ਪਏ ਕਲੇਸ਼ ਮਗਰੋਂ ਕੋਲ ਵਗਦੀ ਵੱਡੀ ਨਹਿਰ ਦੇ ਕੰਢੇ ਜਾ ਬੈਠਾ...ਪਰ ਛਾਲ ਮਾਰਨ ਦਾ ਹੌਸਲਾ ਨਾ ਪਿਆ...ਫੇਰ ਥੋੜੀ ਦੂਰ ਰੇਲਵੇ ਲਾਈਨ ਤੋਂ ਵੀ ਕਿੰਨੀਆਂ ਰੇਲਾਂ ਲੰਘ ਗਈਆਂ...ਪਰ ਕੋਈ ਅੰਦਰੂਨੀ ਤਾਕਤ, ਜਿਸ ਨੇ ਬਾਹੋਂ ਫੜ ਰੋਕੀ ਰੱਖਿਆ!

ਅਖੀਰ ਵਾਪਿਸ ਪਰਤ ਆਇਆ...ਫੇਰ ਦਿਨ-ਰਾਤ ਦੇ ਖਾਣੇ ਮੌਕੇ ਬੈਂਕ ਦੀਆਂ ਕਾਪੀਆਂ...ਪਾਸ ਬੁੱਕਾਂ...ਬਾਕੀ ਰਹਿੰਦੀ ਜਮੀਨ-ਜਾਇਦਾਤ ਦੇ ਕਾਗਜ ਅਤੇ ਘਰ 'ਤੇ ਚੁੱਕੀ ਹੋਈ ਲਿਮਿਟ ਦੀ ਡਿਟੇਲ...ਸਾਰਾ ਕੁਝ ਸਾਮ੍ਹਣੇ ਖਿਲਾਰ ਦਿੱਤਾ...ਅਸਲੀਅਤ ਵੀ ਦੱਸ ਦਿੱਤੀ...ਹੋਈਆਂ ਕੀਤੀਆਂ ਗਲਤੀਆਂ ਦੀ ਨਿਸ਼ੰਗ ਮੁਆਫੀ ਵੀ ਮੰਗ ਲਈ...!



ਫੇਰ ਨਹਿਰ ਅਤੇ ਰੇਲਵੇ ਲਾਈਨ ਵਾਲੀ ਗੱਲ ਦੱਸਦਿਆਂ ਮੇਰਾ ਰੋਣ ਨਿੱਕਲ ਗਿਆ...ਬਾਪ ਨੂੰ ਪਹਿਲੀ ਵਾਰ ਇੰਝ ਬੱਚਿਆਂ ਵਾਂਙ ਰੋਂਦਿਆਂ ਵੇਖ ਕੁਝ ਪਲ ਲਈ ਸੰਨਾਟਾ ਛਾ ਗਿਆ...ਘੜੀ ਕੂ ਮਗਰੋਂ ਧੀ ਵੀ ਜਾਰੋ-ਜਾਰ ਰੋ ਪਈ...ਸ਼ਾਇਦ ਇੰਝ ਹੀ ਤੁਰ ਗਿਆ ਉਸਦੀ ਸਹੇਲੀ ਦਾ ਬਾਪ ਚੇਤੇ ਆ ਗਿਆ ਸੀ...ਫੇਰ ਉਸਨੇ ਛੇਤੀ ਨਾਲ ਉੱਠ ਮੈਨੂੰ ਆਪਣੇ ਕਲਾਵੇ ਵਿਚ ਲੈ ਲਿਆ...!

ਉਸ ਦਿਨ ਮਗਰੋਂ ਉਸਦੀ ਜੀਵਨ ਸ਼ੈਲੀ ਕਾਫੀ ਬਦਲ ਜਿਹੀ ਗਈ...ਉਹ ਮੈਨੂੰ ਬਾਹਰੋਂ ਆਏ ਨੂੰ ਪਾਣੀ ਦਾ ਗਿਲਾਸ ਫੜਾਉਂਦੀ...ਹਾਲ-ਚਾਲ ਪੁੱਛਦੀ...ਮੁੜਕੇ ਕਲਾਵੇ ਵਿਚ ਲੈ ਕੇ ਐਸੀ ਜੱਫੀ ਪਾਇਆ ਕਰਦੀ ਕਿ ਸਾਰੇ ਦਿਨ ਦੀ ਥਕਾਵਟ ਅਤੇ ਪ੍ਰੇਸ਼ਾਨੀਆਂ ਖੰਭ ਲਾ ਕੇ ਉਡ ਜਾਂਦੀਆਂ...!

ਬੇਗਾਨੇ ਜਿਹੇ ਹੋ ਗਏ ਘਰ ਵਿਚ ਕਿੰਨੇ ਸਾਰੇ ਪੱਕੇ ਦੋਸਤ ਬਣ ਗਏ ਤੇ ਅਤੇ ਗੱਲ-ਗੱਲ 'ਤੇ ਅਕਸਰ ਭਾਰਾਂ ਤੇ ਪੈ ਜਾਇਆ ਕਰਦੀ ਜਿੰਦਗੀ ਮੁੜ ਲੀਹਾਂ 'ਤੇ ਆਉਣ ਲੱਗੀ...!

ਸੋ ਦੋਸਤੋ ਕਿਸੇ ਮਿੱਤਰ ਪਿਆਰੇ ਦੀ ਇਸ ਅਸਲ ਵਾਪਰੀ ਨੂੰ ਕਲਮ ਬੰਦ ਕਰਦਿਆਂ ਤੁੱਛ ਜਿਹੀ ਸੋਚ ਨੇ ਕੁਝ ਸਿੱਟੇ ਕੱਢੇ...ਸਾਂਝੇ ਕਰ ਰਿਹਾ ਹਾਂ...!

ਨੰਬਰ ਇੱਕ...

ਅਮੀਰ ਉਹ ਨਹੀਂ ਜਿਸਦੇ ਬਟੂਏ ਵਿਚ ਢੇਰ ਸਾਰੇ ਨੋਟ ਅਤੇ ਵੇਹੜੇ ਵਿਚ ਮਹਿੰਗੀਆਂ ਕਾਰਾਂ ਹੋਣ...ਅਸਲ ਅਮੀਰ ਉਹ ਕਰਮਾਂ ਵਾਲਾ ਜਿਸਦੀ ਔਲਾਦ ਨੂੰ ਉਸਦੀਆਂ ਮਜਬੂਰੀਆਂ ਸਮਝ ਆ ਜਾਵਣ...!

ਨੰਬਰ ਦੋ...

ਚਾਰੇ ਪਾਸੇ ਮੁਕਾਬਲੇ-ਬਾਜੀ ਦੀ ਲੱਗੀ ਇਸ ਅੰਨੀ ਦੌੜ ਵਿਚ ਦੂਜੇ ਦੀ ਵੇਖਾ-ਵੇਖੀ ਆਪਣੀ ਸਪੀਡ ਏਨੀ ਨਾ ਵਧਾ ਲਈ ਜਾਵੇ ਕਿ ਇੱਕ ਮੁਕਾਮ 'ਤੇ ਆ ਕੇ ਜਿੰਦਗੀ ਦਾ ਇੰਜਣ ਹੀ ਜੁਆਬ ਦੇ ਜਾਵੇ...!

ਨੰਬਰ ਤਿੰਨ...

ਉਨ੍ਹਾਂ ਵਾਲਿਆਂ ਨਾਲ ਯਾਰੀ ਲਾਉਣ ਤੋਂ ਪਹਿਲਾਂ ਇਹ ਗੱਲ ਚੰਗੀ ਤਰ੍ਹਾਂ ਸੋਚ-ਵਿਚਾਰ ਲਈ ਜਾਵੇ ਕਿ ਕਿਧਰੇ ਸਾਰੀ ਉਮਰ ਆਪਣੀ ਕੁੱਲੀ ਦੇ ਮੂਹਰਲੇ ਦਰ ਉੱਚੇ ਕਰਦਿਆਂ ਹੀ ਨਾ ਨਿੱਕਲ ਜਾਵੇ...!

ਨੰਬਰ ਚਾਰ...

ਇਸਤੋਂ ਪਹਿਲਾਂ ਕਿ ਕਰੈਡਿਟ ਕਾਰਡਾਂ ਅਤੇ ਲਿਮਟਾਂ ਆਸਰੇ ਹਵਾ ਵਿਚ ਉੱਚੀ ਉਡਦੀ ਐਸ਼ੋ-ਇਸ਼ਰਤ ਵਾਲੀ ਵੱਡੀ ਪਤੰਗ ਵੇਖ ਤੁਹਾਡੀ ਔਲਾਦ ਮਨ ਹੀ ਮਨ ਕੋਈ ਵੱਡਾ ਹਵਾਈ ਕਿਲਾ ਉਸਾਰ ਲਵੇ...ਉਸਨੂੰ ਆਪਣੀ ਅਸਲੀਅਤ ਦੱਸਣ ਵਿਚ ਕੋਈ ਬੁਰਾਈ ਜਾ ਸੰਗ ਸ਼ਰਮ ਨਹੀਂ...ਕਿਓਂਕਿ ਜਦੋਂ ਕਿਸ਼ਤਾਂ ਟੁੱਟਣ 'ਤੇ ਅਗਲੇ ਸ਼ਰੇ-ਬਜਾਰ ਸਾਰਾ ਟੱਬਰ ਕਾਰ ਵਿਚੋਂ ਲਾਹ ਕੇ ਕਾਰ ਭਜਾ ਕੇ ਲੈ ਜਾਂਦੇ ਤਾਂ ਓਦੋਂ ਬੰਦਾ ਨਾ ਤੇ ਕਿਸੇ ਨਾਲ ਅੱਖਾਂ ਮਿਲਾਉਣ ਜੋਗਾ ਹੀ ਰਹਿੰਦਾ ਤੇ ਨਾ ਹੀ ਉਸਨੂੰ ਜ਼ਮੀਨ ਹੀ ਵਿਹਲ ਦਿੰਦੀ ਏ!



# ਫ਼ਿਲਮ ਲੋਕ



## ਨਾਂਹ-ਪੱਖੀ ਭੂਮਿਕਾ ਵਿਚ ਕਮਾਲ ਦਿਖਾ ਰਿਹੈ ਬੌਬੀ ਦਿਓਲ

ਅਦਾਕਾਰ ਬੌਬੀ ਦਿਓਲ ਅਨੁਰਾਗ ਕਸ਼ਿਅਪ ਦੇ ਨਿਰਦੇਸ਼ਨ ਵਿਚ ਬਣੀ ਫ਼ਿਲਮ 'ਬੰਦਰ' ਨੂੰ ਲੈ ਕੇ ਸੁਰਖੀਆਂ ਵਿਚ ਹਨ। ਪਿਛਲੇ ਸਾਲ 6 ਸਤੰਬਰ ਨੂੰ ਟੋਰਾਂਟੋ ਇੰਟਰਨੈਸ਼ਨਲ ਫ਼ਿਲਮ ਫੈਸਟੀਵਲ ਵਿਚ ਦਿਖਾਈ ਗਈ ਇਸ ਫ਼ਿਲਮ ਨੂੰ ਹਾਲ ਹੀ ਵਿਚ ਸਿਨੇਮਾ ਘਰਾਂ ਵਿਚ ਰਿਲੀਜ਼ ਕੀਤਾ ਗਿਆ। ਇਹ ਫ਼ਿਲਮ ਭਾਰਤ ਵਿਚ 'ਮੀ ਟੂ ਦੇ ਦੋਸ਼ਾਂ ਦੇ ਨਤੀਜਿਆਂ 'ਤੇ ਆਧਾਰਿਤ ਹੈ। ਟਿਕਟ ਖਿੜਕੀ ਦੇ ਲਿਹਾਜ਼ ਨਾਲ ਫ਼ਿਲਮ ਲਈ ਕਾਫ਼ੀ ਚੰਗੀ ਪ੍ਰਤੀਕਿਰਿਆ ਸਾਹਮਣੇ ਆ ਰਹੀ ਹੈ। ਫ਼ਿਲਮ 'ਬੰਦਰ' ਦੀ ਕਹਾਣੀ ਇਕ ਸਾਬਕਾ ਟੈਲੀਵਿਜ਼ਨ ਸੁਪਰ ਸਟਾਰ 'ਸਮਰ' ਦੇ ਆਲੇ-ਦੁਆਲੇ ਘੁੰਮਦੀ ਹੈ, ਜਿਸ ਦਾ ਮੌਜੂਦਾ ਕਰੀਅਰ ਢਲਾਣ 'ਤੇ ਹੈ। ਕਹਾਣੀ ਵਿਚ ਮੋੜ ਉਦੋਂ ਆਉਂਦਾ ਹੈ ਜਦੋਂ ਸਮਰ ਦੀ ਸਾਬਕਾ ਪ੍ਰੇਮਿਕਾ ਗਾਇਤਰੀ ਉਸ 'ਤੇ ਜਬਰ ਜਨਾਹ ਦਾ ਦੋਸ਼ ਲਗਾਉਂਦੀ ਹੈ। ਇਸ ਤੋਂ ਬਾਅਦ ਸਮਰ ਦੀ ਗ੍ਰਿਫ਼ਤਾਰੀ ਹੁੰਦੀ ਹੈ ਅਤੇ ਉਹ ਇਕ ਇਸ ਤਰ੍ਹਾਂ ਦੀ ਕਾਨੂੰਨੀ ਵਿਵਸਥਾ ਵਿਚ ਫਸ ਜਾਂਦਾ ਹੈ, ਜੋ ਨਿਆਂ ਦੇਣ ਦੀ ਬਜਾਏ ਉਸ ਨੂੰ ਜੇਲ੍ਹ 'ਚ ਰੱਖਣ ਵਿਚ ਜ਼ਿਆਦਾ ਰੁਚੀ ਦਿਖਾਉਂਦੀ ਹੈ। ਫ਼ਿਲਮ ਵਿਚ ਸੱਤਾ ਦੀ ਦੁਰਵਰਤੋਂ, ਭ੍ਰਿਸ਼ਟਾਚਾਰ ਅਤੇ ਵਿਵਸਥਾ ਦੀਆਂ ਨਾਕਾਮੀਆਂ' ਨੂੰ ਬਹੁਤ ਹੀ ਬੇਬਾਕੀ ਨਾਲ ਪਰਦੇ 'ਤੇ ਪੇਸ਼ ਕੀਤਾ ਗਿਆ ਹੈ।



ਨਿਖਿਲ ਦਿਵੇਦੀ ਦੇ ਸੈਫਰਨ ਮੈਜਿਕ ਵਰਕਸ ਵਲੋਂ ਬਣਾਈ ਅਤੇ ਜ਼ੀ ਸਟੂਡੀਓ ਵਲੋਂ ਰਿਲੀਜ਼ ਫ਼ਿਲਮ 'ਬੰਦਰ' ਵਿਚ ਬੌਬੀ ਦਿਓਲ ਦੇ ਨਾਲ ਸਾਨੀਆ ਮਲਹੋਤਰਾ, ਸਪਨਾ ਪੱਬੀ, ਸਬਾ ਆਜ਼ਾਦ, ਇੰਦਰਜੀਤ ਸੁਕੁਮਾਰਨ, ਜਤਿੰਦਰ ਜੋਸ਼ੀ, ਰਾਜ ਬੀ. ਸ਼ੈਟੀ ਅਤੇ ਨਾਗੇਸ਼ ਭੌਂਸਲੇ ਵਰਗੇ ਹੁਨਰਮੰਦ ਅਦਾਕਾਰਾਂ ਦੀ ਲੰਮੀ ਫ਼ੌਜ ਨਜ਼ਰ ਆ ਰਹੀ ਹੈ। 6 ਅਕਤੂਬਰ, 1995 ਨੂੰ ਰਿਲੀਜ਼ ਫ਼ਿਲਮ 'ਬਰਸਾਤ' ਤੋਂ ਬਾਲੀਵੁੱਡ ਵਿਚ ਆਪਣਾ ਪਹਿਲਾ ਕਦਮ ਰੱਖਣ ਵਾਲੇ ਬੌਬੀ ਦਿਓਲ ਨੂੰ ਇਸ ਸਨਅਤ ਵਿਚ ਤਿੰਨ ਦਹਾਕੇ ਤੋਂ ਜ਼ਿਆਦਾ ਚੁੱਕੇ ਹਨ। ਆਪਣੀ ਇਸ ਯਾਤਰਾ ਵਿਚ ਬੌਬੀ ਦਿਓਲ ਸਫਲ ਵੀ ਹੋਏ ਤਾਂ ਇਕ ਸਮਾਂ ਉਨ੍ਹਾਂ ਦੇ ਕਰੀਅਰ ਵਿਚ ਸਿਰਫ਼ 'ਢਲਾਣ ਵੱਲ ਹੀ ਆਉਂਦਾ ਗਿਆ। ਪਰ ਨਾਕਾਮੀ ਦੇ ਉਸ ਦੌਰ ਵਿਚ ਵੈੱਬ ਸੀਰੀਜ਼ 'ਆਸ਼ਰਮ' ਜ਼ਰੀਏ ਬੌਬੀ ਦਿਓਲ ਨੂੰ .ਓ.ਟੀ.ਟੀ. 'ਤੇ ਜ਼ਬਰਦਸਤ ਕਾਮਯਾਬੀ ਮਿਲੀ। ਇਸ ਤੋਂ ਬਾਅਦ ਰਣਬੀਰ ਕਪੂਰ ਦੀ ਫ਼ਿਲਮ 'ਐਨੀਮਲ' (2023) ਵਿਚ ਸਿਰਫ਼ 15 ਮਿੰਟ ਦੇ ਕਿਰਦਾਰ ਵਿਚ ਤਾਂ ਬੌਬੀ ਦਿਓਲ ਨੇ ਕਮਾਲ ਹੀ ਕਰ ਦਿਖਾਇਆ ਸੀ।



ਉਸ ਤੋਂ ਬਾਅਦ ਬੌਬੀ ਦਿਓਲ ਦੇ ਕਰੀਅਰ ਦਾ ਸੁਨਹਿਰਾ ਦੌਰ ਸ਼ੁਰੂ ਹੋ ਚੁੱਕਾ ਹੈ। ਬੌਬੀ ਨੇ ਦੱਖਣ ਭਾਰਤ ਦਾ ਸਟਾਰ ਸੂਰਿਆ ਦੀ ਤਾਮਿਲ ਫ਼ਿਲਮ 'ਕੰਗੁਵਾ' ਜ਼ਰੀਏ ਦੱਖਣ ਭਾਰਤੀ ਫ਼ਿਲਮਾਂ 'ਚ ਡੈਬਿਊ ਕੀਤਾ ਪਰ ਫ਼ਿਲਮ ਟਿਕਟ ਖਿੜਕੀ 'ਤੇ ਮਹਾਫਲਾਪ ਹੈ। ਪਿਛਲੇ ਸਾਲ ਉਨ੍ਹਾਂ ਨੂੰ ਰਿਤਿਕ ਰੌਸ਼ਨ ਦੀ ਫ਼ਿਲਮ 'ਵਾਰ-2' ਦੇ, ਕੈਮੀਓ ਤੋਂ ਇਲਾਵਾ ਸ਼ਾਹਰੁਖ ਖਾਨ ਦੇ ਬੇਟੇ ਆਰੀਅਨ ਵਲੋਂ ਨਿਰਦੇਸ਼ਿਤ ਕੀਤੀ ਗਈ ਸ਼ੀਰੀਜ਼ 'ਦ ਬੈੱਡਸ ਆਫ਼ ਬਾਲੀਵੁੱਡ' ਵਿਚ ਦੇਖਿਆ ਗਿਆ।

ਪਿਛਲੇ ਦਿਨੀਂ ਰਿਲੀਜ਼ ਹੋਈ ਤਾਮਿਲਨਾਡੂ ਦੇ ਮੁੱਖ ਮੰਤਰੀ ਬਣੇ ਦੱਖਣ ਭਾਰਤੀ ਸਟਾਰ ਬਲਪਤੀ ਵਿਜੈ ਦੀ ਲੰਮੇ ਸਮੇਂ ਤੋਂ ਅਟਕੀ ਤਮਿਲ ਫ਼ਿਲਮ 'ਜਨ ਨਾਇਕਨ' ਵਿਚ ਬੌਬੀ ਦਿਓਲ ਮੁੱਖ ਖ਼ਲਨਾਇਕ ਦੇ ਅਵਤਾਰ ਵਿਚ ਦਿਖਾਈ ਦਿੱਤੇ, ਜਦ ਕਿ ਵਿਜੈ ਦੇ ਨਾਲ ਪੂਜਾ ਹੇਗੜੇ ਮੁੱਖ ਅਦਾਕਾਰਾ ਸੀ। ਇਸ ਤੋਂ ਬਾਅਦ ਪ੍ਰੋਡਿਊਸਰ ਦੀਪਕ ਮੁਕਟ ਦੀ ਇਕ ਫ਼ਿਲਮ ਲਈ ਬੌਬੀ ਦਿਓਲ ਨੂੰ ਅਭਿਸ਼ੇਕ ਬੱਚਨ ਨਾਲ ਮੁੱਖ ਭੂਮਿਕਾ ਵਿਚ ਲਿਆ ਗਿਆ ਹੈ। ਇਹ ਫ਼ਿਲਮ ਰਾਕੇਸ਼ ਕੁਮਾਰ ਦੇ ਨਿਰਦੇਸ਼ਨ ਵਿਚ ਬਣੀ ਅਮਿਤਾਭ ਬੱਚਨ ਅਤੇ ਸ਼ਸ਼ੀ ਕਪੂਰ ਦੀ ਜੋੜੀ ਦੀ ਐਕਸ਼ਨ ਕਾਮੇਡੀ ਫ਼ਿਲਮ 'ਦੋ ਵਰਸ਼ਨ ਹੈ। ਇਸ ਤੋਂ ਇਲਾਵਾ ਬੌਬੀ ਦਿਓਲ ਯਸ਼ਰਾਜ ਫ਼ਿਲਮਜ਼ ਦੀ ਸਪਾਈ ਐਕਸ਼ਨ, ਥ੍ਰਿਲਰ ਫ਼ਿਲਮ 'ਅਲਫਾ' ਦਾ ਵੀ ਹਿੱਸਾ ਹੈ। ਫ਼ਿਲਮ ਵਿਚ ਉਨ੍ਹਾਂ ਦੀ ਨਾਂਹਪੱਖੀ ਭੂਮਿਕਾ ਹੈ। ਇਸ ਫ਼ਿਲਮ ਵਿਚ ਆਲੀਆ ਭੱਟ ਅਤੇ ਸ਼ਰਵਰੀ ਵਾਘ ਮੁੱਖ ਭੂਮਿਕਾ ਵਿਚ ਨਜ਼ਰ ਆਉਣ ਵਾਲੀਆਂ ਹਨ। ਇਹ ਫ਼ਿਲਮ ਇਸ ਸਾਲ 10 ਜੁਲਾਈ ਨੂੰ ਸਿਨੇਮਾਘਰਾਂ ਵਿਚ ਰਿਲੀਜ਼ ਹੋਈ ਹੈ।



## ਨਰਸ ਦੀ ਭੂਮਿਕਾ ਵਿਚ ਕੰਗਨਾ

ਰਾਣੌਤ ਦੀ ਦੇਸ਼ ਭਗਤੀ ਅਤੇ ਹਿੰਮਤ ਨਾਲ ਜੁੜੀ ਸੱਚੀ ਘਟਨਾਵਾਂ ਤੋਂ ਪ੍ਰੇਰਿਤ ਫ਼ਿਲਮ 'ਭਾਰਤ ਭਾਗਿਆ ਵਿਧਾਤਾ' 12 ਜੂਨ ਨੂੰ ਸਿਨੇਮਾ ਘਰਾਂ ਵਿਚ ਰਿਲੀਜ਼ ਹੋ ਗਈ ਹੈ। ਕੰਗਨਾ ਰਾਣੌਤ ਨੇ ਇਸ ਫ਼ਿਲਮ ਦਾ ਨਿਰਮਾਣ ਆਪਣੇ ਪ੍ਰੋਡਕਸ਼ਨ ਹਾਊਸ ਮਣੀਕਰਨਿਕਾ ਫ਼ਿਲਮਜ਼ ਦੇ ਬੈਨਰ ਹੇਠ ਕੀਤਾ ਹੈ। ਫ਼ਿਲਮ 'ਭਾਰਤ ਭਾਗਿਆ ਵਿਧਾਤਾ' 26 ਨਵੰਬਰ, 2008 ਨੂੰ ਮੁੰਬਈ ਵਿਚ ਹੋਏ ਅੱਤਵਾਦੀ ਹਮਲਿਆਂ ਦੀ ਪਿੱਠਭੂਮੀ 'ਤੇ ਆਧਾਰਿਤ ਹੈ। ਹਾਲਾਂਕਿ ਫ਼ਿਲਮ ਦਾ ਕੇਂਦਰ ਹਥਿਆਰਾਂ ਅਤੇ ਹਿੰਸਾ 'ਤੇ ਨਹੀਂ, ਸਗੋਂ ਉਨ੍ਹਾਂ ਆਮ ਲੋਕਾਂ ਦੀ ਹਿੰਮਤ ਅਤੇ ਮਨੁੱਖੀ ਸੰਵੇਦਨਾਵਾਂ 'ਤੇ ਹੈ, ਜਿਨ੍ਹਾਂ ਨੇ ਸੰਕਟ ਦੀ ਘੜੀ ਵਿਚ ਦੂਜਿਆਂ ਦੀ ਜਾਨ ਬਚਾਉਣ ਲਈ ਆਪਣੀ ਜ਼ਿੰਦਗੀ ਦਾਅ 'ਤੇ ਲਗਾ ਦਿੱਤੀ।

ਫਿਲਮ ਨੂੰ ਮਨੋਜ ਤਪਾੜੀਆ ਨੇ ਨਿਰਦੇਸ਼ਤ ਕੀਤਾ ਹੈ। ਫਿਲਮ ਵਿਚ ਕੰਗਨਾ ਨੇ ਇਕ ਨਰਸ ਦੀ ਭੂਮਿਕਾ ਨਿਭਾਈ ਹੈ।ਸਮਿਤਾ ਤਾਂਬੇ, ਅੰਮ੍ਰਿਤਾ ਨਾਮਦੇਵ, ਈਸ਼ਾ ਹੈ. ਪ੍ਰਿਆ ਬੋਰਡ, ਆਸ਼ਾ ਸ਼ੇਲਾਰ, ਸੁਹਿਤਾ ਬੇਟੇ, ਰਸਿਕਾ ਅਘਾਸੇ 'ਆਦਿੱਤਿਆ ਮਿਸ਼ਰਾ ਅਤੇ ਜ਼ਾਹਿਦ ਖਾਨ ਵਰਗੇ ਕਲਾਕ ਨਜ਼ਰ ਆਉਣਗੇ।



ਫ਼ਿਲਮ ਦੀ ਕਹਾਣੀ ਮੁੱ ਰੂਪ ਵਿਚ ਮੁੰਬਈ ਦੇ ਕਾਮਾ ਹਸਪਤਾਲ ਅੰਦਰ ਵਾਪਰੀਆਂ ਘਟਨਾਵਾਂ ਨੂੰ ਦਰਸਾਉਂਦੀ ਹੈ, ਜਿਸ ਸਮੇਂ ਬਾਹਰ ਐਤਵਾਦੀ ਅਨ੍ਹੇਵਾਹ ਗੋਲੀਆਂ ਚਲਾ ਰਹੇ ਸਨ, ਉਸੇ ਦੌਰਾਨ ਹਸਪਤਾਲ ਦੇ ਅੰਦਰ ਡਾਕਟਰਾਂ, ਨਰਸਾਂ ਅਤੇ ਕਰਮਚਾਰੀਆਂ ਨੇ ਹਿੰਮਤ ਨਹੀਂ ਹਾਰੀ। ਬਿਨਾਂ ਹਥਿਆਰ ਨੇ ਲਗਭਗ 400 ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰ ਵਾਲਿਆਂ ਦੇਸ ਬਚਾਉਣ ਲਈ ਪੂਰੀ ਰਾਤ ਸੰਘਰਸ਼ ਕੀਤਾ।

## ਖ਼ੁਦ ਨੂੰ 'ਡਰਾਮਾ ਕੁਈਨ' ਦੱਸਦੀ ਹੈ ਸਦਫ਼ ਸ਼ੰਕਰ

ਅਫ਼ਗਾਨਿਸਤਾਨ ਤੋਂ ਭਾਰਤ ਆ ਕੇ ਮਨੋਰੰਜਨ ਸਨਅਤ ਵਿਚ ਸਰਗਰਮ ਹੋਈ ਪਰਸ਼ੀਅਨ ਮੂਲ ਦੀ ਮਾਡਲ ਸਦਫ਼ ਸ਼ੰਕਰ ਆਪਣੀ ਆਕਰਸ਼ਕ ਦਿੱਖ ਨੂੰ ਲੈ ਕੇ ਹਮੇਸ਼ਾ ਸੁਰਖੀਆਂ ਵਿਚ ਰਹਿੰਦੀ ਹੈ। ਉਹ ਸੋਸ਼ਲ ਮੀਡੀਆ 'ਤੇ ਆਪਣੀ ਆਕਰਸ਼ਕ ਅਤੇ ਭਰੋਸੇਯੋਗ ਦਿੱਖ ਲਈ ਜਾਣੀ ਜਾਂਦੀ ਹੈ। ਖ਼ਾਸ ਕਰਕੇ ਉਸ ਦੀਆਂ ਬਿਕਨੀ ਵਾਲੀਆਂ ਤਸਵੀਰਾਂ ਦਰਸ਼ਕਾਂ ਨੂੰ ਦੀਵਾਨਾ ਕਰ ਦਿੰਦੀਆਂ ਹਨ। ਪਿਛਲੇ 10 ਸਾਲਾਂ ਤੋਂ ਮੁੰਬਈ ਵਿਚ ਰਹਿ ਰਹੀ ਸਦਫ਼ ਸ਼ੰਕਰ ਨੇ ਭਾਰਤੀ ਅਤੇ ਮਰਾਠੀ ਸੱਭਿਆਚਾਰ ਨੂੰ ਪੂਰੀ ਤਰ੍ਹਾਂ ਅਪਣਾ ਲਿਆ ਹੈ। ਉਹ ਖ਼ੁਦ ਨੂੰ 'ਦਿਲ ਸੇ ਦੇਸੀ' ਅਤੇ ਸੁਭਾਅ ਤੋਂ 'ਡਰਾਮਾ ਕੁਈਨ' ਦੱਸਦੀ ਹੈ। ਜਨਵਰੀ 2026 ਤੋਂ ਐਮ.ਟੀ.ਵੀ. ਇੰਡੀਆ 'ਤੇ ਪ੍ਰਸਾਰਿਤ ਮਸ਼ਹੂਰ ਡੇਟਿੰਗ ਰਿਆਲਿਟੀ ਸ਼ੋਅ 'ਐਮ. ਟੀ.ਵੀ. ਸ ਫ਼ਿਟਸਟਿਲਾ-16' ਤੋਂ ਸਦਫ਼ ਸ਼ੰਕਰ ਇਕ ਪ੍ਰਤੀਯੋਗੀ ਦੇ ਰੂਪ ਵਿਚ ਹਿੱਸਾ ਲਿਆ ।



ਸ਼ੋਅ ਵਿਚ ਉਸ ਨੂੰ ਇਕ ਸਾਹਸੀ ਅਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਤੌਰ 'ਤੇ ਪੇਸ਼ ਕੀਤਾ ਗਿਆ ਹੈ। ਇਸ ਸ਼ੋਅ ਵਿਚ ਸਦਫ਼ ਸ਼ੰਕਰ ਦੀ ਇਮਾਨਦਾਰੀ ਅਤੇ ਸਮਝਦਾਰੀ ਤੋਂ ਪ੍ਰਸੰਸਕ ਕਾਫ਼ੀ ਪ੍ਰਭਾਵਿਤ ਹੋਏ ਨਜ਼ਰ ਆਏ। ਇਕ ਮੁਸਲਿਮ ਪਰਿਵਾਰ ਵਿਚ ਜਨਮ ਲੈਣ ਦੇ ਬਾਵਜੂਦ ਸਦਫ਼ ਸ਼ੰਕਰ ਨੇ ਆਪਣੇ ਨਾਂਅ ਨਾਲ ਜਦੋਂ 'ਸ਼ੰਕਰ' ਜੋੜਿਆ ਉਦੋਂ ਕਾਫ਼ੀ ਵਿਵਾਦ ਹੋਇਆ ਪਰ ਸਦਫ਼ ਦਾ ਕਹਿਣਾ ਹੈ ਕਿ ਉਹ ਭਗਵਾਨ ਸ਼ਿਵ ਦੀ ਭਗਤ ਹੈ ਅਤੇ ਆਪਣੀ ਇਸੇ ਸ਼ਖ਼ਸੀਅਤ, ਆਸਥਾ ਅਤੇ ਸ਼ਰਧਾ ਕਾਰਨ ਉਸ ਨੇ ਆਪਣੇ ਨਾਂਅ ਨਾਲ 'ਸ਼ੰਕਰ' ਸ਼ਬਦ ਨੂੰ ਜੋੜਿਆ ਹੈ।

## 'ਸਿਸਟਮ ਕਾ ਸੁਲਤਾਨ' ਦੀ 'ਇਰਾ ਮਹਿਰਾ' ਪ੍ਰਿਅੰਕਾ ਬਜਾਜ ਸਿੱਬਲ

ਲੜੀਵਾਰ 'ਅਨੁਪਮਾ' ਵਿਚ ਖਲਨਾਇਕਾ ਦੀ ਭੂਮਿਕਾ ਨਿਭਾਉਣ ਵਾਲੀ ਅਦਾਕਾਰਾ ਪ੍ਰਿਅੰਕਾ ਬਜਾਜ ਸਿੱਬਲ ਇਨ੍ਹੀਂ ਦਿਨੀਂ ਰਜਨੀਸ਼ ਦੁੱਗਲ ਦੀ ਮੁੱਖ ਭੂਮਿਕਾ ਵਾਲੀ ਸਸਪੈਂਸ ਅਤੇ ਰਿਵੈਂਜ ਡਰਾਮਾ ਵੈੱਬ ਸੀਰੀਜ਼ 'ਸਿਸਟਮ ਕਾ ਸੁਲਤਾਨ' ਨੂੰ ਲੈ ਕੇ ਚਰਚਾ ਖਟ ਰਹੀ ਹੈ।ਦੋ ਵਾਰ ਨੈਸ਼ਨਲ ਸੁੰਦਰਤਾ ਮੁਕਾਬਲੇ ਦੀ ਜੇਤੂ ਰਹਿ ਚੁੱਕੀ ਪ੍ਰਿਅੰਕਾ ਬਜਾਜ ਸਿੱਬਲ, ਇਰਾ ਮਹਿਰਾ ਦੇ ਕਿਰਦਾਰ ਵਿਚ ਕਹਾਣੀ ਦੇ ਕੇਂਦਰ ਵਿਚ ਹੈ। ਇਰਾ ਮਹਿਰਾ ਇਕ ਆਜ਼ਾਦ ਅਤੇ ਪੱਕੇ 'ਇਰਾਦੇ ਵਾਲੀ' ਇਸ ਤਰ੍ਹਾਂ ਦੀ ਮਹਿਲਾ ਹੈ ਜੋ ਹਰ ਮੁਸ਼ਕਿਲ ਦੇ ਬਾਵਜੂਦ ਆਪਣੇ ਪਿਤਾ ਦੀ ਕੰਪਨੀ ਨੂੰ ਬਚਾਉਣ ਦੀ ਕੋਸ਼ਿਸ਼ ਕਰਦੀ ਹੈ। ਵੈੱਬ ਸੀਰੀਜ਼ 'ਸਿਸਟਮ ਕਾ ਸੁਲਤਾਨ' ਤੋਂ ਪਹਿਲਾਂ ਪ੍ਰਿਅੰਕਾ ਲਘੂ ਫ਼ਿਲਮ 'ਕਥਾਕਾਰ' ਵਿਚ ਮਹਿਲਾ ਪੁਲਿਸ ਅਧਿਕਾਰੀ ਦੀ ਮੁੱਖ ਭੂਮਿਕਾ ਨਿਭਾ ਕੇ ਵੀ ਸਭ ਦਾ ਧਿਆਨ ਖਿੱਚ ਚੁੱਕੀ ਹੈ। ਵੈੱਬ ਸੀਰੀਜ਼ 'ਅਮਰ ਵਿਸ਼ਵਾਸ' ਵਿਚ ਵੀ ਉਨ੍ਹਾਂ ਨੇ ਆਪਣੇ ਕਿਰਦਾਰ ਜ਼ਰੀਏ ਦਰਸ਼ਕਾਂ ਦੇ ਦਿਲੋ-ਦਿਮਾਗ਼ 'ਤੇ ਡੂੰਘਾ ਅਸਰ ਛੱਡਿਆ।

ਲੜੀਵਾਰ 'ਅਨੁਪਮਾ' ਵਿਚ ਪ੍ਰਿਅੰਕਾ ਨੇ ਅਨੁਜ ਕਪਾੜੀਆ ਦੇ ਵੱਡੇ ਭਰਾ ਅੰਕੁਸ਼ ਕਪਾੜੀਆ ਦੀ ਪਤਨੀ ਬਰਖਾ ਕਪਾੜੀਆ ਦੀ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਸ ਕਿਰਦਾਰ ਨੂੰ ਪ੍ਰਿਅੰਕਾ ਨੇ ਬਹੁਤ ਹੀ ਸ਼ਾਲੀਨਤਾ ਅਤੇ ਸਟਾਈਲ ਨਾਲ ਨਿਭਾਇਆ ਹੈ। ਉਸ ਦੇ ਚਿਹਰੇ ਦੇ ਹਾਵ-ਭਾਵ ਅਤੇ ਗੱਲ ਕਰਨ ਦਾ ਤਰੀਕਾ ਇਕ ਆਧੁਨਿਕ, ਚਲਾਕ ਅਤੇ ਦਬੰਗ ਮਹਿਲਾ ਦੇ ਰੂਪ ਵਿਚ ਦਰਸ਼ਕਾਂ ਨੂੰ ਕਾਫ਼ੀ ਪ੍ਰਭਾਵਿਤ ਕਰਦਾ ਹੈ। ਐਕਟਿੰਗ ਵਿਚ ਆਉਣ ਤੋਂ ਪਹਿਲਾਂ ਪ੍ਰਿਅੰਕਾ ਕਈ ਟੀ.ਵੀ. ਇਸ਼ਤਿਹਾਰਾਂ ਵਿਚ ਵੀ ਕੰਮ ਕਰ ਚੁੱਕੀ ਹੈ। ਉਹ ਆਪਣੀ ਫਿਟਨੈੱਸ ਅਤੇ ਫੈਸ਼ਨ ਸੈਂਸ ਲਈ ਵੀ ਜਾਣੀ ਜਾਂਦੀ ਹੈ ਜੋ ਉਸ ਦੇ 'ਅਨੁਪਮਾ' ਦੇ ਬਰਖਾ ਵਾਲੇ ਕਿਰਦਾਰ ਵਿਚ ਸਾਫ਼ ਝਲਕਦਾ ਹੈ। ਪ੍ਰਿਅੰਕਾ ਹੁਣ ਤੱਕ ਦੇ ਕਰੀਅਰ ਦੌਰਾਨ ਵੱਖ-ਵੱਖ ਤਰ੍ਹਾਂ ਦੀਆਂ ਭੂਮਿਕਾਵਾਂ ਨਿਭਾ ਚੁੱਕੀ ਹੈ। ਹਾਲ ਹੀ ਵਿਚ ਪ੍ਰਿਅੰਕਾ ਯੋਜਨਾਵਾਂ, ਰੋਮਾਂਚਕ ਐਕਸ਼ਨ ਅਤੇ ਹੈਰਾਨ ਕਰਨ ਵਾਲੇ ਮੋੜਾਂ 'ਤੇ ਆਧਾਰਿਤ ਫ਼ਿਲਮ 'ਦ ਗ੍ਰੇਟ ਪੰਜਾਬ ਰਾਬਰੀ' ਵਿਚ ਨਜ਼ਰ ਆਈ ਸੀ। ਇਸ ਤੋਂ ਬਾਅਦ ਵੀ ਉਸ ਦੇ ਪੋਰਟਫੋਲੀਓ ਵਿਚ ਇਸ ਸਮੇਂ ਕਈ ਰੋਮਾਂਚਕ ਪ੍ਰਾਜੈਕਟ ਸ਼ਾਮਿਲ ਹਨ।



PAO
www.paochicago.org

# Punjabi American Organization

PAO is a non-profit 501(c)(3)

ਵੱਲੋਂ ਮਾਣ ਨਾਲ ਪੇਸ਼ ਹੈ ਮਿਡਵੈਸਟ ਦਾ 22ਵਾਂ ਰੰਗਾਰੰਗ ਪ੍ਰੋਗਰਾਮ

# Teeyan Da Mela

**Ladies Only**

## August 2nd, 2026

**Sunday**
*12:00PM to 4:00PM*

**Ashiana Banquet Hall**
1620 75th Street,
Downers Grove, IL 60516



Reserved seats are for sponsors and VIPs.

**$35 General Admission**
**$100 VIP**



ਪੰਜਾਬੀ ਸੱਭਿਆਚਾਰਕ ਬੋਲੀਆਂ ਨਾਲ ਪ੍ਰੋਗਰਾਮ ਹੋਰ ਵੀ ਮਨੋਰੰਜਨ ਭਰਪੂਰ ਬਣੇਗਾ

**Harmandeep**
*(Specialist in Bolian)*

*Please Join us and enjoy* Giddha, Dholki, Singing, Dancing, Mehndi, Shopping and Food

## Fashion Show

*Celebrating Culture, Style & Elegance!*

Featuring Designer Amana Couture and her exclusive collection inspired by tradition with a modern touch.

Amana Couture



Gurleen Kaur
MC

### Teeyan Committee

Sukhi K. Singh
*(Chair Person)*
Jasmeet K. Suga
*(President)*
Minni Multani
Naiha Walia
Rajinder K. Mago
Naina Singh
Sheetal Kalra
Rosie Rehal
Shaloo Chhabra
Prabh Khaira
Kamal Hunjan
Gurpreet Singh
Pammi Sangha
Jeewan Dhami
Joti Khaira
Pinki Walia

### Managing Directors

Gulzar Singh Multani
Paul Dandona
Sukhwinder S. Hunjan
Jagmeet (Jesse) Singh
Jasbir Suga
Dr. Harjinder S. Khaira
Savi Singh Attal
Devinder Singh

### Chief Guest



Dr. Darshan Singh Dhaliwal & Debra Dhaliwal

### Guest of honor



JP Khaira

### Gold Sponsors



Raj and Bhupinder Singh Dhaliwal

## Grand Sponsors: Jodi Bhamra & Mac Bhamra

ਸਾਨੂੰ ਆਪਣੇ ਸਪਾਂਸਰਾਂ ਉਤੇ ਮਾਣ ਹੈ, ਜੋ ਹਰ ਸਾਲ 'ਤੀਆਂ ਦੇ ਮੇਲੇ' ਨੂੰ ਸਫਲ ਬਣਾਉਣ ਲਈ ਭਰਵਾਂ ਸਹਿਯੋਗ ਦਿੰਦੇ ਹਨ ਅਤੇ ਪਰਿਵਾਰਾਂ ਸਮੇਤ ਸ਼ਮੂਲੀਅਤ ਕਰ ਕੇ ਮੇਲੇ ਦੀਆਂ ਰੌਣਕਾਂ ਨੂੰ ਚਾਰ ਚੰਨ ਲਾਉਂਦੇ ਹਨ

### For More Info., Please Contact:

Vendor Stalls - Gurpreet Singh 630-677-6144
Tickets - Raj Mago 630-890-1362
Fashion Show - Prabh Khaira 630-267-2107
Performances - Naina Singh 847-828-9412
General Inquires - Sukhi Singh 847-917-3664
Minni Multani 630-935-5239